ਹਫਤਾਵਾਰੀ

# ਦੇਸ਼ ਦੁਆਬਾ

VOL - 3 ISSUE - 25
February 19, 2015

Postal Address
5101 Doe Hollow Pl, Antelope, CA-95843

www.deshdoaba.com
www.ambedkartimes.com


ਸ੍ਰੀ ਗੁਰੂ ਰਵਿਦਾਸ ਗੁਰਪੁਰਬ
ਮਨਾਏ ਜਾਣ ਸਬੰਧੀ ਵੇਰਵਾ
ਬੇ-ਏਰੀਆ ਵਿਖੇ 22 ਫਰਵਰੀ, 2015
ਫਰਿਜ਼ਨੋ ਵਿਖੇ 1 ਮਾਰਚ, 2015
ਸੈਕਰਾਮੈਂਟੋ ਵਿਖੇ 8 ਮਾਰਚ, 2015
ਸੈਲਮਾ ਵਿਖੇ 15 ਮਾਰਚ, 2015
ਮੁਕੰਮਲ ਜਾਣਕਾਰੀ ਲਈ ਉਪਰੋਕਤ
ਸਬੰਧਤ ਸਭਾਵਾਂ ਨਾਲ ਸੰਪਰਕ ਕਰੋ ਜੀ। -ਸੰਪਾਦਕ




ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ


## ਬੇ-ਏਰੀਆ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ

# ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਗੁਰਪੁਰਬ ਸ਼ਰਧਾ ਪੂਰਵਕ ਮਨਾਇਆ

**ਯੂਬਾ ਸਿਟੀ (ਦਿਲਵਿੰਦਰ ਰੱਲੂ)-** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੇਫੋਰਨੀਆ) ਵਿਖੇ 15 ਫਰਵਰੀ ਦਿਨ ਐਤਵਾਰ ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਪ੍ਰਬੰਧਕ ਕਮੇਟੀ ਤੇ ਸਮੂਹ ਗੁਰੂ ਪਿਆਰੀ ਸਾਧ ਸੰਗਤਾਂ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਜੀ ਦਾ 638ਵਾਂ ਗੁਰਪੁਰਬ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਮਨਾਇਆ ਗਿਆ।

ਗੁਰਪੁਰਬ ਸਬੰਧੀ ਸ੍ਰੀ ਅਖੰਡ ਪਾਠ 13 ਫਰਵਰੀ ਦਿਨ ਸ਼ੁੱਕਰਵਾਰ ਨੂੰ ਸਵੇਰੇ 11 ਵਜੇ ਆਰੰਭ ਕੀਤੇ ਗਏ ਅਤੇ ਦੂਸਰੇ ਦਿਨ ਸ਼ਨਿਚਰਵਾਰ ਨੂੰ ਸਵੇਰੇ 11 ਵਜੇ ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ ਕੀਤੀ ਗਈ। ਸ਼ੁੱਕਰਵਾਰ ਅਤੇ ਸ਼ਨਿਚਰਵਾਰ ਸ਼ਾਮ ਨੂੰ ਕੀਰਤਨ ਦੀਵਾਨ ਸਜਾਏ ਗਏ, ਜਿਸ ਵਿਚ ਸੰਗਤਾਂ ਨੇ ਭਾਰੀ ਗਿਣਤੀ ਵਿਚ ਹਾਜ਼ਰੀ ਲਗਵਾਈ।

15 ਫਰਵਰੀ ਦਿਨ ਐਤਵਾਰ ਵਾਲੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦਰਬਾਰ ਸਜਾਏ ਗਏ। ਜਿਸ ਵਿਚ ਗੁਰੂ ਘਰ ਵਿਖੇ ਭਾਈ ਪ੍ਰਿਤਪਾਲ ਸਿੰਘ ਜੀ (ਹੈਡ ਗ੍ਰੰਥੀ) ਦੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕੀਤਾ। ਇਸ ਉਪਰੰਤ ਕ੍ਰਮਵਾਰ ਢਾਡੀ ਗੁਰਨਾਮ ਸਿੰਘ ਭੰਡਾਲ ਅਤੇ ਨਾਭੇ ਵਾਲੀਆਂ ਬੀਬੀਆਂ ਦੇ ਜਥੇ ਨੇ ਢਾਡੀ ਵਾਰਾਂ ਅਤੇ ਗੁਰੂ ਜੀ ਦੇ ਜੀਵਨ ਸਬੰਧਤ ਸੰਗਤਾਂ ਨੂੰ ਵਰਣਨ ਕਰਕੇ ਨਿਹਾਲ ਕੀਤਾ। ਇਹਨਾਂ ਤੋਂ ਇਲਾਵਾ ਜਿਹਨਾਂ ਰਾਗੀ ਜਥਿਆਂ ਨੇ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ, ਉਹਨਾਂ ਵਿਚ ਵਰਣਨਯੋਗ ਨਾਮ ਇਸ ਤਰ੍ਹਾਂ ਹਨ: ਭਾਈ ਮਨਜੀਤ ਸਿੰਘ ਅਤੇ ਭਾਈ ਮਨੋਹਰ ਸਿੰਘ ਜੀ ਦੇ ਜਥਿਆਂ ਨੇ ਸ਼ਬਦ ਗਾਇਨ ਕੀਤਾ। ਇਹਨਾਂ ਜਥਿਆਂ ਤੋਂ ਇਲਾਵਾ ਜਿਹਨਾਂ ਬੁਲਾਰਿਆਂ ਨੇ ਸਤਿਗੁਰੂ ਰਵਿਦਾਸ ਜੀ ਦੇ ਗੁਰਪੁਰਬ ਦਿਹਾੜੇ ਤੇ ਵਧਾਈਆਂ ਦਿੱਤੀਆਂ ਅਤੇ ਦੋ ਸ਼ਬਦ ਸੰਗਤਾਂ ਨਾਲ ਸਾਂਝੇ ਕੀਤੇ, ਉਹਨਾਂ ਵਿਚ ਉਘੇ ਸਮਾਜ ਸੇਵੀ ਸਰਵਸ੍ਰੀ ਸੁਖਰਾਜ ਸਿੰਘ ਚੋਪੜਾ ਜੀ, ਜਸਵਿੰਦਰ ਬੰਗਾ (ਚੇਅਰਮੈਨ: ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ), ਕਰਮ ਸਿੰਘ ਬੰਗੜ (ਪ੍ਰਧਾਨ ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ), ਵਿਨੋਦ ਚੁੰਬਰ (ਵਾਈਸ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ), ਫਕੀਰ ਮਹਿਮੀ (ਚੇਅਰਮੈਨ: ਸ੍ਰੀ ਗੁਰੂ ਰਵਿਦਾਸ ਸਭਾ ਪਿਟਸਬਰਗ), ਸੇਵਕ ਦਾਸ ਰੱਲੂ, ਗੁਰਨਾਮ ਸਿੰਘ ਭੰਡਾਲ, ਪ੍ਰੇਮ ਕੁਮਾਰ ਚੁੰਬਰ ਆਦਿ ਦੇ ਨਾਂ ਵਰਣਨਯੋਗ ਹਨ। ਅੱਜ ਦੇ ਪ੍ਰੋਗਰਾਮ ਦੀ ਸਟੇਜ ਸਕੱਤਰ ਵਜੋਂ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਬਾਖ਼ੂਬੀ ਨਿਭਾਈ। ਇਸ ਸ਼ੁਭ ਦਿਹਾੜੇ ਤੇ ਭਾਰੀ ਗਿਣਤੀ 'ਚ ਦੂਰੋਂ ਨੇੜਿਓਂ ਸੰਗਤਾਂ ਨੇ ਹਾਜ਼ਰੀ ਲਗਾ ਕੇ ਗੁਰੂ ਮਹਾਰਾਜ ਜੀ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਉਪਰੋਕਤ ਸ੍ਰੀ ਗੁਰੂ ਰਵਿਦਾਸ ਸਭਾਵਾਂ ਦੇ ਮੈਂਬਰਾਂ ਤੋਂ ਇਲਾਵਾ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ.

(ਬਾਕੀ ਸਫਾ 16 ਤੇ)



ਉਘੇ ਸਮਾਜ ਸੇਵਕ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦਾ ਸਨਮਾਨ ਕਰਦੇ ਹੋਏ



**ਪ੍ਰੋਫੈਸਰ ਮਾਲਵਿੰਦਰ ਜੀਤ ਸਿੰਘ ਵੜੈਚ** ਦੁਆਰਾ ਲਿਖਤ ਕਿਤਾਬ 'ਜੀਵਨ ਸੰਗਰਾਮ" ਦੀ ਲੜੀਵਾਰ ਦੂਜੀ ਕੜੀ ਪੜ੍ਹੋ ਸਫਾ 16 ਤੇ

## "ਵਿਰਾਸਤ ਤੇ ਵਾਤਾਵਰਨ" ਦਾ ਬੱਚਿਆਂ ਦੇ ਸਰਬ-ਪੱਖੀ ਵਿਕਾਸ ਤੇ ਪ੍ਰਭਾਵ



ਪ੍ਰੋ: ਐਚ ਐਲ ਕਪੂਰ ਦਾ ਪ੍ਰੇਰਨਾ ਦਾ ਇਕ ਲੇਖ ਦੇਖੋ ਸਫਾ 13 ਤੇ



ਪਰਤ-ਦਰ-ਪਰਤ ਖੁੱਲ੍ਹਦਾ ਨਾਵਲ- 'ਨਿਪੱਤਾ ਰੁੱਖ' ਦੀ ਪ੍ਰਿੰਸੀਪਲ ਮਲੂਕ ਚੰਦ 'ਕਲੇਰ ਦੁਆਰਾ ਕੀਤੀ ਸਮੀਖਿਆ ਦੇਖੋ ਸਫਾ 17 ਤੇ

# ਧਾਰਮਿਕ ਆਜ਼ਾਦੀ ਬਾਰੇ ਮੋਦੀ ਦੇ ਬਿਆਨ ਦਾ ਅਮਰੀਕੀ ਹਿੰਦੂਆਂ ਨੇ ਕੀਤਾ ਸਵਾਗਤ

**ਵਾਸ਼ਿੰਗਟਨ-** ਅਮਰੀਕਾ ਵਸਦੇ ਹਿੰਦੂਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਧਾਰਮਿਕ ਆਜ਼ਾਦੀ ਬਾਰੇ ਦਿੱਤੇ ਗਏ ਬਿਆਨ ਦਾ ਸਵਾਗਤ ਕੀਤਾ ਹੈ। ਹਿੰਦੂ ਅਮਰੀਕੀ ਫਾਊਂਡੇਸ਼ਨ ਦੇ ਕਾਰਜਕਾਰੀ ਨਿਰਦੇਸ਼ਕ ਸੁਹਾਗ ਸ਼ੁਕਲਾ ਨੇ ਕਿਹਾ ਕਿ ਜਦੋਂ ਤੱਕ ਕਿਸੇ ਵਿਅਕਤੀ ਦੇ ਕੋਈ ਵੀ ਧਰਮ ਮੰਨਣ ਦੇ ਅਧਿਕਾਰ ਨੂੰ ਕੌਮਾਂਤਰੀ ਕਾਨੂੰਨੀ ਦਾਇਰੇ 'ਚ ਨਹੀਂ ਲਿਆਦਾ ਜਾਏਗਾ ਅਤੇ ਇਸ ਨੂੰ ਅੰਤਰ ਧਰਮ ਸੰਪਰਕ ਵਜੋਂ ਲਾਜ਼ਮੀ ਨਹੀਂ ਸਮਝਿਆ ਜਾਏਗਾ, ਉਦੋਂ ਤੱਕ ਸਾਰੇ ਸੱਭਿਆਚਾਰਾਂ ਅਤੇ ਸੱਭਿਆਤਾਵਾਂ ਦੇ ਵਿਨਾਸ਼ ਦੇ ਗਵਾਹ ਬਣਦੇ ਰਹਾਂਗੇ। ਜਥੇਬੰਦੀ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਧਰਮ ਮੰਨਣ ਦੇ ਅਧਿਕਾਰ ਬਾਰੇ ਸ੍ਰੀ ਮੋਦੀ ਦੇ ਸਪੱਸ਼ਟ ਬਿਆਨ ਤੋਂ ਉਹ ਉਤਸ਼ਾਹਿਤ ਹਨ। ਫਾਊਂਡੇਸ਼ਨ ਦੇ ਆਗੂਆਂ ਨੇ ਕਿਹਾ ਕਿ ਭਾਰਤ 'ਚ ਹਿੰਦੂ ਜਥੇਬੰਦੀਆਂ ਵੱਲੋਂ ਧਰਮ ਬਦਲੀ ਦੀ ਚਲਾਈ

(ਬਾਕੀ ਸਫਾ 17 ਤੇ)

# ਆਮ ਆਦਮੀ ਪਾਰਟੀ ਦਾ ਪੰਜਾਬ ਫਤਹਿ ਮਿਸ਼ਨ ਆਰੰਭ

**ਚੰਡੀਗੜ੍ਹ-** ਆਮ ਆਦਮੀ ਪਾਰਟੀ (ਆਪ) ਨੇ 2017 'ਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਵਿੱਚ ਦਿੱਲੀ ਵਾਂਗ ਸਿਆਸੀ ਸੁਨਾਮੀ ਲਿਆਉਣ ਦਾ ਐਲਾਨ ਕਰਦਿਆਂ ਦਾਅਵਾ ਕੀਤਾ ਹੈ ਕਿ ਕਾਂਗਰਸ ਦੇ ਕਈ ਸਥਾਨਕ ਵੱਡੇ ਆਗੂ ਉਨ੍ਹਾਂ ਦੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਤਰਲੋਮੱਛੀ ਹੋ ਰਹੇ ਹਨ। ਕਈ ਸਿਆਸੀ ਧਿਰਾਂ ਵੀ 'ਆਪ' 'ਚ ਮਰਜ ਹੋਣ ਦੀਆਂ ਚਾਹਵਾਨ ਹਨ। 'ਆਪ' ਨੇ 25 ਫਰਵਰੀ ਤੋਂ ਬਾਅਦ ਰਾਜ ਵਿੱਚ ਲੋਕ ਚੇਤਨਾ ਪ੍ਰੋਗਰਾਮ ਸ਼ੁਰੂ ਕਰਨ ਦਾ ਐਲਾਨ ਕਰ ਦਿੱਤਾ ਹੈ। ਇਸ ਤਹਿਤ 'ਹਾਲ ਪੰਜਾਬ ਦਾ' ਅਤੇ 'ਦਰਦ ਪੰਜਾਬ ਦਾ' ਦੇ ਵਿਸ਼ਿਆਂ ਹੇਠ ਚੇਤਨਾ ਯਾਤਰਾ, ਰੈਲੀਆਂ ਅਤੇ ਸੈਮੀਨਾਰਾਂ ਦੀ ਲੜੀ ਚਲਾਈ ਜਾਵੇਗੀ। ਆਮ ਆਦਮੀ ਪਾਰਟੀ ਦੀ ਪੰਜਾਬ ਇਕਾਈ ਦੇ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੇ ਅੱਜ ਆਪਣੀ ਟੀਮ ਸਮੇਤ ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਅਗਲੀਆਂ ਚੋਣਾਂ ਦੌਰਾਨ ਅਕਾਲੀ ਦਲ-ਭਾਜਪਾ ਸਰਕਾਰ ਦਾ ਭੋਗ ਪੈ ਜਾਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਦਿੱਲੀ ਵਿਖੇ ਬਾਦਲਾਂ ਵੱਲੋਂ ਪ੍ਰਚਾਰ ਕਰਨ ਨਾਲ ਹੀ ਉਥੇ ਭਾਜਪਾ ਨੂੰ ਕਰਾਰੀ ਹਾਰ ਮਿਲੀ ਹੈ ਕਿਉਂਕਿ ਉਥੇ 18 ਅਜਿਹੇ ਹਲਕੇ ਸਨ ਜਿਥੇ ਜਿੱਤ-ਹਾਰ ਦਾ ਦਾਰੋਮਦਾਰ ਪੰਜਾਬੀਆਂ ਦੇ ਹੱਥ ਸੀ। ਉਨ੍ਹਾਂ ਕਿਹਾ ਕਿ ਸ੍ਰੀ ਬਾਦਲ ਜਿਸ ਹਲਕੇ ਵਿੱਚ ਚੋਣ ਪ੍ਰਚਾਰ ਕਰਨ ਜਾਂਦੇ ਸਨ, ਉਥੇ ਚਰਚਾ ਛਿੜ ਜਾਂਦੀ ਸੀ ਕਿ ਅਕਾਲੀ ਸਰਕਾਰ ਪਹਿਲਾਂ ਹੀ ਪੰਜਾਬ ਦਾ ਮੰਦਾ ਹਾਲ ਕਰ ਚੁੱਕੀ ਹੈ ਅਤੇ ਹੁਣ ਇਨ੍ਹਾਂ ਦੇ ਦਿੱਲੀ ਵਿੱਚ ਪੈਰ ਨਹੀਂ ਲੱਗਣ ਦਿੱਤੇ ਜਾਣਗੇ।

ਸ੍ਰੀ ਛੋਟੇਪੁਰ ਨੇ ਕਿਹਾ ਕਿ ਰਾਜ ਵਿੱਚ

(ਬਾਕੀ ਸਫਾ 17 ਤੇ ਦੇਖੋ)

# 8 ਮਾਰਚ ਨੂੰ ਕੱਢੇ ਜਾਣ ਵਾਲੇ ਨਗਰ ਕੀਰਤਨ ਦੀਆਂ ਤਿਆਰੀਆਂ ਜ਼ੋਰਾਂ ਤੇ

**ਰਿਓਲਿੰਡਾ-** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡੇ ਦੁਆਰਾ 15 ਫਰਵਰੀ ਦਿਨ ਐਤਵਾਰ ਨੂੰ ਜਨਰਲ ਬਾਡੀ ਦੀ ਮੀਟਿੰਗ ਹੋਈ, ਜਿਸ ਵਿਚ 8 ਮਾਰਚ ਨੂੰ ਕੱਢੇ ਜਾਣ ਵਾਲੇ ਨਗਰ ਕੀਰਤਨ ਲਈ ਪ੍ਰਬੰਧਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਸੰਗਤਾਂ ਨੇ ਉਸ ਦਿਨ ਲਈ ਆਪਣੀਆਂ ਡਿਊਟੀਆਂ ਲਈਆਂ।

ਨਗਰ ਕੀਰਤਨ ਵਾਲੇ ਦਿਨ ਲਈ ਲੰਗਰ ਦੀ ਸੇਵਾ ਲਈ ਸੰਪਰਕ ਕਰੋ: ਜਸਵਿੰਦਰ ਬੰਗਾ (916-796-5003 ਜਾਂ ਜੋਗਿੰਦਰ ਚੁੰਬਰ (916-582-1611, ਸਟਾਲਾਂ ਵਾਸਤੇ ਸੰਪਰਕ ਕਰੋ- ਰਮੇਸ਼ ਬੰਗੜ (916-715-3441, ਅਵਤਾਰ ਸਿੱਧੂ (916-717-4223, ਹਰਬੰਸ ਰੱਲ੍ਹ, ਫਲੋਟਾਂ ਲਈ ਸਤਨਾਮ ਮੰਢਾਲੀ 916-803-0108 ਜਾਂ ਬਲਵਿੰਦਰ ਰੱਲ੍ਹ 916-425-2707 ਤੇ ਸੰਪਰਕ ਕਰੋ।


Prime Real Estate Services
Kulwinder Singh Realtor

Liquor store for sale in Manteca Area.
For more info Call: 510- 676-8041
* Private Lender * Hard Money Loan
* Short Sale Specialist * Buy or Sell Real Estate
DRE # 01763465
Email: Kelvindjhamat@yahoo.com
679 N. Palora Ave. #C Yuba City, CA 95991


MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY

Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)

Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for
Professional & reliable
services at reasonable rates.
959 Corporate Way, Fremont, CA. 94539



ਸ੍ਰੀ ਗੁਰੂ ਰਵਿਦਾਸ ਜੀ

**ੴ ਸਤਿਗੁਰੂ ਪ੍ਰਸਾਦਿ॥**
**ਐਸੀ ਲਾਲ ਤੁਝ ਬਿਨ ਕਉਨ ਕਰੈ॥**
**ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥**
**-ਗੁਰੂ ਰਵਿਦਾਸ ਜੀ**

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਗੁਰੂ ਪਿਆਰੀ ਸਮੂਹ ਸਾਧ ਸੰਗਤ ਜੀ ਨੂੰ 22 ਫਰਵਰੀ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ।

ਉਘੇ ਸਮਾਜ ਸੇਵਕ ਸ੍ਰੀਮਾਨ ਸੁਖਰਾਜ ਚੋਪੜਾ ਜੀ ਨੂੰ ਪੰਜ ਸ੍ਰੀ ਗੁਰੂ ਰਵਿਦਾਸ ਗੁਰੂ ਘਰਾਂ ਦਾ ਉਦਘਾਟਨੀ ਰਿਬਨ ਕੱਟਣ ਦਾ ਮਾਣ ਹਾਸਲ ਹੈ। ਉਹਨਾਂ ਨੇ 2 ਜੂਨ 1985 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਸਤੰਬਰ 1997 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ), 10 ਅਪ੍ਰੈਲ 1998 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਨਿਊਯਾਰਕ, ਨਵੰਬਰ 2004 ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਫਰਿਜ਼ਨੋ, 13 ਫਰਵਰੀ 2005 ਨੂੰ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦਾ ਰਿਬਨ ਕੱਟ ਕੇ ਗੁਰੂ ਮਹਾਰਾਜ ਦਾ ਆਸੀਰਵਾਦ ਪ੍ਰਾਪਤ ਕੀਤਾ।

# ਸਮੂਹ ਚੋਪੜਾ ਪਰਿਵਾਰ




# SHRI SUKHRAJ SINGH CHOPRA & MRS. ROSHNI CHOPRA

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੀਫੋਰਨੀਆ)



ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਿਨ ਐਤਵਾਰ, 22 ਫਰਵਰੀ, 2015 ਨੂੰ 31252 Veasy Street Union City California, 94587 ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

*ਕਮੇਟੀ ਵੱਲੋਂ ਗੁਰੂ ਘਰ ਦੀ ਉਸਾਰੀ ਲਈ ਸੰਗਤ ਨੂੰ ਵੱਧ ਤੋਂ ਵੱਧ ਫੰਡ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ।*

## ਹੋਰ ਜਾਣਕਾਰੀ ਲਈ ਸੰਪਰਕ ਕਰੋ

ਹਰਮੇਸ਼ ਲਾਲ ਮਦਾਰਾ
ਚੇਅਰਮੈਨ
510-386-1702

ਵਿਨੋਦ ਕੁਮਾਰ ਚੁੰਬਰ
ਵਾਈਸ ਚੇਅਰਮੈਨ
510-219-5672

ਮਹਿੰਦਰ ਸਿੰਘ ਮਾਹੀ
ਪ੍ਰਧਾਨ
408-643-9052

ਜਨਰਲ ਸਕੱਤਰ
ਸੰਤੋਖ ਸਿੰਘ ਸਰੋਇਆ
408-509-9697

ਖਜਾਨਚੀ
ਸ਼ਿਵ ਸਿੱਧੂ
510-386-2715

ਰਾਜਿੰਦਰ ਝੱਮਟ
510-600-2136

ਅਜਾਇਬ ਸਿੰਘ
510-676-8970

ਕੇਵਲ ਸਿੰਘ
510-299-6418

ਸੋਹਨ ਲਾਲ
510-552-6107

**Shri Guru Ravidass Sabha (Bay Area) California (USA)**
**31252 Veasy Street Union City California, 94587**

## ਨਾ ਤਸਵੀਸ ਖਿਰਾਜ ਨਾ ਮਾਲੁ ॥ ਖਉਫ਼ ਨਾ ਖਤਾ ਨਾ ਤਰਸੁ ਜਵਾਲੁ ॥

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਵੱਲੋਂ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਦਿਨ ਐਤਵਾਰ, 22 ਫਰਵਰੀ, 2015 ਨੂੰ 31252 Veasy Street Union City California, 94587 ਵਿਖੇ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।



**Chumber Brothers**



**ਵਿਨੋਦ ਕੁਮਾਰ ਚੁੰਬਰ**
**ਵਾਈਸ ਚੇਅਰਮੈਨ**
**510-219-5672**
**Shri Guru Ravidass Sabha (Bay Area) California (USA)**

# ਸੈਨਹੋਜੇ ਦੇ ਡਿਸਟ੍ਰਿਕਟ 4 ਤੋਂ ਸਿਟੀ ਕੌਂਸਲ ਦੀ ਚੋਣ ਲੜ ਰਹੇ ਬੌਬ ਢਿੱਲੋਂ ਨੂੰ ਜਿਤਾਉਣ ਲਈ ਭਰਵਾਂ ਇਕੱਠ



**ਵਿਚਕਾਰ ਬੌਬ ਢਿੱਲੋਂ ਦੇ ਖੱਬੇ ਪਾਸੇ ਬੈਠੇ ਰਾਜ ਸਿੰਘ ਰਿਟਾਇਰਡ ਪ੍ਰਿੰਸੀਪਲ, ਸੱਜੇ ਬੈਠੇ ਕਸ਼ਮੀਰ ਸਿੰਘ ਧੁੱਗਾ (ਮਾਲਕ ਕੈਸ਼ ਫੈਰਬਿਕਸ) ਤੇ ਪਿੱਛੇ ਖੜ੍ਹੇ ਹਨ ਅਵਤਾਰ ਸਿੰਘ ਤਾਰੀ।**

**ਹੇਵਰਡ (ਕੈਲੇਫੋਰਨੀਆ)–** ਬੀਤੀ 7 ਫਰਵਰੀ 2015 ਨੂੰ ਮਾਉਂਟੇਨ ਮਾਈਕ ਪਿਜ਼ਾ ਹੇਵਰਡ ਵਿਖੇ ਸੈਨਹੋਜ਼ੇ ਦੇ ਡਿਸਟ੍ਰਿਕਟ 4 ਦੀ ਸਿਟੀ ਕੌਂਸਲ ਦੀ ਚੋਣ ਲੜ ਰਹੇ ਬੌਬ ਢਿੱਲੋਂ ਦੇ ਹੱਕ ਵਿਚ ਇਕ ਭਰਵਾਂ ਇਕੱਠ ਕੀਤਾ ਗਿਆ। ਸਟੇਜ ਸੈਕਟਰੀ ਦੀ ਭੂਮਿਕਾ ਅਵਤਾਰ ਸਿੰਘ ਤਾਰੀ ਨੇ ਨਿਭਾਈ। ਬੌਬ ਢਿੱਲੋਂ ਨੇ ਆਪਣੇ 38 ਸਾਲ ਕੀਤੇ ਉਦਮੀ ਉਪਰਾਲਿਆਂ ਅਤੇ ਸ਼ਲਾਘਾਯੋਗ ਕੰਮਾਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ। ਉਮੀਦਵਾਰ ਦੇ ਵਿਲੱਖਣ ਸ਼ਖਸੀਅਤ ਤੇ ਲੋਕ ਭਲਾਈ ਕੰਮਾਂ ਤੋਂ ਪ੍ਰਭਾਵਿਤ ਹੋ ਕੇ ਰਾਜ ਸਿੰਘ ਰਿਟਾਇਰਡ ਪ੍ਰਿੰਸੀਪਲ, ਲਖਬੀਰ ਸਿੰਘ ਰੇਡੀਓ ਚੜ੍ਹਦੀ ਕਲਾ, ਅਵਤਾਰ ਸਿੰਘ ਤਾਰੀ, ਇਕਬਾਲ ਸਿੰਘ ਹੁੰਦਲ, ਐਡਵੋਕੇਟ, ਭੁਪਿੰਦਰ ਸਿੰਘ ਰੰਧਾਵਾ, ਕੁਲਦੀਪ ਸਿੰਘ ਬਾਜਵਾ ਤੇ ਭੁਪਿੰਦਰ ਸਿੰਘ ਪ੍ਰਮਾਰ ਹੋਰਾਂ ਨੇ ਢਿੱਲੋਂ ਨੂੰ ਜਿਤਾਉਣ ਲਈ ਤਨ, ਮਨ ਤੇ ਧੰਨ ਨਾਲ ਮਦਦ ਕਰਨ ਦਾ ਭਰੋਸਾ ਦਿੱਤਾ। ਮੁੱਖ ਚੋਣ ਪ੍ਰਬੰਧਕ ਜਸਵਿੰਦਰ ਸੋਹਲ ਨੇ ਚੋਣ ਪ੍ਰਚਾਰ ਕਰਨ ਦੀ ਪੂਰੀ ਯੋਜਨਾਬੰਦੀ ਬਾਰੇ ਦੱਸਿਆ। ਪਰਦੇਸ ਟਾਇਮਜ਼ ਦੇ ਮੁੱਖ ਸੰਪਾਦਕ ਬਲਬੀਰ ਸਿੰਘ ਐਮ. ਏ. ਨੇ 7 ਅਪ੍ਰੈਲ ਤੱਕ ਅਖ਼ਬਾਰ ਦੇ ਪਹਿਲੇ ਪੇਜ ਤੇ ਮੁਫਤ ਇਸ਼ਤਿਹਾਰ ਦੇਣ ਦਾ ਵਾਅਦਾ ਕੀਤਾ। ਪੀਜ਼ਾ ਦੇ ਮਾਲਕ ਅਵਤਾਰ ਸਿੰਘ ਤਾਰੀ ਵੱਲੋਂ ਆਏ ਸੱਜਣਾਂ ਨੂੰ ਵੀਜ਼ਾ ਵਰਤਾਇਆ ਗਿਆ।

ਅੰਤ ਵਿਚ ਰਾਜ ਸਿੰਘ ਰਿਟਾਇਰਡ ਪ੍ਰਿੰਸੀਪਲ ਨੇ ਬੌਬ ਢਿੱਲੋਂ ਤੇ ਬਾਕੀ ਸਾਰੇ ਆਏ ਹੋਏ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕਰਨ ਦੇ ਨਾਲ ਨਾਲ ਬੌਬ ਢਿੱਲੋਂ ਨੂੰ ਜਿਤਾਉਣ ਲਈ ਆਪਣੇ ਆਪਣੇ ਦੋਸਤਾਂ, ਮਿੱਤਰਾਂ, ਨਜ਼ਦੀਕੀਆਂ ਤੇ ਰਿਸ਼ਤੇਦਾਰਾਂ ਨੂੰ ਫੋਨ ਕਰਕੇ ਜਾਂ ਖੁਦ ਮਿਲ ਕੇ ਵੱਧ ਤੋਂ ਵੱਧ ਵੋਟਾਂ ਨਾਲ ਜਿਤਾਉਣ ਦੀ ਤਹਿ ਦਿਲੋਂ ਬੇਨਤੀ ਕੀਤੀ ਗਈ।

## ਰਿਚਰਡਸਨ (ਟੈਕਸਾਸ) ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ 22 ਫਰਵਰੀ ਨੂੰ

**ਟੈਕਸਾਸ–** ਡੀ ਐਫ ਡਬਲਿਊ ਸ੍ਰੀ ਗੁਰੂ ਰਵਿਦਾਸ ਆਰਗੇਨਾਈਜੇਸ਼ਨ ਰਿਚਰਡਸਨ, ਟੈਕਸਾਸ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਆਗਾਮੀ 22 ਫਰਵਰੀ ਐਤਵਾਰ ਨੂੰ 604 ਟ੍ਰੇਲ ਲੇਕ ਡ੍ਰਾਈਵ, ਰਿਚਰਡਸਨ, ਟੈਕਸਾਸ ਵਿਖੇ ਮਨਾਇਆ ਜਾ ਰਿਹਾ ਹੈ। ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਖੁਸ਼ੀਆਂ ਵਿਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਸੰਸਥਾ ਦੇ ਅਹੁਦੇਦਾਰਾਂ ਨੇ ਸਾਧ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਇਸ ਦਿਨ ਗੁਰੂ ਘਰ ਪਹੁੰਚ ਕੇ ਗੁਰੂ ਦੀ ਬਾਣੀ ਸਰਬਣ ਕਰਨ ਅਤੇ ਸੰਗਤ ਦਾ ਆਨੰਦ ਮਾਨਣ। ਹੋਰ ਜਾਣਕਾਰੀ ਲਈ ਸੰਸਥਾ ਦੇ ਪ੍ਰਧਾਨ ਜਸਵੰਤ ਮੱਲਣ ਨਾਲ 707-344-2424 ਜਾਂ ਉਪ ਪ੍ਰਧਾਨ ਅਮਰੀਕ ਜੱਸਲ ਨਾਲ 210-789-1963 ਤੇ ਸੰਪਰਕ ਕੀਤਾ ਜਾ ਸਕਦਾ ਹੈ।


ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ

ਕੈਲੇਫੋਰਨੀਆ ਵਿਚ ਰਹਿੰਦੇ ਕਲਾਕਾਰਾਂ ਲਈ ਖੁਸ਼ਖਬਰੀ

ARMAAN MUSIC PRODUCTION STUDIO

ਹੁਣ ਇੰਡੀਆ ਜਾ ਕੇ ਆਪਣੀ ਸੀ ਡੀ ਦੀ ਰਿਕਾਰਡਿੰਗ ਕਰਵਾਉਣ ਦੀ ਬਜਾਏ AMP, Studio ਵਿਚ ਹੀ ਸਾਰਾ ਕੰਮ ਕਰ ਸਕਦੇ ਹੋ



ਖੁੱਲ੍ਹ ਗਿਆ ਹੈ ਸਟਾਕਟਨ ਵਿਚ

ਸਾਡੇ ਕੋਲ ਪੂਰੇ ਹੈ ਹਾਈਟੈਕ Equipment

ਅਸੀਂ PROTOOL, LOGIC ਤੇ ਰਿਕਾਰਡਿੰਗ ਕਰਦੇ ਹਾਂ।

ਹੋਰ ਜਾਣਕਾਰੀ ਲਈ ਸੰਪਰਕ ਕਰੋ

209-242-3642

Email:-

NEWZINDGI@GMAIL.COM


# ਨਗਰ ਕੀਰਤਨ ਸਬੰਧੀ ਰੱਖੇ ਅਖੰਡ ਪਾਠਾਂ ਦੇ ਭੋਗ 15 ਫਰਵਰੀ ਨੂੰ ਪਾਏ ਗਏ

**ਰਿਓਲਿੰਡਾ, ਸੈਕਰਾਮੈਂਟੋ–** ਗੁਰੂ ਰਵਿਦਾਸ ਟੈਂਪਲ ਰਿਓਲਿੰਡਾ ਸੈਕਰਾਮੈਂਟੋ ਵਿਖੇ 8 ਮਾਰਚ ਨੂੰ ਕੱਢੇ ਜਾ ਰਹੇ ਨਗਰ ਕੀਰਤਨ ਦੇ ਸਬੰਧ ਵਿਚ ਰੱਖੇ ਗਏ ਅਖੰਡ ਪਾਠਾਂ ਦੀ ਲੜੀ





ਵਿਚੋਂ 14 ਫਰਵਰੀ ਨੂੰ ਰੱਖੇ ਗਏ ਅਖੰਡ ਪਾਠ ਸਾਹਿਬ ਜੀ ਦੇ ਭੋਗ 15 ਫਰਵਰੀ ਦਿਨ ਐਤਵਾਰ ਨੂੰ ਪਾਏ ਗਏ। ਇਸ ਅਖੰਡ ਪਾਠ ਸਾਹਿਬ ਦੀ ਸੇਵਾ ਦਰਸ਼ਨ ਵਿਰਕ ਅਤੇ ਕਰਨੈਲ ਵਿਰਕ ਭਰਾਵਾਂ ਵੱਲੋਂ ਕੀਤੀ ਗਈ। ਇਸ ਸੇਵਾ ਬਦਲੇ ਦੋਵਾਂ ਭਰਾਵਾਂ ਨੂੰ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਵਿਰਕ ਪਰਿਵਾਰ ਸ਼ੁਰੂ ਤੋਂ ਹੀ ਗੁਰੂ ਘਰ ਨਾਲ ਜੁੜਿਆ ਹੋਇਆ ਹੈ ਅਤੇ ਅੱਜ ਤੱਕ ਗੁਰੂ ਘਰ ਵਿਖੇ ਨਿਸ਼ਕਾਮ ਸੇਵਾ ਕਰ ਰਿਹਾ ਹੈ। ਭੋਗ ਵਾਲੇ ਦਿਨ ਅਰਦਾਸ ਉਪਰੰਤ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਜਸਪਾਲ ਸਿੰਘ, ਭਾਈ ਨਿਰਮਲ ਸਿੰਘ, ਭਾਈ ਦਲਜੀਤ ਸਿੰਘ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਜੀਵਨ ਰੱਤੂ ਨੇ ਸਟੇਜ ਦੀ ਸੇਵਾ ਕੀਤੀ।

ਅੰਤ ਵਿਚ ਗੁਰੂ ਕਾ ਲੰਗਰ ਅਤੁੱਟ ਵਰਤਿਆ। 19 ਫਰਵਰੀ ਦਿਨ ਵੀਰਵਾਰ ਨੂੰ ਜੋ ਅਖੰਡ ਪਾਠ ਸਾਹਿਬ ਰੱਖੇ ਜਾਣਗੇ ਅਤੇ ਜਿਸਦੇ ਭੋਗ 21 ਫਰਵਰੀ ਨੂੰ ਪਾਏ ਜਾਣਗੇ,ਇਹ ਸੇਵਾ ਸ: ਲਛਕਰ ਸਿੰਘ ਬੱਧਣ ਪਰਿਵਾਰ ਵੱਲੋਂ ਹੋਵੇਗੀ। ਪਰਿਵਾਰ ਵੱਲੋਂ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਪਹੁੰਚਣ ਦੀ ਕਿਰਪਾਲਤਾ ਕਰਨੀ ਜੀ।

## ਬਸੰਤ ਕੀਰਤਨ ਦਰਬਾਰ 1 ਮਾਰਚ ਨੂੰ

**ਸੈਕਰਾਮੈਂਟੋ, ਕੈਲੀਫੋਰਨੀਆ–** ਸ੍ਰੀ ਗੁਰੂ ਨਾਨਕ ਸਾਧ ਸੰਗਤ ਕੈਲੀਫੋਰਨੀਆ ਦੇ ਉਦਮਾਂ ਸਦਕਾ ਬਸੰਤ ਕੀਰਤਨ ਦਰਬਾਰ ਜੋ ਵਿਸਮਾਦ ਅਕੈਡਮੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਮਿਸ਼ਨ ਸਹਾਰਾ ਦੇ ਸਹਿਯੋਗ ਨਾਲ 1 ਮਾਰਚ 2015 ਨੂੰ ਆਯੋਜਿਤ ਕੀਤਾ ਜਾ ਰਿਹਾ ਹੈ। ਧਾਰਮਿਕ ਪ੍ਰੋਗਰਾਮ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਸਤ ਸੰਗਤ ਆਫ (ਕੈਲੀਫੋਰਨੀਆ) 8132 ਐਲਸੀ ਐਵੇਨਿਊ ਸੈਕਰਾਮੈਂਟੋ ਵਿਖੇ ਆਯੋਜਿਤ ਕੀਤਾ ਜਾ ਰਿਹਾ ਹੈ। ਇਸ ਮੌਕੇ ਭਾਈ ਤੇਜਵਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਹਰਲੋਵ ਸਿੰਘ ਵਿਸਮਾਦ ਅਕੈਡਮੀ ਸੈਕਰਾਮੈਂਟੋ, ਭਾਈ ਹਰਬਲਜੀਤ ਸਿੰਘ ਪਿਪਲੀ ਵਾਲੇ, ਭਾਈ ਆਤਮਜੋਤ ਸਿੰਘ ਯੂਬਾ ਸਿਟੀ, ਭਾਈ ਮਨਜੀਵ ਸਿੰਘ ਫਰੀਮਾਂਟ, ਭਾਈ ਬਿਕਰਮ ਸਿੰਘ ਸੈਨਹੋਜ਼ੇ, ਬੀਬੀ ਪੂਜਾ ਕੌਰ ਫਰੀਮਾਂਟ, ਬੀਬੀ ਪ੍ਰੀਤਵੀਰ ਕੌਰ ਵਿਸਮਾਂਦ ਅਕੈਡਮੀ, ਭਾਈ ਫਤਿਹ ਸਿੰਘ ਸੈਕਰਾਮੈਂਟੋ ਵਾਲੇ ਕੀਰਤਨ ਅਤੇ ਗੁਰਬਾਣੀ ਦੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ 916-997-3366 ਜਾਂ 916-496-3359, 617-653-0887 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬੰਬੇਲੀ ਪਿੰਡ ਦੇ ਨੌਜਵਾਨ ਦੀ ਇਟਲੀ 'ਚ ਭੇਦਭਰੀ ਹਾਲਤ 'ਚ ਮੌਤ- ਪਰਿਵਾਰ ਪ੍ਰੇਸ਼ਾਨ

**ਹੁਸ਼ਿਆਰਪੁਰ- (ਸ਼ਿਵ ਕੁਮਾਰ ਬਾਵਾ)–** ਇਥੋਂ ਨੇੜਲੇ ਪਿੰਡ ਬੰਬੇਲੀ ਵਿਖੇ ਬੀਤੀ ਰਾਤ ਉਸ ਵਕਤ ਸੋਗ ਦੀ ਲਹਿਰ ਦੋੜ ਗਈ ਜਦ ਚੱਬੇਵਾਲ ਦੀ ਪੁਲਸ ਵਲੋਂ ਪਿੰਡ ਦੇ ਸਰਪੰਚ ਨੂੰ ਸੂਚਨਾ ਦਿੱਤੀ ਗਈ ਕਿ ਉਹਨਾਂ ਦੇ ਪਿੰਡ ਦੇ ਨੌਜਵਾਨ ਸ਼ਤੀਸ਼ ਕੁਮਾਰ ਪੁੱਤਰ ਬਲਬੀਰ ਸਿੰਘ ਦੀ ਇਟਲੀ ਵਿਚ ਭੇਦ ਭਰੀ ਹਾਲਤ ਵਿਚ ਮੌਤ ਹੋ ਗਈ ਹੈ। ਮ੍ਰਿਤਕ ਲੜਕੇ ਦੇ ਪਿਤਾ ਬਲਵੀਰ ਸਿੰਘ ਪੁੱਤਰ ਮਿਲਖੀ ਰਾਮ ਵਾਸੀ ਬੰਬੇਲੀ ਨੇ ਦੱਸਿਆ ਕਿ 6 ਸਾਲ ਪਹਿਲਾਂ ਉਸਨੇ ਰਿਸ਼ਤੇਦਾਰਾ ਤੋਂ ਕਰਜ਼ਾ ਚੁੱਕ ਕੇ ਆਪਣੇ ਲਾਡਲੇ ਪੁੱਤਰ ਸਤੀਸ਼ ਕੁਮਾਰ ਨੂੰ ਘਰ ਦੀ ਹਾਲਤ ਸੁਧਾਰਨ ਲਈ ਇਟਲੀ ਭੇਜਿਆ ਸੀ। ਉਸਨੇ ਦੱਸਿਆ ਕਿ ਉਸਨੂੰ ਇਟਲੀ ਪਹੁੰਚ ਕੇ ਇਕ ਸਾਲ ਤਾਂ ਵਧੀਆ ਕੰਮ ਮਿਲ ਗਿਆ, ਜਿਸ ਕਰਕੇ ਉਸਨੇ ਕੁਝ ਪੈਸੇ ਘਰ ਨੂੰ ਭੇਜੇ ਪ੍ਰੰਤੂ ਇਕ ਸਾਲ ਬਾਅਦ ਉਸਨੂੰ ਕੰਮ ਮਿਲਣਾ ਬੰਦ ਹੋ ਗਿਆ। ਉਸਨੇ ਦੱਸਿਆ ਕਿ ਕੰਮ ਨਾ ਮਿਲਣ ਕਾਰਨ ਲੜਕਾ ਬਹੁਤ ਪ੍ਰੇਸ਼ਾਨ ਰਹਿੰਦਾ ਸੀ ਅਤੇ ਦੂਸਰਾ ਉਥੇ ਕੜਾਕੇ ਦੀ ਠੰਢ ਕਾਰਨ ਉਹ ਵਹਿਲਾ ਰਹਿਣ ਕਾਰਨ ਹੋਰ ਵੀ ਤੰਗ ਰਹਿੰਦਾ। ਉਸਦਾ ਫੋਨ ਵੀ ਘੱਟ ਵੱਧ ਹੀ ਆਉਂਦਾ ਸੀ। ਪੀੜਤ ਪਰਿਵਾਰ ਆਨੁਸਾਰ ਉਸਨੂੰ ਜੇ ਕਿਤੇ ਕੰਮ ਮਿਲ ਵੀ ਜਾਂਦਾ ਤਾਂ ਉਸ ਨਾਲ ਉਸਦਾ ਆਪਣਾ ਗੁਜਾਰਾ ਵੀ ਮੁਸ਼ਕਲ ਨਾਲ ਚੱਲਦਾ।ਪਰਿਵਾਰ ਨੂੰ ਉਮੀਦ ਸੀ ਕਿ ਉਸਨੂੰ ਚੰਗਾ ਕੰਮ ਮਿਲ ਗਿਆ ਤਾਂ ਉਹ ਰਿਸ਼ਤੇਦਾਰਾਂ ਤੋਂ ਫੜੇ ਕਰਜ਼ੇ ਦੇ ਪੈਸੇ ਵਾਪਿਸ ਕਰ ਦੇਣਗੇ। ਉਸਦੀ ਮਾਤਾ- ਪਿਤਾ, ਭੈਣ ਅਤੇ ਭਰਾ ਉਸਦੇ ਵਿਆਹ ਲਈ ਆਪਣੇ ਮਨ ਵਿਚ ਕਈ ਤਰ੍ਹਾਂ ਦੇ ਸੁਪਨੇ ਸਜਾਈ ਬੈਠੇ ਸਨ। ਪ੍ਰੰਤੂ ਇਕਦਮ ਆਈ ਇਸ ਖ਼ਬਰ ਨੇ ਸਾਰਿਆਂ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਮਾਂ ਬਾਪ ਨੂੰ ਉਮੀਦ ਸੀ ਕਿ ਉਨ੍ਹਾਂ ਦਾ ਲਾਡਲਾ ਪੁੱਤ ਵਿਦੇਸ਼ ਵਿਚ ਚੰਗੀ ਕਮਾਈ ਕਰੇਗਾ ਪ੍ਰੰਤੂ ਉਹਨਾਂ ਦੇ ਸਾਰੇ ਸੁਪਨੇ ਢਹਿ ਢੇਰੀ ਹੋ ਗਏ। ਪੀੜਤ ਪਰਿਵਾਰ ਦੇ ਮੈਂਬਰਾਂ ਨੇ ਰੋਂਦਿਆਂ ਦੱਸਿਆ ਕਿ ਲੜਕਾ ਬੜਾ ਮਿਹਨਤੀ ਸੀ ਅਤੇ ਸਾਨੂੰ ਆਸ ਸੀ ਕਿ ਉਹਨਾਂ ਦੀ ਜਿੰਦਗੀ ਹੁਣਸੁਧਰ ਜਾਵੇਗੀ ਅਤੇ ਬੁਢਾਪਾ ਬੁਢਾਪਾ ਵੀ ਵਧੀਆ ਬੀਤ ਜਾਵੇਗਾ। ਸਮੁੱਚੇ ਪਿੰਡ ਵਿਚ ਉਕਤ ਸੋਗ ਮਈ ਖ਼ਬਰ ਨਾਲ ਇਕ ਹੀ ਪਲ ਸਨਾਟਾ ਪੈਦਾ ਹੋ ਗਿਆ ਅਤੇ ਪੀੜਤ ਪਰਿਵਾਰ ਸੁੰਨ ਹੋ ਕੇ ਰਹਿ ਗਿਆ। ਇਸੇ ਦੌਰਾਨ ਪਰਿਵਾਰ ਨੂੰ ਉਸ ਵਕਤ ਕੁੱਝ ਤਸੱਲੀ ਹੋਈ ਜਦੋਂ ਸਤੀਸ਼ ਦੇ ਕਿਸੇ ਦੋਸਤ ਨੇ ਫੋਨ 'ਤੇ ਦੱਸਿਆ ਕਿ ਉਸਨੇ ਉਸਨੂੰ ਪੰਜ ਫਰਵਰੀ ਨੂੰ ਦੇਖਿਆ ਹੈ। ਜਦਕਿ ਚੱਬੇਵਾਲ ਪੁਲਸ ਨੂੰ ਪੁੱਜੇ ਪੱਤਰ ਅਨੁਸਾਰ 3 ਫਰਵਰੀ ਨੂੰ ਸ਼ਤੀਸ਼ ਕੁਮਾਰ ਦੀ ਮੌਤ ਹੋਣ ਸਬੰਧੀ ਲਿਖਿਆ ਹੈ। ਪੀੜਤ ਪਰਿਵਾਰ ਅਤੇ ਪਿੰਡ ਦੇ ਮੋਹਤਵਰ ਲੜਕੇ ਦੀ ਮੌਤ ਦੀ ਸੱਚਾਈ ਬਾਰੇ ਪੱਕਾ ਪਤਾ ਲਾਉਣ ਲਈ ਲੋਕ ਸਭਾ ਮੈਂਬਰ ਵਿਜੇ ਸਾਂਪਲਾ, ਰਾਜ ਸਭਾ ਮੈਂਬਰ ਅਵਿਨਾਸ਼ ਰਾਏ ਖੰਨਾ ਅਤੇ ਕੈਬਨਿਟ ਮੰਤਰੀ ਸੋਹਣ ਸਿੰਘ ਠੰਡਲ ਦੇ ਸੰਪਰਕ ਵਿਚ ਹਨ। ਉਕਤ ਆਗੂਆਂ ਨੇ ਪੀੜਤ ਪਰਿਵਾਰ ਨੂੰ ਭਰੋਸਾ ਦਿੱਤਾ ਹੈ ਕਿ ਉਹ ਸ਼ਤੀਸ਼ ਕੁਮਾਰ ਦੀ ਮੌਤ ਦੀ ਖਬਰ ਦੀ ਸਚਾਈ ਜਾਨਣ ਲਈ ਵਿਦੇਸ਼ ਵਿਭਾਗ ਦੇ ਉਚ ਅਧਿਕਾਰੀਆਂ ਦੇ ਸੰਪਰਕ ਵਿਚ ਹਨ। ਜਲਦ ਹੀ ਉਕਤ ਮੌਤ ਦੇ ਮਾਮਲੇ ਦੀ ਸਾਰੀ ਸਚਾਈ ਸਾਮ੍ਹਣੇ ਆ ਜਾਵੇਗੀ।



## ਚੰਦੇਲੀ ਦੇ ਸਿਲਵਰ ਜੁਬਲੀ ਫੁੱਟਬਾਲ ਟੂਰਨਾਮੈਂਟ 'ਚ ਚੰਦੇਲੀ, ਭਗਤੂਪੁਰ ਅਤੇ ਲੰਗੇਰੀ ਦੀਆਂ ਟੀਮਾਂ ਜੇਤੂ

**ਹੁਸ਼ਿਆਰਪੁਰ (ਸ਼ਿਵ ਕੁਮਾਰ ਬਾਵਾ)–** ਦਸ਼ਮੇਸ਼ ਸਪੋਰਟਸ ਕਲੱਬ ਅਤੇ ਗ੍ਰਾਮ ਪੰਚਾਇਤ ਚੰਦੇਲੀ ਵਲੋਂ ਇਸ ਸਾਲ ਪ੍ਰਵਾਸੀ ਭਾਰਤੀਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ 25 ਵਾਂ ਪੇਂਡੂ ਫੁੱਟਬਾਲ ਟੂਰਨਾਮੈਂਟ ਬੜੇ ਧੂਮ ਧੜੱਕੇ ਨਾਲ ਕਰਵਾਇਆ ਗਿਆ ਜਿਸ ਵਿਚ ਇਲਾਕੇ ਦੇ ਪਿੰਡਾਂ ਦੀਆਂ 32 ਫੁੱਟਬਾਲ ਕਲੱਬਾਂ ਦੀਆਂ ਟੀਮਾਂ ਨੇ ਭਾਗ ਲਿਆ। ਟੂਰਨਾਮੈਂਟ ਦਾ ਉਦਘਾਟਨ ਪਿੰਡ ਦੇ ਸਰਪੰਚ ਬਲਕਾਰ ਸਿੰਘ ਵਲੋਂ ਕੀਤਾ ਗਿਆ। ਓਪਨ ਵਰਗ ਦੇ ਮੁਕਾਬਲੇ ਵਿਚ ਟੂਰਨਾਮੈਂਟ ਦਾ ਫਾਈਨਲ ਮੁਕਾਲਬਲਾ ਚੰਦੇਲੀ ਅਤੇ ਭਗਤੂਪੁਰ ਦੀਆਂ ਟੀਮਾਂ ਵਿਚਕਾਰ ਹੋਇਆ। ਦੋਵੇਂ ਟੀਮਾਂ ਦੇ ਤੇਜਤਰਾਰ ਖਿਡਾਰੀ ਮੈਚ ਦਾ ਪੂਰਾ ਸਮਾਂ ਬਰਾਬਰ ਖੇਡੇ।

ਵਾਧੂ ਸਮੇਂ ਵਿਚ ਦੋਵੇਂ ਟੀਮਾਂ ਵਲੋਂ ਇਕ ਦੂਸਰੇ ਵੱਲ ਇਕ ਇਕ ਗੋਲ ਕਰਕੇ ਮੈਚ ਬਰਾਬਰ ਖੇਡਿਆ ਜਿਸ ਸਦਕਾ ਕਲੱਬ ਪ੍ਰਬੰਧਕਾਂ ਵਲੋਂ ਦੋਵੇਂ ਟੀਮਾਂ ਨੂੰ ਜੇਤੂ ਕਰਾਰ ਦਿੱਤਾ ਗਿਆ। ਇਸੇ ਤਰ੍ਹਾਂ 48 ਕਿਲੋਗ੍ਰਾਮ ਭਾਰ ਵਰਗ ਦੇ ਮੁਕਾਬਲੇ ਵਿਚ ਲੰਗੇਰੀ ਅਤੇ ਗੋਹਗੜੋਂ ਦੀਆਂ ਟੀਮਾਂ ਖੇਡੀਆਂ ਜਿਸ ਵਿਚ ਲੰਗੇਰੀ ਦੀ ਟੀਮ ਨੇ ਗੋਹਗੜੋਂ ਦੀ ਟੀਮ ਨੂੰ 5-0 ਗੋਲਾਂ ਦੇ ਫਰਕ ਨਾਲ ਹਰਾਇਆ।

# ਭਾਰਤ ਦੀ ਪਾਕਿਸਤਾਨ 'ਤੇ ਵੱਡੀ ਜਿੱਤ

## ਭਾਰਤ ਨੇ ਪਾਕਿਸਤਾਨ ਨੂੰ 76 ਦੌੜਾਂ ਨਾਲ ਧੂੜ ਚੱਟਾਈ

**ਐਡੀਲੇਡ–** ਆਖ਼ਰਕਾਰ ਭਾਰਤ ਨੇ ਵਿਸ਼ਵ ਕੱਪ ਵਿੱਚ ਪਾਕਿਸਤਾਨ ਵਿਰੁੱਧ ਆਪਣਾ 100 ਫੀਸਦੀ ਜਿੱਤ ਦਾ ਰਿਕਾਰਡ ਕਾਇਮ ਰੱਖਿਆ। ਅੱਜ ਦੇ ਮੈਚ 'ਚ ਭਾਰਤ ਨੇ ਪਾਕਿਸਤਾਨ ਨੂੰ 76 ਦੌੜਾਂ ਨਾਲ ਹਰਾ ਕੇ ਵਿਸ਼ਵ ਕੱਪ 'ਚ ਪਾਕਿਸਤਾਨ ਵਿਰੁੱਧ ਛੇਵੀਂ ਜਿੱਤ ਦਰਜ ਕੀਤੀ। ਭਾਰਤ ਹੁਣ ਤੱਕ ਵਿਸ਼ਵ ਕੱਪ 'ਚ ਇਕ ਵਾਰ ਵੀ ਪਾਕਿਸਤਾਨ ਹੱਥੋਂ ਨਹੀਂ ਹਾਰਿਆ। 6 ਵਾਰ ਦੋਵੇਂ ਆਹਮੋ-ਸਾਹਮਣੇ ਹੋਏ ਅਤੇ 6 ਵਾਰ ਹੀ ਭਾਰਤ ਨੇ ਪਾਕਿਸਤਾਨ ਨੂੰ ਧੂੜ ਚੱਟਾਈ।

ਇਸ ਜਿੱਤ ਦੇ ਮੇਨ ਹੀਰੋ ਰਹੇ ਭਾਰਤੀ ਬੱਲੇਬਾਜ਼- ਵਿਰਾਟ ਕੋਹਲੀ। ਕੋਹਲੀ ਵਿਸ਼ਵ ਕੱਪ 'ਚ ਪਾਕਿਸਤਾਨ ਵਿਰੁੱਧ ਸੈਂਕੜਾ ਜੜ੍ਹਨ ਵਾਲਾ ਪਹਿਲਾ ਭਾਰਤੀ ਬੱਲੇਬਾਜ਼ ਬਣ ਗਿਆ ਹੈ। ਕੋਹਲੀ ਨੇ 107 ਦੌੜਾਂ ਦੀ ਸ਼ਾਨਦਾਰ ਪਾਰੀ ਖੇਡੀ। ਭਾਰਤ ਨੇ ਪਾਕਿਸਤਾਨ ਅੱਗੇ 301 ਦੌੜਾਂ ਦਾ ਟੀਚਾ ਰੱਖਿਆ ਜਿਸ ਦੇ ਜਵਾਬ 'ਚ ਪਾਕਿ ਟੀਮ 47 ਓਵਰਾਂ 'ਚ 224 ਦੌੜਾਂ 'ਤੇ ਹੀ ਢੇਰ ਹੋ ਗਈ। ਪਾਕਿਸਤਾਨ ਵਲੋਂ ਮਿਸਬਾਹ (76) ਤੋਂ ਛੁੱਟ ਕੋਈ ਹੋਰ ਬੱਲੇਬਾਜ਼ ਅਰਧ-ਸੈਂਕੜਾ ਨਹੀਂ ਬਣਾ ਸਕਿਆ।

ਟਾਸ ਜਿੱਤ ਕੇ ਪਹਿਲਾਂ ਬੱਲੇਬਾਜ਼ੀ ਕਰਦਿਆਂ ਭਾਰਤੀ ਟੀਮ ਨੇ ਸੰਭਲ ਕੇ ਖੇਡਣ ਦੀ ਕੋਸ਼ਿਸ਼ ਕੀਤੀ ਪਰ 8ਵੇਂ ਓਵਰ 'ਚ ਰੋਹਿਤ ਸ਼ਰਮਾ (15) ਸੋਹੇਲ ਖ਼ਾਨ ਦੀ ਗੇਂਦ 'ਤੇ ਖਰਾਬ ਸ਼ਾਟ ਖੇਡ ਕੇ ਘੇਰੇ ਦੇ ਅੰਦਰ ਹੀ ਕੈਚ ਦੇ ਬੈਠਾ। ਇਸ ਤੋਂ ਬਾਅਦ ਸ਼ਿਖਰ ਧਵਨ ਤੇ ਵਿਰਾਟ ਕੋਹਲੀ ਨੇ ਜ਼ਿੰਮੇਵਾਰੀ ਨਾਲ ਖੇਡਦਿਆਂ ਆਪਣੀ-ਆਪਣੀ ਫਿਫਟੀ ਪੂਰੀ ਕੀਤੀ। ਧਵਨ 73 ਦੌੜਾਂ ਬਣਾ ਕੇ ਰਨ-ਆਊਟ ਹੋਇਆ। ਕੋਹਲੀ-ਧਵਨ ਨੇ ਦੂਜੀ ਵਿਕਟ ਲਈ 129 ਦੌੜਾਂ ਦੀ ਮਹੱਤਵਪੂਰਨ ਸਾਂਝੇਦਾਰੀ ਕੀਤੀ।

ਧਵਨ ਦੇ ਆਊਟ ਹੋਣ ਤੋਂ ਬਾਅਦ ਵਿਰਾਟ ਨੇ ਆਪਣਾ ਸੈਂਕੜਾ ਪੂਰਾ ਕੀਤਾ ਜਦਕਿ ਰੈਣਾ ਨੇ ਆਪਣੀ ਫਿਫਟੀ। ਕੋਹਲੀ ਨੇ ਫਿਰ ਰੈਣਾ ਨਾਲ ਤੀਜੀ ਵਿਕਟ ਲਈ 110 ਦੌੜਾਂ ਦੀ ਸਾਂਝੇਦਾਰੀ ਨਿਭਾਈ। ਕੋਹਲੀ 107 ਦੌੜਾਂ ਬਣਾ ਕੇ ਸੋਹੇਲ ਦੀ ਗੇਂਦ 'ਚ ਵਿਕਟਕੀਪਰ ਹੱਥੋਂ ਕੈਚ ਆਊਟ ਹੋਇਆ। ਕੋਹਲੀ ਨੇ 126 ਗੇਂਦਾਂ 'ਚ 8 ਚੌਕਿਆਂ ਨਾਲ 107 ਦੌੜਾਂ ਬਣਾਈਆਂ। ਤੇਜ਼ ਖੇਡਣ ਦੇ ਚੱਕਰ 'ਚ ਸੁਰੇਸ਼ ਰੈਣਾ 74 ਦੌੜਾਂ ਬਣਾ ਕੇ 47ਵੇਂ ਓਵਰ 'ਚ ਆਊਟ ਹੋਇਆ। ਉਸ ਨੇ 55 ਗੇਂਦਾਂ 'ਚ 5 ਚੌਕਿਆਂ ਤੇ 3 ਛੱਕਿਆਂ ਨਾਲ 74 ਦੌੜਾਂ ਬਣਾਈਆਂ। ਅਖ਼ੀਰਲੇ ਦੋ ਓਵਰਾਂ 'ਚ ਤੇਜ਼ ਖੇਡਣ ਦੇ ਚੱਕਰ 'ਚ ਰਵਿੰਦਰ ਜਡੇਜਾ (3), ਐੱਮ.ਐੱਸ ਧੋਨੀ (18) ਅਤੇ ਅਜਿੰਕੇ ਰਹਾਣੇ (0) ਸਸਤੇ 'ਚ ਆਊਟ ਹੋ ਗਏ। ਅਸ਼ਵਿਨ 1 ਅਤੇ ਮੁਹੰਮਦ ਸ਼ੰਮੀ 3 ਦੌੜਾਂ ਬਣਾ ਕੇ ਅਜੇਤੂ ਪਰਤੇ। ਪਾਕਿਸਤਾਨ ਵਲੋਂ ਸੋਹੇਲ ਖ਼ਾਨ ਨੇ ਸਭ ਤੋਂ ਵੱਧ 5 ਵਿਕਟਾਂ ਝਟਕਾਈਆਂ ਜਦਕਿ ਇਕ ਵਿਕਟ ਵਾਹਬ ਰਿਆਜ਼ ਨੂੰ ਮਿਲੀ।

ਟੀਚੇ ਦਾ ਪਿੱਛਾ ਕਰਨ ਉਤਰੀ ਪਾਕਿਸਤਾਨੀ ਟੀਮ ਦੀ ਸ਼ੁਰੂਆਤ ਖਰਾਬ ਰਹੀ। ਯੂਨਿਸ ਖ਼ਾਨ (3) ਚੌਥੇ ਓਵਰ 'ਚ ਮੁਹੰਮਦ ਸ਼ੰਮੀ ਦੀ ਗੇਂਦ 'ਤੇ ਧੋਨੀ ਹੱਥੋਂ ਕੈਚ ਆਊਟ ਹੋ ਗਿਆ। ਹੈਰਿਸ ਸੋਹੇਲ 34 ਦੌੜਾਂ ਬਣਾ ਕੇ ਅਸ਼ਵਿਨ ਦੀ ਗੇਂਦ 'ਤੇ ਸਲਿਪ ਉੱਤੇ ਕੈਚ ਆਊਟ ਹੋਇਆ।

ਸਲਾਮੀ ਬੱਲੇਬਾਜ਼ ਅਹਿਮਦ ਸ਼ਹਿਜ਼ਾਦ 47 ਦੌੜਾਂ ਬਣਾ ਕੇ ਉਮੇਸ਼ ਯਾਦਵ ਦੀ ਗੇਂਦ 'ਤੇ ਪੁਆਇੰਟ 'ਤੇ ਜਡੇਜਾ ਹੱਥੋਂ ਕੈਚ ਆਊਟ ਹੋਇਆ। ਇਕ ਗੇਂਦ ਬਾਅਦ ਹੀ ਸ਼ੋਏਬ ਮਕਸੂਦ ਬਿਨ੍ਹਾਂ ਖ਼ਾਤਾ ਖੋਲ੍ਹੇ ਸਲਿਪ 'ਤੇ ਰੈਣਾ ਹੱਥੋਂ ਕੈਚ ਆਊਟ ਹੋ ਕੇ ਚੱਲਦਾ ਬਣਿਆ।

ਅਗਲੇ ਹੀ ਓਵਰ 'ਚ ਉਮਰ ਅਕਲਮ ਵੀ ਬਿਨ੍ਹਾਂ ਖ਼ਾਤਾ ਖੋਲ੍ਹੇ ਜਡੇਜਾ ਦੀ ਗੇਂਦ 'ਤੇ ਧੋਨੀ ਹੱਥੋਂ ਕੈਚ ਆਊਟ ਹੋ ਗਿਆ। ਗੇਂਦ ਬੱਲੇ ਦਾ ਕਿਨਾਰਾ ਲੈ ਕੇ ਧੋਨੀ ਦੇ ਗਲਵਸ 'ਚ ਪਹੁੰਚੀ, ਪਰ ਅੰਪਾਇਰ ਨੇ ਇਸ ਨੂੰ ਨਾਟ-ਆਊਟ ਕਰਾਰ ਦਿੱਤਾ। ਧੋਨੀ ਨੇ ਡੀ.ਆਰ.ਐੱਸ ਦੀ ਅਪੀਲ ਕੀਤੀ, ਜਿਸ 'ਚ ਸਿੱਧ ਹੋ ਗਿਆ ਕਿ ਗੇਂਦ ਬੱਲੇ ਦਾ ਕਿਨਾਰਾ ਲੈ ਕੇ ਧੋਨੀ ਕੋਲ ਪਹੁੰਚੀ।

ਸ਼ਾਹਿਦ ਅਫਰੀਦੀ 22 ਦੌੜਾਂ ਬਣਾ ਕੇ ਮੁਹੰਮਦ ਸ਼ੰਮੀ ਦੀ ਗੇਂਦ 'ਤੇ ਕੋਹਲੀ ਹੱਥੋਂ ਕੈਚ ਆਊਟ ਹੋਇਆ। ਦੋ ਗੇਂਦਾਂ ਬਾਅਦ ਹੀ ਵਾਹਬ ਰਿਆਜ਼ 2 ਦੌੜਾਂ ਬਣਾ ਕੇ ਸ਼ੰਮੀ ਦੀ ਗੇਂਦ 'ਤੇ ਧੋਨੀ ਹੱਥੋਂ ਕੈਚ ਆਊਟ ਹੋ ਗਿਆ। ਯਾਸਿਰ ਸ਼ਾਹ (13) ਦੇ ਰੂਪ 'ਚ ਪਾਕਿਸਤਾਨ ਨੂੰ 8ਵਾਂ ਝਟਕਾ ਲੱਗਾ। ਉਹ ਮੋਹਿਤ ਦੀ ਗੇਂਦ 'ਤੇ ਉਮੇਸ਼ ਹੱਥੋਂ ਕੈਚ ਆਊਟ ਹੋਇਆ। ਹੁਣ ਪਾਕਿਸਤਾਨ ਦੀ ਉਮੀਦਾਂ ਸਿਰਫ ਕਪਤਾਨ ਮਿਸਬਾਹ 'ਤੇ ਟਿਕੀਆਂ ਸਨ ਪਰ ਉਹ 76 ਦੌੜਾਂ ਬਣਾ ਕੇ ਸ਼ੰਮੀ ਦੀ ਗੇਂਦ 'ਤੇ ਕੈਚ ਆਊਟ ਹੋ ਗਿਆ। ਸੋਹੇਲ ਖ਼ਾਨ (7) ਦੇ ਰੂਪ 'ਚ ਪਾਕਿਸਤਾਨ ਦੀ ਆਖ਼ਰੀ ਵਿਕਟ ਡਿੱਗੀ।

ਭਾਰਤ ਵਲੋਂ ਮੁਹੰਮਦ ਸ਼ੰਮੀ ਨੇ ਸਭ ਤੋਂ ਵੱਧ 4 ਵਿਕਟਾਂ ਝਟਕਾਈਆਂ। ਉਮੇਸ਼ ਯਾਦਵ ਤੇ ਮੋਹਿਤ ਸ਼ਰਮਾ ਨੇ 2-2 ਵਿਕਟਾਂ ਝਟਕਾਈਆਂ ਜਦਕਿ ਅਸ਼ਵਿਨ ਤੇ ਜਡੇਜਾ ਨੇ 1-1 ਵਿਕਟ ਹਥਿਆਈ।

# ਸਿੱਖ ਪ੍ਰਸ਼ੰਸਕ ਕਿਰਪਾਨ ਪਾ ਕੇ ਨਹੀ ਵੇਖ ਸਕਣਗੇ ਵਿਸ਼ਵ ਕ੍ਰਿਕਟ ਕੱਪ

**ਐਡੀਲੇਡ –** ਆਸਟ੍ਰੇਲੀਆ ਦੇ ਐਡੀਲੇਡ 'ਚ ਚੱਲ ਰਹੇ ਵਿਸ਼ਵ ਕੱਪ ਨੂੰ ਕੋਈ ਵੀ ਸਿੱਖ ਕਿਰਪਾਨ ਪਾ ਕੇ ਨਹੀਂ ਵੇਖ ਸਕੇਗਾ। ਕ੍ਰਿਕਟ ਕਮੀਸ਼ਨ ਜਾਂ ਐਡੀਲੇਡ ਓਵਲ ਦੀ ਪ੍ਰਬੰਧਕੀ ਕਮੇਟੀ ਵਲੋਂ ਇਸ ਬਾਰੇ ਅਜੇ ਕੁਝ ਵੀ ਕਿਹਾ ਨਹੀਂ ਗਿਆ ਹੈ। ਇਸ ਸਬੰਧੀ ਜਦੋਂ ਆਸਟ੍ਰੇਲੀਆ ਸਿੱਖ ਸਰਵਿਸ ਦੇ ਰੀਪ੍ਰੈਜ਼ਨਟੇਟਿਵ ਹਰਵਿੰਦਰ ਸਿੰਘ ਗਰਚਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਪੁਲਸ ਕਮਿਸ਼ਨਰ ਨਾਲ ਗੱਲਬਾਤ ਕੀਤੀ ਤੇ ਉਨ੍ਹਾਂ ਨੇ ਦੱਸਿਆ ਕਿ ਇਸ ਵਿਚ ਪੁਲਸ ਦੀ ਕੋਈ ਦਖਲਅੰਦਾਜ਼ੀ ਨਹੀਂ ਹੈ ਅਤੇ ਇਹ ਇੰਤਜ਼ਾਮ ਐਡੀਲੇਡ ਓਵਲ ਦੇ ਪ੍ਰਬੰਧਕੀ ਕਮੇਟੀ ਵਲੋਂ ਕੀਤੇ ਗਏ ਹਨ। ਇਹ ਮੰਨਿਆ ਜਾਂਦਾ ਹੈ ਕਿ ਇਹ ਜੋ ਵੀ ਨਿਯਮ ਹਨ ਉਹ ਸਿਰਫ ਦਰਸ਼ਕਾਂ ਦੀ ਸੁਰ-ਖਿਆ ਲਈ ਹਨ ਅਤੇ ਇਸ ਗੱਲ ਨੂੰ ਕਿਸੇ ਇਕ ਧਰਮ ਨਾਲ ਨਹੀਂ ਜੋੜਿਆ ਜਾਣਾ ਚਾਹੀਦਾ। ਇਸ ਸਬੰਧ 'ਚ ਅਜੇ ਆਈ. ਸੀ. ਸੀ. ਵਲੋਂ ਜਾਂ ਐਡੀਲੇਡ ਕੌਂਸਲ ਵਲੋਂ ਕਿਸੇ ਵੀ ਜਾਣਕਾਰੀ ਦੀ ਪੁਸ਼ਟੀ ਨਹੀਂ ਕੀਤੀ ਗਈ ਹੈ।

ਯੂਨਾਈਟਿਡ ਸਿੱਖ ਆਰਗੇਨਾਈਜ਼ੇਸ਼ਨ ਵਲੋਂ ਇਕ ਈਮੇਲ ਅਨੁਸਾਰ ਆਸਟ੍ਰੇਲੀਆ ਇਸ ਵੇਲੇ ਨੈਸ਼ਨਲ ਟੈਰੋਰਿਜ਼ਮ ਲਈ ਹਾਈ ਅਲਰਟ 'ਤੇ ਹੈ, ਜਿਸ ਕਰਕੇ ਕਿਸੇ ਵੀ ਵੱਡੇ ਈਵੈਂਟ 'ਚ ਪਬਲਿਕ ਦੀ ਸੁੱਰਖਿਆ ਲਈ ਹੋਰ ਵੀ ਜ਼ਿਆਦਾ ਧਿਆਨ ਦਿੱਤਾ ਜਾ ਰਿਹਾ ਹੈ।

ਇਸ ਕਰਕੇ ਹੀ ਕ੍ਰਿਕਟ ਦੇ ਇਸ ਮੈਚ ਨੂੰ ਦੇਖਣ ਜਾਣ ਲਈ ਇਹ ਨਿਯਮ ਸਨ ਕਿ ਕੋਈ ਵੀ ਵਿਅਕਤੀ ਕੋਈ ਨੁਕੀਲੀ ਚੀਜ਼ ਅੰਦਰ ਨਹੀਂ ਲੈ ਕੇ ਜਾ ਸਕਦਾ। ਇਸ ਵਿਚ ਕੋਕ ਦੇ ਕੈਨ ਵੀ ਸ਼ਾਮਲ ਹਨ।

## ਪ੍ਰਧਾਨ ਮੰਤਰੀ ਮੋਦੀ ਨੇ ਟੀਮ ਇੰਡੀਆ ਨੂੰ ਦਿੱਤੀ ਜਿੱਤ ਦੀ ਵਧਾਈ

**ਨਵੀਂ ਦਿੱਲੀ–** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੀਮ ਇੰਡੀਆ ਨੂੰ ਵਰਲਡ ਕੱਪ ਦੇ ਆਪਣੇ ਪਹਿਲੇ ਮੈਚ 'ਚ ਪਾਕਿਸਤਾਨ ਖਿਲਾਫ ਜਿੱਤ ਹਾਸਲ ਕਰਨ ਲਈ ਵਧਾਈ ਦਿੱਤੀ ਹੈ। ਏਡੀਲੇਡ 'ਚ ਪੂਲ ਮੈਚ 'ਚ ਭਾਰਤ ਨੇ ਪਾਕਿਸਤਾਨ ਨੂੰ 76 ਦੌੜਾਂ ਨਾਲ ਹਰਾਇਆ।

ਪ੍ਰਧਾਨ ਮੰਤਰੀ ਨੇ ਟਵੀਟ ਕੀਤਾ ਵਧਾਈ ਟੀਮ ਇੰਡੀਆ ਬਹੁਤ ਵਧੀਆ ਖੇਡੇ। ਸਾਨੂੰ ਸਾਰਿਆਂ ਨੂੰ ਤੁਹਾਡੇ 'ਤੇ ਮਾਣ ਹੈ। ਭਾਰਤ ਨੂੰ ਜਿੱਤ ਹਾਸਲ ਹੋਈ ਹੈ। ਭਾਰਤ ਅਤੇ ਪਾਕਿਸਤਾਨ ਦੇ ਵਿਚ ਵਰਲਡ ਕੱਪ 'ਚ 1992 ਤੋਂ ਹੁਣ ਤੱਕ 6 ਮੁਕਾਬਲੇ ਹੋਏ ਹਨ ਅਤੇ ਸਾਰਿਆਂ 'ਚ ਭਾਰਤ ਨੂੰ ਜਿੱਤ ਹਾਸਲ ਹੋਈ ਹੈ। ਟੀ-20 'ਚ ਵਰਲਡ ਕੱਪ 'ਚ ਵੀ ਪਾਕਿਸਤਾਨ ਅਜੇ ਤੱਕ ਕਿਸੇ ਮੈਚ 'ਚ ਭਾਰਤ ਨੂੰ ਹਰਾ ਨਹੀਂ ਸਕਿਆ ਹੈ।

## ਵਧਾਈ ਸੰਦੇਸ਼



ਮਨੁੱਖ ਦੁਨੀਆਂ ਦੇ ਭਾਵੇਂ ਕਿਸੇ ਵੀ ਕੋਨੇ ਵਿਚ ਬੈਠਾ ਹੋਵੇ ਉਹ ਆਪਣੀਆਂ ਜੜ੍ਹਾਂ ਦੀ ਤਲਾਸ਼ ਜ਼ਰੂਰ ਕਰਦਾ ਹੈ। ਇਸ ਮਾਨਸਿਕ ਭੁੱਖ ਨੂੰ ਪੂਰਾ ਕਰਨ ਲਈ ਅਖ਼ਬਾਰ ਇਕ ਸਰ-ਵੋਤਮ ਮਾਧਿਅਮ ਹੈ। ''ਦੇਸ਼ ਦੁਆਬਾ'' ਅਖ਼ਬਾਰ ਸਮੂਹ ਇਹ ਰੂਹ ਦੀ ਖੁਰਾਕ ਪੂਰੀ ਕਰਨ ਲਈ ਬੜੇ ਲੰਮੇ ਸਮੇਂ ਤੋਂ ਯਤਨਸ਼ੀਲ ਹੈ। ਜਿਸ ਦਾ ਮੈਂ ਖੁਦ ਵੀ ਇਕ ਪਾਠਕ ਹਾਂ। ਲੇਖਕ ਬਣਨ ਤੋਂ ਪਹਿਲਾਂ ਪੜ੍ਹਨਾ ਬਹੁਤ ਜ਼ਰੂਰੀ ਹੈ। ਹੁਣ ਜਦੋਂ ਕਿ ਅਖ਼ਬਾਰ 'ਦੇਸ਼ ਦੁਆਬਾ' 29 ਜਨਵਰੀ 2015 ਤੋਂ ਹਫਤਾਵਾਰੀ ਸ਼ੁਰੂ ਹੋ ਗਿਆ ਹੈ। ਇਹ ਇਕ ਇਤਿਹਾਸਕ ਦਿਹਾੜਾ ਹੈ। ਮੈਂ ਇਸ ਦਿਹਾੜੇ ਤੇ "ਦੇਸ਼ ਦੁਆਬਾ" ਦੇ ਬਹੁਤ ਹੀ ਸਤਿਕਾਰਯੋਗ ਤੇ ਉਦਮੀ ਮੁੱਖ ਸੰਪਾਦਕ ਪ੍ਰੇਮ ਕੁਮਾਰ ਚੁੰਬਰ ਜੀ ਨੂੰ ਆਪਣੇ ਪਰਿਵਾਰ ਵੱਲੋਂ ਵਧਾਈ ਸੰਦੇਸ਼ ਭੇਜ ਕੇ ਮਾਣ ਮਹਿਸੂਸ ਕਰ ਰਿਹਾ ਹਾਂ। ਮੇਰੀਆਂ ਸ਼ੁਭ ਇੱਛਾਵਾਂ ਸਦਾ ਲਈ ਇਸ ਅਖ਼ਬਾਰ ਦੇ ਨਾਲ ਰਹਿਣਗੀਆਂ। ਧੰਨਵਾਦ

**ਇਕ ਪਾਠਕ**
**ਪ੍ਰਿੰਸੀਪਲ ਮਲੂਕ ਚੰਦ 'ਕਲੇਰ'**
**ਸਰੀ, ਬੀ. ਸੀ., ਕੈਨੇਡਾ। 778-321-6139**

## ਵਧਾਈ ਸੰਦੇਸ਼



ਅਦਾਰਾ ''ਅੰਬੇਦਕਰ ਟਾਈਮਜ਼'' ਅਤੇ ''ਦੇਸ਼ ਦੁਆਬਾ'' ਦੁਆਰਾ ਹਫਤਾਵਾਰੀ ਅਖਬਾਰ ਆਰੰਭ ਕਰਨਾ ਇਕ ਸ਼ਲਾਘਾਯੋਗ ਪ੍ਰਾਪਤੀ ਹੈ, ਜਿਸ ਲਈ ਅਸੀਂ ਮੁੱਖ ਸੰਪਾਦਕ ਸ੍ਰੀ ਪ੍ਰੇਮ ਚੁੰਬਰ ਨੂੰ ਤਹਿ ਦਿਲੋਂ ਵਧਾਈ ਦਿੰਦੇ ਹਾਂ।

**– ਮੇਜਰ ਸਿੰਘ ਬੁਢਲਾਡਾ**
**94176 – 42327, 90414– 06713**


# ਕੈਲੇਫੋਰਨੀਆ ਤੋਂ ਡਰਾਈਵਰਾਂ ਦੀ ਲੋੜ



ਨਿਊਯਾਰਕ, ਇੰਡੀਆਨਾ, ਨਿਊਜਰਸੀ, ਪੈਨਸਨਵੇਲੀਆ ਅਤੇ ਓਹਾਈਓ ਵੱਲ ਜਾਣ-ਆਉਣ ਲਈ ਡਰਾਈਵਰਾਂ ਦੀ ਜ਼ਰੂਰਤ ਹੈ। ਡਰਾਈਵਰ ਘੱਟੋ ਘੱਟ ਦੋ ਸਾਲ ਦਾ ਡਰਾਈਵਿੰਗ ਦਾ ਤਜਰਬਾ ਰੱਖਦਾ ਹੋਵੇ, ਉਸ ਨੂੰ ਵਧੀਆ ਮਿਹਨਤਾਨਾ ਦਿੱਤਾ ਜਾਵੇਗਾ।

ਹੋਰ ਜਾਣਕਾਰੀ ਲਈ ਸੰਪਰਕ ਕਰੋ

**209-479-0242**



# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

## National Truck Driving School

## ਸੈਕਰਾਮੈਂਟੋ ਅਤੇ ਯੂਬਾ ਸਿਟੀ (ਕੈਲੀਫੋਰਨੀਆ)

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰਾਂ ਨੂੰ 35 ਸੈਂਟ ਪ੍ਰਤੀ ਮਿਹਨਤਾਨਾ ਦੇਵੇਗੀ

* ਟਰੱਕ ਡਰਾਈਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ।
* ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਰੰਟੀ
* ਰਿਹਾਇਸ਼ ਅਤੇ ਏਅਰਪੋਰਟ ਤੋਂ ਲਿਆਉਣ ਤੇ ਛੱਡਣ ਦਾ ਖਾਸ ਪ੍ਰਬੰਧ
* 2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਈਵਰ ਬਣੋ।



**Call For Special Price**

Kashmir S. Thandi
Office: (866) 933-3038

Balhar S. Ranu
Cell: 916-502-7733



Yuba City Ph: 530-419-5058

1816 Main Ave.,
Secramento CA, 95838

ਦੇਸ਼ ਦੁਆਬਾ

### ਲੱਗਦਾ ਹੈ "ਦੇਸ਼ ਦੁਆਬਾ'' ਦਾ 'ਹੁਆ ਯਹ ਅਸਰ'

# ਹਾਰ ਤੋਂ ਬਾਅਦ ਮੋਦੀ ਨੇ ਬਦਲੇ ਸੁਰ

"ਦੇਸ਼ ਦੁਆਬਾ'' ਅਤੇ ''ਅੰਬੇਦਕਰ ਟਾਈਮਜ਼'' ਹਰ ਧਰਮ, ਵਰਗ ਦਾ ਸਤਿਕਾਰ ਕਰਦਾ ਹੈ ਅਤੇ ਲੋਕਤੰਤਰ ਵਿਚ ਵਿਸ਼ਵਾਸ ਰੱਖਦਿਆਂ "ਦੇਸ਼ ਦੁਆਬਾ'' ਨੇ ਭਾਰਤ ਵਿਚ ਘੱਟ ਗਿਣਤੀਆਂ ਤੇ ਹੋਰ ਰਹੇ ਅੱਤਿਆਚਾਰਾਂ ਅਤੇ ਸੰਘ ਪਰਿਵਾਰ ਦੀ 'ਘਰ ਵਾਪਸੀ ਦੀ ਮੁਹਿੰਮ' ਕਾਰਨ ਪੈਦਾ ਹੋ ਰਹੇ ਰੋਸ ਕਾਰਨ ਕਾਫੀ ਸਮਾਂ ਪਹਿਲਾਂ ਭਾਰਤ ਦੇ ਪ੍ਰਧਾਨ ਮੰਤਰੀ ਦੀ ਰਹੱਸਮਈ ਚੁੱਪ ਤੇ ਸਵਾਲੀਆ ਨਿਸ਼ਾਨ ਲਗਾਏ ਸਨ। ਲੱਗਦਾ ਹੈ ਕਿ ਹੁਣ ਪ੍ਰਧਾਨ ਮੰਤਰੀ ਨੂੰ ਇਸ ਗੱਲ ਦਾ ਗਿਆਨ ਹੋ ਗਿਆ ਹੈ ਕਿ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰੀ ਦੇਸ਼ ਦੇ ਪ੍ਰਧਾਨ ਮੰਤਰੀ ਹੁੰਦਿਆਂ ਹੋਇਆਂ ਆਪਣੇ ਦੇਸ਼ ਦੇ ਨਾਗਰਿਕਾਂ ਦੀ ਅਨੇਕਤਾ ਵਿਚ ਏਕਤਾ ਬਣਾਈ ਰੱਖਣ ਲਈ ਲੋਕਾਂ ਦੇ ਧਾਰਮਿਕ ਜਜ਼ਬਾਤਾਂ ਅਤੇ ਸੰਵਿਧਾਨ ਦੀ ਪਾਲਣਾ ਕਰਦਿਆਂ ਸਾਰੇ ਨਾਗਰਿਕਾਂ ਨੂੰ ਇਕ ਸਮਾਨ ਸਮਝਣਾ ਸਰਕਾਰ ਦਾ ਪਹਿਲਾ ਫਰਜ਼ ਹੈ।

'ਦੇਖ ਆਏ ਦਰੁੱਸਤ ਆਏ' ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਕਾਫੀ ਲੰਮੇ ਸਮੇਂ ਬਾਅਦ ਆਪਣੀ ਚੁੱਪ ਤੋੜਦਿਆਂ ਭਾਰਤ ਵਿਚ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਦੀ ਨਿੰਦਾ ਕੀਤੀ ਅਤੇ ਭਾਰਤ ਵਿਚ ਧਾਰਮਿਕ ਆਜ਼ਾਦੀ ਦੇ ਅਧਿਕਾਰ ਦੀ ਰੱਖਿਆ ਕਰਨ ਦਾ ਪ੍ਰਣ ਕੀਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਇਹ ਬਿਆਨ ਉਹਨਾਂ ਦੁਆਰਾ ਸੱਤਾ ਸੰਭਾਲਣ ਤੋਂ 9 ਮਹੀਨੇ ਬਾਅਦ ਉਸ ਵਕਤ ਆਇਆ ਹੈ, ਜਦੋਂ ਦਿੱਲੀ ਵਿਚ ਭਾਰਤੀ ਜਨਤਾ ਪਾਰਟੀ ਨੂੰ ਬੁਰੀ ਤਰ੍ਹਾਂ ਮਾਤ ਖਾਣੀ ਪਈ ਹੈ। ਭਾਰਤ ਵਿਚ ਧਾਰਮਿਕ ਘੱਟ ਗਿਣਤੀਆਂ ਪਿਛਲੇ ਕਾਫੀ ਦਿਨਾਂ ਤੋਂ ਆਵਾਜ਼ ਉਠਾ ਰਹੀਆਂ ਹਨ ਕਿ ਹਿੰਦੂਤਵੀ ਸੰਗਠਨਾਂ ਦੁਆਰਾ ਧਾਰਮਿਕ ਸੰਕੀਰਨਤਾ ਦੀ ਚਲਾਈ ਜਾ ਰਹੀ ਮੁਹਿੰਮ ਦੇ ਕਾਰਨ ਉਹਨਾਂ ਵਿਚ ਅਸੁਰੱਖਿਆ ਵੱਧ ਗਈ ਹੈ। ਨਰਿੰਦਰ ਮੋਦੀ ਦੀ ਸਰਕਾਰ ਹੋਂਦ ਵਿਚ ਆਉਣ ਤੋਂ ਬਾਅਦ ਭਾਰਤ ਵਿਚ ਲਗਾਤਾਰ ਇਸਾਈਆਂ ਤੇ ਹਮਲੇ ਵੱਧ ਰਹੇ ਹਨ। ਸਾਰੇ ਮੁਲਕ ਵਿਚ ਬਹੁਤ ਸਾਰੀਆਂ ਥਾਵਾਂ ਤੇ ਇਸਾਈ ਗਿਰਜਾ ਘਰਾਂ ਤੇ ਹਮਲੇ ਹੋਏ ਅਤੇ ਕਈ ਇਸਾਈ ਧਰਮ ਦੇ ਲੋਕਾਂ ਨੂੰ ਹਮਲਿਆਂ ਦਾ ਸਾਹਮਣਾ ਕਰਨਾ ਪਿਆ ਹੈ। ਭਾਰਤ ਵਿਚ ਘੱਟ ਗਿਣਤੀਆਂ ਤੇ ਲਗਾਤਾਰ ਹੋ ਰਹੇ ਹਮਲਿਆਂ ਦੇ ਕਾਰਨ ਭਾਰਤ ਦੌਰੇ ਤੇ ਆਏ ਅਮਰੀਕਾ ਦੇ ਰਾਸ਼ਟਰਪਤੀ ਸ੍ਰੀ ਬਰਾਕ ਓਬਾਮਾ ਨੇ ਵੀ ਤਾੜਨਾ ਭਰੀ ਤਕਰੀਰ ਵਿਚ ਮੋਦੀ ਨੂੰ ਸਮਝਾਇਆ ਸੀ ਕਿ ਉਹ ਧਾਰਮਿਕ ਸੰਕੀਰਨਤਾ ਦੀ ਆਲੋਚਨਾ ਕਰਨ ਕਿਉਂਕਿ ਵਿਸ਼ਵ ਇਸ ਵਕਤ ਧਾਰਮਿਕ ਸੰਕੀਰਨਤਾ ਦੇ ਕਾਰਨ ਅਸੁਰ-ਖਿਅਤ ਅਤੇ ਦਹਿਸ਼ਤਗਰਦੀ ਵਿਚ ਘਿਰਿਆ ਹੋਇਆ ਹੈ। ਹਾਲਾਂਕਿ ਰਾਸ਼ਟਰਪਤੀ ਓਬਾਮਾ ਦੀ ਨਸੀਹਤ ਦਾ ਨਰਿੰਦਰ ਮੋਦੀ ਨੇ ਤੁਰੰਤ ਕੋਈ ਜਵਾਬ ਨਹੀਂ ਦਿੱਤੀ, ਪਰ ਦਿੱਲੀ ਵਿਚ ਲੱਗੇ ਝਟਕੇ ਤੋਂ ਬਾਅਦ ਨਰਿੰਦਰ ਮੋਦੀ ਨੇ ਆਪਣੀ ਚੁੱਪ ਤੋੜਦਿਆਂ ਧਾਰਮਿਕ ਸਹਿਣਸ਼ੀਲਤਾ ਦੀ ਨੀਤੀ ਤੇ ਚਲਦੇ ਰਹਿਣ ਦਾ ਐਲਾਨ ਕੀਤਾ ਹੈ। ਉਹਨਾਂ ਨੇ ਹਾਲ ਹੀ ਵਿਚ ਦਿੱਲੀ ਵਿਚ ਹੋਏ ਗਿਰਜਾ ਘਰਾਂ ਦੇ ਹਮਲਿਆਂ ਵਿਰੁੱਧ ਪੁਲਿਸ ਨੂੰ ਵੀ ਤਾੜਨਾ ਕੀਤੀ ਹੈ ਅਤੇ ਕਿਹਾ ਹੈ ਕਿ ਦੋਸ਼ੀਆਂ ਨੂੰ ਬਖਸ਼ਿਆ ਨਾ ਜਾਵੇ।

ਦਿੱਲੀ ਸਥਿਤ ਵਿਗਿਆਨ ਭਵਨ ਵਿਚ ਆਯੋਜਿਤ ਇਕ ਪ੍ਰੋਗਰਾਮ ਵਿਚ ਉਹਨਾਂ ਨੇ ਆਪਣੀ ਬਦਲੀ ਨੀਤੀ ਦਾ ਐਲਾਨ ਕਰ ਦਿੱਤਾ ਹੈ। ਉਹਨਾਂ ਨੇ ਕਿਹਾ ਕਿ ਮੇਰੀ ਸਰਕਾਰ ਮੁਕੰਮਲ ਧਾਰਮਿਕ ਆਜ਼ਾਦੀ ਯਕੀਨੀ ਬਣਾਵੇਗੀ ਕਿ ਹਰ ਇਕ ਵਿਅਕਤੀ ਨੂੰ ਬਿਨਾਂ ਕਿਸੇ ਡਰ ਜਾਂ ਲਾਲਚ ਤੋਂ ਆਪਣੀ ਪਸੰਦ ਦਾ ਧਰਮ ਅਪਣਾਉਣ ਅਤੇ ਬਰਕਰਾਰ ਰੱਖਣ ਦਾ ਬੇਰੋਕ ਹੱਕ ਹਾਸਲ ਹੋਵੇ। ਮੇਰੀ ਸਰਕਾਰ ਕਿਸੇ ਵੀ ਧਾਰਮਿਕ ਸਮੂਹ, ਉਹ ਭਾਵੇਂ ਬਹੁਗਿਣਤੀ ਨਾਲ ਸਬੰਧਤ ਹੋਵੇ ਜਾਂ ਕਿਸੇ ਘੱਟ ਗਿਣਤੀ ਨਾਲ, ਨੂੰ ਹੋਰਨਾਂ ਖਿਲਾਫ ਸਿੱਧੇ ਜਾਂ ਅਸਿੱਧੇ ਤੌਰ ਤੇ ਨਫਰਤ ਫੈਲਾਉਣ ਦੀ ਆਗਿਆ ਨਹੀਂ ਦੇਵੇਗੀ।

ਪ੍ਰਧਾਨ ਮੰਤਰੀ ਦੇ ਇਸ ਬਿਆਨ ਦੀ ਸ਼ਲਾਘਾ ਕਰਨੀ ਬਣਦੀ ਹੈ, ਬੇਸ਼ੱਕ ਦੇਰ ਨਾਲ ਹੀ ਸਹੀ, ਉਹਨਾਂ ਨੇ ਭਾਰਤੀ ਸਮਾਜ ਦੀ ਭਾਵਨਾ ਨੂੰ ਸਮਝਿਆ ਹੈ। ਭਾਰਤ ਦਾ ਸਮਾਜ ਇਕ ਧਰਮ ਤੇ ਆਧਾਰਿਤ ਮੁਲਕ ਅਤੇ ਸਮਾਜ ਦੀ ਕਲਪਨਾ ਤੋਂ ਬਹੁਤ ਦੂਰ ਹੈ। ਭਾਰਤ ਵਿਚ ਸਦੀਆਂ ਤੋਂ ਧਾਰਮਿਕ ਸਹਿਹੋਂਦ ਰਹੀ ਹੈ, ਭਾਵੇਂ ਕੋਈ ਧਰਮ ਬਹੁਗਿਣਤੀ ਵਿਚ ਹੋਵੇ, ਪਰ ਧਾਰਮਿਕ ਘੱਟ ਗਿਣਤੀਆਂ ਦੇ ਖਿਲਾਫ ਸੰਕੀਰਨਤਾ ਦਾ ਪੱਖ ਸਮਾਜ ਨੇ ਕਦੀ ਨਹੀਂ ਪੂਰਿਆ। ਜਦੋਂ ਵੀ ਕਿਸੇ ਸਮੂਹ ਨੇ ਧਾਰਮਿਕ ਸੰਕੀਰਨਤਾ ਪੱਖੋਂ ਅੱਤ ਚੁੱਕੀ ਹੈ, ਜਨਤਾ ਨੇ ਉਸ ਨੂੰ ਕਰਾਰਾ ਜਵਾਬ ਵੀ ਦਿੱਤਾ ਹੈ। ਭਾਰਤ ਵਿਚ ਧਾਰਮਿਕ ਪੱਖੋਂ ਹਿੰਦੂ ਬੇਸ਼ੱਕ ਬਹੁਗਿਣਤੀ ਵਿਚ ਹਨ, ਪਰ ਧਾਰਮਿਕ ਸੰਕੀਰਨਤਾ ਦੀ ਭਾਵਨਾ ਹਿੰਦੂ ਸਮਾਜ ਵਿਚ ਨਹੀਂ ਹੈ।

ਭਾਜਪਾ ਜੋ ਕਿ ਵਿਸ਼ਵ ਹਿੰਦੂ ਪ੍ਰੀਸ਼ਦ, ਆਰ. ਐਸ. ਐਸ. ਵਰਗੀਆਂ ਧਾਰਮਿਕ ਪੱਖੋਂ ਕੱਟੜਤਾ ਦਾ ਪੱਖ ਪੂਰਨ ਵਾਲੇ ਸਮੂਹਾਂ ਦੀ ਦੇਣ ਹੈ, ਪਰ ਜਦੋਂ ਵੀ ਸੱਤਾ ਵਿਚ ਆ ਕੇ ਇਸ ਪਾਰਟੀ ਨੇ ਧਾਰਮਿਕ ਸੰਕੀਰਨਤਾ ਉਤੇ ਚੁੱਪ ਵੱਟੀ ਹੈ ਤਾਂ ਸਮਾਜ ਨੇ ਇਸ ਨੂੰ ਕਰਾਰਾ ਜਵਾਬ ਦਿੱਤਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਵੀ ਇਸੇ ਸੰਦਰਭ ਵਿਚ ਦੇਖੇ ਜਾ ਸਕਦੇ ਹਨ। ਬਿਹਤਰ ਹੋਵੇਗਾ ਕਿ ਮਾਣਯੋਗ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਆਪਣੀ ਹਾਲੀਆ ਐਲਾਨੀ ਨੀਤੀ ਤੇ ਅਮਲ ਕਰਨ ਅਤੇ ਧਾਰਮਿਕ ਸੰਕੀਰਨਤਾ ਫੈਲਾਉਣ ਵਾਲੇ ਸਮੂਹਾਂ ਤੋਂ ਦੂਰ ਰਹਿ ਕੇ ਇਕ ਨਿਰਪੱਖ ਸਰਕਾਰ ਦੇਣ।



- ਤਰਸੇਮ ਜਲੰਧਰੀ

# ਦਿੱਲੀ ਵਿੱਚ ਚਰਚਾਂ ਤੇ ਹਮਲੇ



ਫਰੈਡੀ ਜੋਜ਼ਫ

ਭਾਰਤ ਵਿੱਚ ਈਸਾਈਅਤ ਵਿਰੋਧੀ ਤੱਤਾਂ ਨੇ ਪਿਛਲੇ ਦੋ ਮਹੀਨਿਆਂ ਵਿੱਚ ਦਿੱਲੀ ਵਿੱਚ 5 ਚਰਚਾਂ ਤੇ ਹਮਲੇ ਕੀਤੇ ਅਤੇ ਤੋੜ ਭੰਨ ਕੀਤੀ। ਇੰਨ੍ਹਾਂ ਘਟਨਾਵਾਂ ਨਾਲ ਦੇਸ਼ ਭਰ ਦੇ ਈਸਾਈਆਂ ਵਿੱਚ ਗੁੱਸੇ ਤੇ ਗ਼ਮ ਦੀ ਲਹਿਰ ਦੌੜ ਗਈ ਹੈ। ਬਾਹਰਲੇ ਦੇਸ਼ਾਂ ਵਿੱਚ ਬੈਠੇ ਭਾਰਤੀ ਈਸਾਈ ਵੀ ਬਹੁਤ ਚਿੰਤਤ ਹਨ। ਇਨ੍ਹਾਂ ਘਟਨਾਵਾਂ ਵਿਰੁਧ ਨਾ ਕੇਵਲ ਦਿੱਲੀ ਵਿੱਚ ਹੀ ਈਸਾਈਆਂ ਨੇ ਰੋਸ ਵਿਖਾਵਾ ਕੀਤਾ ਬਲਕਿ ਇੰਗਲੈਂਡ ਵਿੱਚ ਇੰਡੀਅਨ ਕਰਿਸਚੀਅਨ ਕਨਸਰਨ ਦੀ ਅਗਵਾਈ ਵਿੱਚ 7 ਫਰਵਰੀ ਨੂੰ ਬਹੁਤ ਜ਼ਬਰਦਸਤ ਰੋਸ ਵਿਖਾਵਾ ਕੀਤਾ ਗਿਆ। ਇੰਗਲੈਂਡ ਦੇ ਪ੍ਰਧਾਨ ਮੰਤਰੀ ਨੂੰ ਭਾਰਤੀ ਈਸਾਈਆਂ ਦੀ ਚਿੰਤਾ ਤੋਂ ਜਾਣੂ ਕਰਵਾਇਆ ਤੇ ਉਨ੍ਹਾਂ ਤੋਂ ਭਾਰਤ ਸਰਕਾਰ ਤੇ ਦਬਾਅ ਬਣਾਉਣ ਲਈ ਵੀ ਬੇਨਤੀ ਕੀਤੀ ਅਤੇ ਇੰਗਲੈਂਡ ਵਿੱਚ ਭਾਰਤੀ ਰਾਜਦੂਤ ਨੂੰ ਮੈਮੋਰੈਂਡਮ ਦਿੱਤਾ ਕਿ ਭਾਰਤ ਵਿੱਚ ਫਿਰਕਾਪ੍ਰਸਤ ਤਾਕਤਾਂ ਨੂੰ ਨੱਥ ਪਾਈ ਜਾਵੇ ਤੇ ਅਜੇਹੀਆਂ ਦੁਖਦਾਈ ਘਟਨਾਵਾਂ ਰੋਕੀਆਂ ਜਾਣ। ਅਜਿਹੇ ਮੈਮੋਰੰਡਮ ਅਮਰੀਕਾ ਦੇ ਰਾਸ਼ਟਰਪਤੀ ਅਤੇ ਕਨੇਡਾ ਦੇ ਪ੍ਰਧਾਨ ਮੰਤਰੀ ਨੂੰ ਵੀ ਦਿੱਤੇ ਜਾਣ ਦੀਆਂ ਖਬਰਾਂ ਮਿਲੀਆਂ ਹਨ।

ਭਾਰਤ ਵਿੱਚ ਹੁਣ ਤੱਕ ਜੋ ਈਸਾਈਆਂ ਤੇ ਬੀਤੀ ਹੈ ਤੇ ਬੀਤ ਰਹੀ ਹੈ, ਉਹ ਬਹੁਤ ਡੂੰਘੀ ਚਿੰਤਾ ਦਾ ਵਿਸ਼ਾ ਹੈ। ਉੜੀਸਾ ਵਿੱਚ ਇੱਕ ਆਸਟ੍ਰੇਲੀਆਈ ਡਾਕਟਰ ਨੂੰ ਉਸਦੇ ਦੋ ਨਿੱਕੇ ਨਿੱਕੇ ਬੱਚਿਆਂ ਸਮੇਤ ਜ਼ਿੰਦਾ ਜਲਾ ਦੇਣ, ਉੜੀਸਾ ਵਿੱਚ ਸੈਂਕੜੇ ਈਸਾਈਆਂ ਨੂੰ ਬੁਰੀ ਤਰ੍ਹਾਂ ਕੁਟ ਮਾਰ ਕਰਕੇ ਅਪੰਗ ਬਣਾ ਦਿਤੇ ਜਾਣ ਵਰਗੀਆਂ ਹਿਰਦੇ ਵਿਧੇਕ ਘਟਨਾਵਾਂ ਇਸ ਦੇਸ਼ ਨੇ ਦੇਖੀਆਂ ਹਨ। ਈਸਾਈਅਤ ਵਿਰੋਧੀ ਫਿਰਕੂ ਹਿੰਸਾ ਕੇਵਲ ਭਾਰਤ ਦੇ ਕੁਝ ਪ੍ਰਦੇਸ਼ਾਂ ਤੱਕ ਹੀ ਸੀਮਤ ਨਹੀਂ ਬਲਕਿ ਭਾਰਤ ਦੇ ਕੁਝ ਰਾਜਾਂ ਨੂੰ ਛੱਡ ਕੇ ਪੰਜਾਬ ਸਮੇਤ ਸਾਰੇ ਦੇਸ਼ ਵਿੱਚ ਚਲ ਰਹੀ ਹੈ।

ਵਿਚਾਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਕੀ ਈਸਾਈਆਂ ਨੇ ਕੋਈ ਯਤਨ ਕੀਤਾ? ਜਦ ਕੋਈ ਘਟਨਾ ਵਾਪਰੀ ਚਾਰ ਦਿਨ ਰੌਲਾ ਪਿਆ ਲੋਕਾਂ ਨੇ ਦੁਖ ਮਨਾਇਆ, ਛੋਟੇ ਮੋਟੇ ਵਿਖਾਵੇ ਕੀਤੇ ਅਤੇ ਗੱਲ ਆਈ ਗਈ ਹੋ ਗਈ। ਇਹ ਹਾਲ ਉਸ ਬਰਾਦਰੀ ਦਾ ਹੈ ਜੋ ਕਿ ਅੰਤਰ ਰਾਸ਼ਟਰੀ ਬਰਾਦਰੀ ਹੈ ਅਤੇ ਜਿਸ ਦੇ ਹੱਥ ਵਿੱਚ ਸੰਸਾਰ ਦਾ ਸਰਵਉਤਮ ਧਾਰਮਿਕ ਗ੍ਰੰਥ ਹੈ ਜਿਸਦੇ ਸਹਾਰੇ ਜ਼ੀਰੋ ਕਹਾਏ ਜਾਣ ਵਾਲੇ ਲੋਕ ਹੀਰੋ ਬਣ ਗਏ ਹਨ। ਭਾਰਤ ਵਿੱਚ ਨੁਕਸ ਕਿਥੇ ਹੈ? ਸਾਰਾ ਜੱਗ ਜਾਣਦਾ ਹੈ ਕਿ ਏਕਤਾ ਤੋਂ ਬਿਨਾਂ ਕੋਈ ਮਸਲਾ ਕਿਸੇ ਲੋਕਤੰਤਰ ਦੇਸ਼ ਵਿੱਚ ਹੱਲ ਨਹੀਂ ਹੁੰਦਾ। ਪ੍ਰਭੂ ਯਿਸੂ ਦਾ ਫੁਰਮਾਨ ਹੈ ਕਿ ਤੁਹਾਡੀ ਏਕਤਾ ਤੋਂ ਲੋਕ ਜਾਨਣਗੇ ਕਿ ਤੁਸੀ ਮੇਰੇ ਚੇਲੇ ਹੋ। ਪਰ ਏਕਤਾ ਹੋਣ ਕੌਣ ਨਹੀਂ ਦਿੰਦਾ? ਈਸਾਈਆਂ ਵਿੱਚ ਏਕਤਾ ਲਿਆਉਣੀ ਜਿਨ੍ਹਾਂ ਦੀ ਜ਼ਿੰਮੇਵਾਰੀ ਹੈ ਉਹ ਹੀ ਈਸਾਈਆਂ ਵਿੱਚ ਭਿਆਨਕ ਫੁੱਟ ਲਈ ਜ਼ਿੰਮੇਵਾਰ ਹਨ। ਪਰ ਕੌਣ ਕਹੇ ਰਾਣੀਏ ਤੈਨੂੰ ਅੱਗਾ ਢੱਕ। ਜਦ ਕੋਈ ਅਜੇਹੀ ਘਟਨਾ ਵਾਪਰਦੀ ਹੈ ਤਾਂ ਈਸਾਈਆਂ ਦੇ ਜ਼ਮੀਰ ਨੂੰ ਇਹ ਉਪਦੇਸ਼ ਦੇ ਕੇ ਸੁਆ ਦਿੱਤਾ ਜਾਂਦਾ ਹੈ ਕਿ ਯਿਸੂ ਮਸੀਹ ਦਾ ਫੁਰਮਾਨ ਹੈ ਕਿ ਤੇਰੀ ਇੱਕ ਗਲ੍ਹ ਤੇ ਥੱਪੜ ਮਾਰੇ ਤਾਂ ਦੂਸਰਾ ਪਾਸਾ ਵੀ ਉਸ ਵੱਲ ਕਰ ਦੇ (5:39) ਪਰ ਜਦ ਪ੍ਰਭੂ ਯਿਸੂ ਦੇ ਥੱਪੜ ਪਿਆ ਤਾਂ ਉਸਨੇ ਦੂਸਰੇ ਪਾਸਾ ਥੱਪੜ ਖਾਣ ਲਈ ਪੇਸ਼ ਕੀਤਾ? (ਯੂਹੰਨਾ 18:22-23) ਜਦ ਸੰਤ ਪੌਲੂਸ ਦੇ ਥੱਪੜ ਪਿਆ ਤਾਂ ਉਸਨੇ ਕਿਹਾ ਕਿ ਮੇਰੇ ਦੂਸਰੇ ਪਾਸੇ ਵੀ ਮਾਰ ਲੈ? (ਰਲੂਸਾਂ ਦੇ ਕੰਮ (22:2-3) ਅਸੀਂ ਸਮਝਦੇ ਹਾਂ ਕਿ ਬਹੁਤ ਬਰੀਕੀ ਨਾਲ ਪ੍ਰਭੂ ਯਿਸੂ ਦੀ ਸਿਖਿਆ ਦਾ ਅਧਿਐਨ ਕਰਨ ਦੀ ਲੋੜ ਹੈ। ਕਲਾਮ ਹਰ ਸਮਸਿਆ ਦਾ ਹੱਲ ਪੇਸ਼ ਕਰਦਾ ਹੈ। ਅਸੀਂ ਕਲਾਮ ਵਿਚੋਂ ਇਸ ਸਥਿਤੀ ਨਾਲ ਨਿਪਟਣ ਦਾ ਹੱਲ ਨਹੀਂ ਕੱਢ ਸਕੇ ਇਸ ਕਰਕੇ ਭਾਰਤ ਦੀ ਈਸਾਈ ਬਰਾਦਰੀ ਦੁਨੀਆਂ ਤੇ ਇੱਕ ਮਜ਼ਾਕ ਦਾ ਵਿਸ਼ਾ ਬਣ ਰਹਿ ਗਈ ਹੈ। ਆਉਣ ਵਾਲੀਆਂ ਨਸਲਾਂ ਵੀ ਸਾਨੂੰ ਉੱਲੂ ਹੀ ਸਮਝਣਗੀਆਂ।

# ਸੰਘ ਦੀ ਸੋਚ ਤੋਂ ਪ੍ਰਭਾਵਿਤ ਸਨ ਡਾ. ਅੰਬੇਦਕਰ- ਸੰਘ ਦਾ ਦਾਅਵਾ



ਭਾਗਵਤ ਨੇ ਕਿਹਾ- ਡਾ. ਅੰਬੇਦਕਰ ਦੀ ਸੀ ਇੱਛਾ ਕਿ ਭਗਵਾ ਝੰਡੇ ਨੂੰ ਕੌਮੀ ਝੰਡੇ ਵਲੋਂ ਸਥਾਪਿਤ ਕੀਤਾ ਜਾਵੇ ਹਿੰਦੂ ਰਾਸ਼ਟਰ ਅਤੇ ਹਿੰਦੂਤਵ ਨੂੰ ਲੈ ਕੇ ਹੁਣ ਤੱਕ ਚਰਚਾ ਵਿੱਚ ਰਹੇ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਮੁਖੀ ਮੋਹਨ ਭਾਗਵਤ ਨੇ ਇਕ ਬਿਆਨ ਜਾਰੀ ਕਰਕੇ ਇਕ ਨਵੀਂ ਚਰਚਾ ਨੂੰ ਜਨਮ ਦੇ ਦਿੱਤਾ ਹੈ। ਬੇਸ਼ੱਕ ਉਨਾਂ ਦਾ ਇਹ ਬਿਆਨ ਦਲਿਤ ਸਮਾਜ ਨੂੰ ਆਕਰਸ਼ਿਤ ਕਰਨ ਵੱਲ ਹੈ ਪਰ ਇਸ ਬਿਆਨ ਨੇ ਹੋਰਨਾਂ ਸਿਆਸੀ ਪਾਰਟੀਆਂ ਨੂੰ ਚਿੰਤਾਂ ਵਿੱਚ ਪਾ ਦਿੱਤਾ ਹੈ।

ਮੋਹਨ ਭਾਗਵਤ ਨੇ ਕਿਹਾ ਹੈ ਕਿ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜਿਨਾਂ ਭਾਰਤ ਸੰਵਿਧਾਨ ਦਾ ਨਿਰਮਾਣ ਕੀਤਾ, ਉਹ ਸੰਘ ਦੀ ਸੋਚ ਤੋਂ ਪ੍ਰਭਾਵਿਤ ਸਨ ਅਤੇ ਸੰਘ 'ਚ ਭਰੋਸਾ ਰਖਦੇ ਸਨ। ਉਨਾਂ ਇਹ ਵੀ ਦਾਅਵਾ ਕੀਤਾ ਹੈ ਕਿ ਡਾ. ਅੰਬੇਦਕਰ ਸੰਘ ਦੇ ਭਗਵਾ ਝੰਡੇ ਨੂੰ ਦੇਸ਼ ਦਾ ਕੌਮੀ ਝੰਡਾ ਬਣਾਉਣ ਦੀ ਵੀ ਇੱਛਾ ਰਖਦੇ ਸਨ। ਭਾਗਵਤ ਨੇ ਕਿਹਾ ਹੈ ਕਿ ਸਾਨੂੰ ਸਮਾਜਿਕ ਤੌਰ ਤੇ ਜਾਤੀਆਂ ਦੇ ਅੰਦਰ ਦੇ ਫਰਕ ਨੂੰ ਘੱਟ ਕਰਨ ਲਈ ਕੰਮ ਕਰਨਾ ਚਾਹੀਦਾ ਹੈ। ਡਾ. ਅੰਬੇਦਕਰ ਨੇ ਇਸ ਖੇਤਰ 'ਚ ਕਾਫੀ ਕੰਮ ਕੀਤਾ ਅਤੇ ਉਹ ਹਿੰਦੂਤਵ ਦੀ ਸੋਚ 'ਚ ਵੀ ਭਰੋਸਾ ਰੱਖਦੇ ਸਨ। ਭਾਗਵਤ ਨੇ ਕਿਹਾ ਕਿ ਡਾ. ਅੰਬੇਦਕਰ ਅਤੇ ਦੱਤੋਪੰਤ ਬਾਪੂ ਰਾਓ ਥੇਂਗੜੀ ਦੇ ਨਾਲ ਅਕਸਰ ਹਿੰਦੂਤਵ ਨੂੰ ਲੈ ਕੇ ਸੰਘ ਦੀ ਵਿਚਾਰਧਾਰਾ ਤੇ ਕਾਫੀ ਚਰਚਾ ਕਰਦੇ ਰਹੇ। ਥੇਂਗੜੀ ਟ੍ਰੇਡ ਯੂਨੀਅਨ ਦੇ ਵੀ ਨੇਤਾ ਸਨ ਅਤੇ ਸਵਦੇਸ਼ੀ ਜਾਗਰਣ ਮੈਚ ਦੇ ਸੰਸਥਾਪਕ ਮੰਨੇ ਜਾਂਦੇ ਸਨ। ਭਾਗਵਤ ਨੇ ਦਾਅਵਾ ਕੀਤਾ ਕਿ ਡਾ. ਅੰਬੇਦਕਰ ਅਕਸਰ ਇਹ ਕਹਿੰਦੇ ਸਨ ਕਿ ਸੰਘ ਹਿੰਦੂ ਜਾਤੀਆਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਦਾ ਕੰਮ ਕਰ ਰਿਹਾ ਹੈ।

# ਗਿਆਨ-ਵਿਗਿਆਨ



ਮੇਘ ਰਾਜ ਮਿੱਤਰ
+91-98887-87440

### ਕੀ ਜੋਗੀਆਂ ਦੀ ਬੀਨ ਦਾ ਸੱਪਾਂ ਤੇ ਕੋਈ ਪ੍ਰਭਾਵ ਹੁੰਦਾ ਹੈ?

ਸੱਪਾ ਦੇ ਕੰਨ ਨਹੀਂ ਹੁੰਦੇ। ਇਸ ਲਈ ਇਹਨਾਂ ਨੂੰ ਹਵਾ ਵਿਚਲੀਆਂ ਤਰੰਗਾਂ ਸੁਣਾਈ ਨਹੀਂ ਦਿੰਦੀਆਂ। ਧਰਤੀ ਰਾਹੀਂ ਆ ਰਹੀ ਪੈਰਾਂ ਦੀ ਖੜ ਖੜ ਇਸਨੂੰ ਚਮੜੀ ਰਾਹੀਂ ਸੁਣਾਈ ਦੇ ਜਾਂਦੀ ਹੈ। ਮਦਾਰੀ ਦੀ ਬੀਨ ਦੀਆਂ ਹਰਕਤਾਂ ਤੇ ਇਹ ਆਪਣੀ ਨਜ਼ਰ ਟਿੱਕ ਲੈਂਦਾ ਹੈ। ਇਸ ਤਰ੍ਹਾਂ ਜਦੋਂ ਮਦਾਰੀ ਆਪਣੀ ਬੀਨ ਨੂੰ ਗੇੜਾ ਦਿੰਦਾ ਹੈ ਤਾਂ ਸੱਪ ਵੀ ਆਪਣਾ ਸਿਰ ਉਸੇ ਦਿਸ਼ਾ ਵਿੱਚ ਘੁਮਾਉਂਦਾ ਹੈ।

### ਸੱਪ ਡੰਗ ਕਿਵੇਂ ਮਾਰਦਾ ਹੈ?

ਅੱਜ ਦੇ ਵਿਗਿਆਨਕਾਂ ਨੇ ਇਲਜੈਕਸ਼ਨ ਲਗਾਉਣ ਦਾ ਢੰਗ ਸੱਪ ਤੋਂ ਹੀ ਸਿੱਖਿਆ ਹੈ। ਸੱਪ ਦੇ ਸਿਰ ਵਿੱਚ ਜ਼ਹਿਰ ਦੀ ਥੈਲੀ ਹੁੰਦੀ ਹੈ। ਇਸਦੇ ਮੂਹਰਲੇ ਦੋ ਦੰਦਾਂ ਵਿੱਚ ਸੁਰਾਖ ਹੁੰਦੇ ਹਨ। ਡੰਗ ਮਾਰਨ ਸਮੇਂ ਇਹ ਆਪਣੇ ਦੰਦ ਸ਼ਿਕਾਰ ਦੇ ਸਰੀਰ ਵਿੱਚ ਦਾਖਲ ਕਰ ਦਿੰਦਾ ਹੈ ਤੇ ਸਿਰ ਨੂੰ ਮੋੜਾ ਦੇ ਕੇ ਜ਼ਹਿਰ ਵਾਲੀ ਥੈਲੀ ਤੇ ਦਬਾਉ ਪਾਉਂਦਾ ਹੈ। ਸਿੱਟੇ ਵਜੋਂ ਜ਼ਹਿਰ ਸ਼ਿਕਾਰ ਦੇ ਸਰੀਰ ਵਿੱਚ ਦਾਖਲ ਹੋ ਜਾਂਦਾ ਹੈ। ਇਸ ਲਈ ਸੱਪਾਂ ਨੂੰ ਰੱਖਣ ਵਾਲੇ ਯੋਗੀ ਸੱਪਾਂ ਨੂੰ ਫੜਨ ਸਮੇਂ ਹੀ ਉਸਦੇ ਅਗਲੇ ਦੋ ਦੰਦ ਕੱਢ ਦਿੰਦੇ ਹਨ। ਇਸ ਤਰ੍ਹਾਂ ਉਹ ਇਹਨਾਂ ਸੱਪਾਂ ਨੂੰ ਪਾਲਤੂ ਬਣਾ ਲੈਂਦੇ ਹਨ।

### ਛਿਪਕਲੀ ਕੰਧਾਂ ਤੇ ਕਿਵੇਂ ਤੁਰਦੀ ਹੈ?

ਤੁਸੀਂ ਘਰਾਂ ਵਿੱਚ ਛਿਪਕਲੀ ਨੂੰ ਕੰਧਾਂ ਤੇ ਛੱਤਾ ਉੱਤੇ ਤੁਰਦੀ ਨੂੰ ਵੇਖ ਕੇ ਇਹ ਜਰੂਰ ਸੋਚਦੇ ਹੋਵੇਗੇ ਕਿ ਕੀ ਇਹ ਨਿਊਟਨ ਦੇ ਗੁਰੂਤਾ ਖਿੱਚ ਸਿਧਾਂਤ ਦੀਆਂ ਧੱਜੀਆਂ ਉਡਾ ਰਹੀ ਹੈ। ਨਹੀਂ ਅਜਿਹਾ ਨਹੀਂ ਹੈ। ਵਿਗਿਆਨ ਦੇ ਨਿਯਮ ਸਦੀਵੀ ਸੱਚ ਹੁੰਦੇ ਹਨ। ਇਹ ਸਮੇਂ ਤੇ ਸਥਾਨਾਂ ਅਨੁਸਾਰ ਨਹੀਂ ਬਦਲਦੇ। ਪਰ ਕਿਸੇ ਹੋਰ ਨਿਯਮ ਦੀ ਵਰਤੋਂ ਕਰਕੇ ਇਹਨਾਂ ਨਿਯਮਾਂ ਦੇ ਵਿਰੋਧੀ ਕੰਮ ਵੀ ਕਰਵਾਏ ਜਾ ਸਕਦੇ ਹਨ। ਛਿਪਕਲੀ ਦੇ ਪੈਰ ਪੱਧਰੇ ਹੁੰਦੇ ਹਨ। ਇਸਦੇ ਪੈਰਾਂ ਦੀ ਚਮੜੀ ਵਿੱਚ ਹਜ਼ਾਰਾਂ ਹੀ ਬਰੀਕ-ਬਰੀਕ ਹੁੱਕਾਂ ਹੁੰਦੀਆਂ ਹਨ ਜੋ ਇਸਨੂੰ ਕੰਧਾਂ ਤੇ ਤੁਰਨ ਦੇ ਯੋਗ ਬਣਾਉਂਦੀਆਂ ਹਨ।

### ਗੰਡੋਏ ਬਰਸਾਤ ਦੇ ਮੌਸਮ ਵਿੱਚ ਕਿੱਥੋਂ ਆਉਂਦੇ ਹਨ?

ਗੰਡੋਏ ਖੁਸ਼ਕ ਮਿੱਟੀ ਵਿੱਚ ਨਹੀਂ ਰਹਿ ਸਕਦੇ ਹਨ। ਸੂਰਜ ਦੀ ਰੌਸ਼ਨੀ ਕੁਝ ਮਿੰਟਾਂ ਵਿੱਚ ਹੀ ਇਹਨਾਂ ਨੂੰ ਖੁਸ਼ਕ ਕਰਕੇ ਸਦਾ ਦੀ ਨੀਂਦ ਸੁਲਾ ਸਕਦੀ ਹੈ। ਇਸ ਲਈ ਇਹ ਖੁਸ਼ਕ ਮੌਸਮ ਵਿੱਚ ਧਰਤੀ ਦੇ ਥੱਲੇ ਚਲੇ ਜਾਂਦੇ ਹਨ। ਇਹ ਆਪਣਾ ਮੂੰਹ ਜਮੀਨ ਵਿੱਚ ਵਾੜ ਲੈਂਦੇ ਹਨ ਤੇ ਫੈਲਣ ਤੇ ਸੁੰਗੜਨ ਦੀ ਪ੍ਰਕ੍ਰਿਆ ਰਾਹੀਂ ਮਿੱਟੀ ਖਾਂਦੇ ਰਹਿੰਦੇ ਹਨ। ਇਸ ਤਰ੍ਹਾਂ ਜਮੀਨ ਵਿੱਚ ਕਈ ਇੰਚ ਥੱਲੇ ਸਿੱਲੀ ਥਾਂ ਦੇ ਚਲੇ ਜਾਂਦੇ ਹਨ। ਬਰਸਾਤ ਦੇ ਮੌਸਮ ਵਿੱਚ ਇਹਨਾਂ ਦੀਆਂ ਖੁੱਡਾਂ ਵਿੱਚ ਪਾਣੀ ਭਰ ਜਾਂਦਾ ਹੈ ਇਸ ਲਈ ਇਹ ਬਾਹਰ ਆ ਜਾਂਦੇ ਹਨ।

### ਜਾਨਵਰ ਖੁਦਕਸ਼ੀ ਕਿਉਂ ਕਰਦੇ ਹਨ?

ਮਹਾਂਰਾਸ਼ਟਰ ਦੇ ਜਿਲਾ ਥਾਣੇ ਦੇ ਪਿੰਡ ਮੁਰਾਬਾਦ ਵਿਖੇ ਮਾਲਸੇਜ ਨਾਮੀ ਘਾਟੀ ਹੈ। ਹਰ ਸਾਲ ਜੂਨ ਤੇ ਜੁਲਾਈ ਮਹੀਨਿਆਂ ਵਿੱਚ ਹਜ਼ਾਰਾਂ ਹੀ ਪੰਛੀ ਇਸ ਘਾਟੀ ਵਿੱਚ ਖੁਦਕਸ਼ੀ ਕਰ ਲੈਂਦੇ ਹਨ। ਵਿਗਿਆਨਕਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਤੇਜ ਹਵਾ ਤੇ ਧੁੰਦ ਕਾਰਨ ਪੰਛੀ ਅੰਨੇ ਹੋ ਜਾਂਦੇ ਹਨ ਫਿਰ ਉਹ ਮਹਾਂਰਾਸ਼ਟਰ ਸੈਰ ਸਪਾਟਾ ਵਿਭਾਗ ਦੀ ਇਮਾਰਤ ਨਾਲ ਜਾ ਟਕਰਾਉਂਦੇ ਹਨ। ਇਸ ਤਰ੍ਹਾਂ ਉਹ ਮੌਤ ਦਾ ਸ਼ਿਕਾਰ ਹੋ ਜਾਂਦੇ ਹਨ।

ਅਸਾਮ ਵਿੱਚ ਜਾਤਿੰਗਾ ਦੇ ਸਥਾਨ ਤੇ ਵੀ ਅਜਿਹਾ ਹੀ ਵਾਪਰਦਾ ਹੈ। ਅਗਸਤ ਤੇ ਅਕਤੂਬਰ ਤੇ ਮਹੀਨਿਆਂ ਵਿੱਚ ਮੱਸਿਆ ਵਾਲੀ ਰਾਤ ਨੂੰ ਲੱਖਾਂ ਹੀ ਜਾਨਵਰ ਇਸ ਸਥਾਨ ਤੇ ਖੁਦਕਸ਼ੀ ਕਰਦੇ ਹਨ।

ਡਾਕਟਰ ਸੁਧੀਰ ਸੈਨ ਗੁਪਤਾ ਅਨੁਸਾਰ ਇਸ ਸਮੇਂ ਤਾਪਮਾਨ 22 ਤੋਂ 24 ਡਿਗਰੀ ਸੈਲਸੀਅਸ ਹੁੰਦਾ ਹੈ ਤੇ ਹਵਾ ਦੀ ਦਿਸ਼ਾ ਉੱਤਰ ਤੋਂ ਪੱਛਮ ਵੱਲ ਹੁੰਦੀ ਹੈ। ਉਹਨਾਂ ਅਨੁਸਾਰ ਧਰਤੀ ਦੇ ਚੁੰਬਕੀ ਖੇਤਰ ਦੀ ਤੀਬਰਤਾ ਵਿੱਚ ਤਬਦੀਲੀ ਜਾਨਵਰਾਂ ਵਿੱਚ ਖੁਦਕਸ਼ੀ ਦਾ ਰੁਝਾਨ ਪੈਦਾ ਕਰਦੀ ਹੈ।

### ਕੀ ਛਲੇਡਾ ਹੁੰਦਾ ਹੈ?

ਪੰਜਾਬ ਦੇ ਪਿੰਡਾਂ ਵਿੱਚ ਇਹ ਅੰਧ ਵਿਸ਼ਵਾਸ਼ ਆਮ ਹੀ ਪ੍ਰਚੱਲਿਤ ਹੈ ਕਿ ਛਲੇਡਾ ਨਾਂ ਦਾ ਅਜਿਹਾ ਜਾਨਵਰ ਹੁੰਦਾ ਹੈ ਜੋ ਆਪਣੀਆਂ ਸ਼ਕਲਾਂ ਬਦਲਦਾ ਰਹਿੰਦਾ ਹੈ। ਕਦੇ ਕੁੱਤੇ ਤੋਂ ਬਿੱਲੀ ਵਿੱਚ, ਕਦੇ ਬਿੱਲੀ ਤੋਂ ਔਰਤ ਵਿੱਚ ਅਤੇ ਕਦੇ ਬਾਂਦਰ ਤੋਂ ਸ਼ੇਰ ਵਿੱਚ ਬਦਲ ਜਾਂਦਾ ਹੈ। ਪਰ ਵਿਗਿਆਨਕ ਨਿਯਮਾਂ ਅਨੁਸਾਰ ਅਜਿਹਾ ਅਸੰਭਵ ਹੈ। ਇਸ ਲਈ ਇਹ ਇੱਕ ਪਰੀ ਕਹਾਣੀਆਂ ਦੀ ਤਰ੍ਹਾਂ ਹੀ ਕੋਰੀ ਕਲਪਨਾ ਹੈ। ਗਿਰਗਿਟ ਵਰਗੇ ਕੁਝ ਜਾਨਵਰ ਆਪਣੇ ਸਰੀਰ ਦੇ ਦਾਣਿਆਂ ਦੀ ਗਤੀ ਕਰਕੇ ਆਪਣਾ ਰੰਗ ਤਾਂ ਜਰੂਰ ਬਦਲ ਸਕਦੇ ਹਨ। ਪਰ ਛਲੇਡਾ ਇੱਕ ਕਲਪਨਾ ਤੋਂ ਸਵਾਏ ਕੁਝ ਨਹੀਂ ਹੈ।

### ਅਮੀਬੇ ਵਿੱਚ ਜਣਨ ਕ੍ਰਿਆ ਕਿਵੇਂ ਹੁੰਦੀ ਹੈ?

ਧਰਤੀ ਤੇ ਉਪਲਬਧ ਜੀਵਾਂ ਦੀਆਂ ਸਾਰੀਆਂ ਕਿਸਮਾਂ ਵਿੱਚੋਂ ਅਮੀਬਾ ਸਭ ਤੋਂ ਸਧਾਰਣ ਪ੍ਰਾਣੀ ਹੈ। ਇਸਦਾ ਸਾਰਾ ਸਰੀਰ ਇੱਕ ਸੈੱਲ ਤੋਂ ਹੀ ਬਣਿਆ ਹੁੰਦਾ ਹੈ। ਇਸਦਾ ਆਕਾਰ ਇੱਕ ਸੈਂਟੀਮੀਟਰ ਦੇ ਦਸਵੇਂ ਹਿੱਸੇ ਤੋਂ ਵੀ ਘੱਟ ਹੁੰਦਾ ਹੈ। ਜਿਉਂ ਹੀ ਇਸਦਾ ਆਕਾਰ ਵਧਦਾ ਹੈ ਉਹ ਵਿਚਕਾਰੋਂ ਸੁੰਗੜਨਾ ਸ਼ੁਰੂ ਹੋ ਜਾਦਾ ਹੈ ਤੇ ਕੁਝ ਸਮੇਂ ਬਾਅਦ ਇਸਦੇ ਦੋ ਅਮੀਬੇ ਬਣ ਜਾਂਦੇ ਹਨ। ਇਸ ਤਰ੍ਹਾਂ ਇਹ ਆਪਣੀ ਸੰਤਾਨ ਵਿੱਚ ਵਾਧਾ ਕਰਦੇ ਹਨ।

### ਸਪੰਜ ਕੀ ਹੈ?

ਸੰਪਜ ਇੱਕ ਪ੍ਰਾਚੀਨ ਕਿਸਮ ਦਾ ਸਮੁੰਦਰ ਵਿੱਚ ਪੈਦਾ ਹੋਣ ਵਾਲਾ ਜੀਵ ਹੈ। ਇਹ ਤੁਰ ਫਿਰ ਨਹੀਂ ਸਕਦਾ। ਇਸ ਲਈ ਇਸਨੂੰ ਆਪਣੀ ਖੁਰਾਕ ਲਈ ਸਮੁੰਦਰ ਦਾ ਪਾਣੀ ਸੁਰਾਖਾਂ ਰਾਹੀਂ ਆਪਣੇ ਅੰਦਰ ਲੈ ਜਾਣਾ ਪੈਂਦਾ ਹੈ ਤੇ ਟੀਸੀ ਰਾਹੀਂ ਇਸ ਪਾਣੀ ਨੂੰ ਬਾਹਰ ਕੱਢਦਾ ਰਹਿੰਦਾ ਹੈ। ਇਸ ਤਰ੍ਹਾਂ ਸਮੁੰਦਰੀ ਪਾਣੀ ਤੋਂ ਹੀ ਉਹ ਆਪਣੀ ਖੁਰਾਕ ਪ੍ਰਾਪਤ ਕਰਦਾ ਹੈ। ਸਮੁੰਦਰਾਂ ਵਿੱਚੋਂ ਮਿਲਣ ਵਾਲੀ ਸਪੰਜ ਦੀ ਵਰਤੋਂ ਅੱਜ ਕੱਲ ਬਹੁਤ ਘੱਟ ਹੋ ਗਈ ਹੈ। ਕਾਰਾਂ ਤੇ ਘਰੇਲੂ ਸੋਫਿਆਂ ਤੇ ਕੁਰਸੀਆਂ ਦੀਆਂ ਸੀਟਾਂ ਵਾਲੀ ਸਪੰਜ ਤਾਂ ਕਾਰਖਾਨਿਆਂ ਵਿੱਚ ਹੀ ਤਿਆਰ ਹੁੰਦੀ ਹੈ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪ੍ਰਸਿੱਧ ਦਲਿਤ ਸਾਹਿਤਕਾਰ, ਆਲੋਚਕ ਅਤੇ ਬੋਧ ਵਿਚਾਰਕ ਪ੍ਰੋ. ਤੁਲਸੀ ਰਾਮ ਦਾ ਦੇਹਾਂਤ

ਪ੍ਰਸਿੱਧ ਦਲਿਤ ਸਾਹਿਤਕਾਰ, ਆਲੋਚਕ ਅਤੇ ਬੋਧ ਵਿਚਾਰਕ ਪ੍ਰੋ. ਤੁਲਸੀ ਰਾਮ ਦਾ ਬੀਤੀ 13 ਫਰਵਰੀ 2015 ਨੂੰ ਦੇਹਾਂਤ ਹੋ ਗਿਆ। ਦਲਿਤ ਸਾਹਿਤ ਅਤੇ ਅੰਬੇਦਕਰੀ ਅੰਦੋਲਨ ਦੇ ਲਈ ਉਹ ਪੂਰਨ ਤੌਰ ਤੇ ਸਮਰਪਿਤ ਰਹੇ। ਉਹਨਾਂ ਨੇ ਆਪਣੀ ਲੇਖਣੀ ਨਾਲ ਦਲਿਤ ਸਾਹਿਤ ਦੇ ਵਿਕਾਸ ਵਿਚ ਇਕ ਅਹਿਮ ਭੂਮਿਕਾ ਅਦਾ ਕੀਤੀ ਹੈ ਅਤੇ ਉਸਨੂੰ ਇਕ ਨਵੀਂ ਉਚਾਈ ਪ੍ਰਦਾਨ ਕੀਤੀ ਹੈ। ਉਹਨਾਂ ਦੇ ਇਸ ਮਹੱਤਵਪੂਰਨ ਸਾਹਿਤਕ ਯੋਗਦਾਨ ਦੇ ਲਈ ਉਹਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਵੇਗਾ। ਦੁੱਖ ਦੀ ਇਸ ਘੜੀ ਵਿਚ ਸਾਡੀਆਂ ਸ਼ੋਕ ਸੰਵੇਦਨਾਵਾਂ ਉਹਨਾਂ ਦੇ ਪਰਿਵਾਰ ਦੇ ਨਾਲ ਹਨ। ਅਸੀਂ ਪ੍ਰਾਰਥਨਾ ਕਰਦੇ ਹਾਂ ਕਿ ਉਹਨਾਂ ਦੇ ਪਰਿਵਾਰ ਨੂੰ ਇਸ ਦੁਖਦਾਇਕ ਸਦਮੇ ਨੂੰ ਸਹਿਣ ਕਰਨ ਦੀ ਸ਼ਕਤੀ ਪ੍ਰਦਾਨ ਕਰੇ। 'ਮੁਰਦਹਿਆ' ਅਤੇ 'ਮਣੀਕਰਣਿਕਾ' ਦੇ ਮਹਾਨ ਲੇਖਕ ਪ੍ਰੋ. ਤੁਲਸੀ ਰਾਮ ਨੂੰ ਸੈਂਟਰ ਫਾਰ ਦਲਿਤ ਲਿਟਰੇਚਰ ਐਂਡ ਆਰਟ, ਦਲਿਤ ਅਸਿਮਤਾ, ਇੰਡੀਅਨ ਇੰਸਟੀਚਿਊਟ ਆਫ ਦਲਿਤ ਸਟੱਡੀਜ਼ ਅਤੇ ਦਲਿਤ ਸਾਹਿਤ ਮੰਚ ਦੇ ਸਾਰੇ ਪਰਿਵਾਰ ਵੱਲੋਂ ਭਾਵ ਭਿੰਨੀ ਸ਼ਰਧਾਂਜਲੀ। 'ਅਦਾਰਾ ਦੇਸ਼ ਦੁਆਬਾ' ਪ੍ਰੋ. ਤੁਲਸੀ ਰਾਮ ਨੂੰ ਭਾਵ ਭਿੰਨੀ ਸ਼ਰਧਾਂਜਲੀ ਭੇਂਟ ਕਰਦਾ ਹੈ।



**– ਪ੍ਰੋ: ਵਿਮਲ ਥੋਰਾਤ**
**ਦਲੀਪ ਕਠੇਰੀਆ**
**ਸੈਂਟਰ ਫਾਰ ਦਲਿਤ ਲਿਟਰੇਚਰ ਐਂਡ ਆਰਟ, ਨਵੀਂ ਦਿੱਲੀ।**

# ਆਂਧਰਾ ਪ੍ਰਦੇਸ਼ ਦੇ ਗਰੀਬ, ਦਲਿਤ-ਆਦਿਵਾਸੀ ਬੱਚਿਆਂ ਨੇ ਐਵਰੈਸਟ ਫਤਿਹ ਕੀਤਾ

## ਮਜ਼ਦੂਰ-ਮਕੈਨਿਕ ਦੇ ਬੱਚੇ ਅੰਬੇਦਕਰ ਦੀਆਂ ਤਸਵੀਰਾਂ ਲੈ ਕੇ ਗਏ

**ਨਵੀਂ ਦਿੱਲੀ–** ਆਂਧਰਾ ਪ੍ਰਦੇਸ਼ ਵਿਚ ਇਕ ਆਦਿਵਾਸੀ ਖੇਤ ਮਜ਼ਦੂਰ ਦੀ 13 ਸਾਲ ਦੀ ਲੜਕੀ ਅਤੇ ਇਕ ਦਲਿਤ ਸਾਈਕਲ ਮਕੈਨਿਕ ਦੇ ਲੜਕੇ ਨੇ ਮਾਊਂਟ ਐਵਰੈਸਟ ਫਤਿਹ ਕਰਕੇ ਇਤਿਹਾਸ ਰਚ ਦਿੱਤਾ ਹੈ। ਦੋਵੇਂ ਬੱਚੇ 9ਵੀਂ ਕਲਾਸ ਵਿਚ ਪੜ੍ਹਦੇ ਹਨ। ਆਂਧਰਾ ਪ੍ਰਦੇਸ਼ ਦੇ ਨਿਜਾਮਾਬਾਦ ਜ਼ਿਲ੍ਹੇ ਦੇ ਇਕ ਸਰਕਾਰੀ ਸਕੂਲ ਵਿਚ 9ਵੀ ਕਲਾਸ ਵਿਚ ਪੜ੍ਹਦੀ, ਖੇਤ ਮਜ਼ਦੂਰ ਦੀ ਲੜਕੀ ਆਰ ਪੁਰਸ਼ਾ ਸਭ ਤੋਂ ਘੱਟ ਉਮਰ 13 ਸਾਲ ਦੀ ਉਮਰ ਵਿਚ ਐਵਰੈਸਟ ਫਤਿਹ ਕਰਨ ਵਾਲੀ ਪਹਿਲੀ ਲੜਕੀ ਬਣ ਗਈ ਹੈ, ਜਦਕਿ ਰਾਜ ਦੇ ਖਮਨ ਜ਼ਿਲ੍ਹੇ ਦੇ ਇਕ ਦਲਿਤ ਸਾਈਕਲ ਮਕੈਨਿਕ ਦਾ ਲੜਕਾ 9ਵੀਂ ਕਲਾਸ ਵਿਚ ਹੀ ਪੜ੍ਹਦਾ ਹੈ। ਉਸ ਦੀ ਉਮਰ 17 ਸਾਲ ਅਤੇ ਨਾਂ ਆਨੰਦ ਕੁਮਾਰ ਹੈ, ਜੋ ਐਵਰੈਸਟ ਫਤਿਹ ਕਰਨ ਵਾਲਾ ਪਹਿਲਾ ਦਲਿਤ ਬਣ ਗਿਆ ਹੈ।

ਇਹ ਦੋਵੇਂ ਬੱਚੇ ਅਤੇ ਇਹਨਾਂ ਦੀ ਪਾਰਟੀ ਦਾ ਇਕ ਹੋਰ ਮੈਂਬਰ ਸ਼ੇਖਰ ਬਾਬੂ ਪਰਬਤ ਦੇ ਉਤਰ ਵੱਲ ਚੀਨ ਵੱਲੋਂ ਮਾਊਂਟ ਐਵਰੈਸਟ ਚੜ੍ਹੇ, ਇਸ ਕਰਕੇ ਦੱਖਣ ਵਿਚ ਨੇਪਾਲ ਵੱਲ ਦੇ ਰਸਤੇ ਵਿਚ ਇਸ ਸਾਲ ਅਪ੍ਰੈਲ ਵਿਚ ਆਏ ਬਰਫੀਲੇ ਤੂਫਾਨ ਦਾ ਸ਼ਿਕਾਰ ਹੋਣ ਤੋਂ ਬਚ ਗਏ। ਇਸ ਤੂਫਾਨ ਵਿਚ 16 ਲੋਕ ਮਾਰੇ ਗਏ ਸਨ ਅਤੇ ਇਹ ਰਸਤਾ ਬੰਦ ਕਰ ਦਿੱਤਾ ਸੀ। ਇਹ ਤਿੰਨੇ ਆਂਧਰਾ ਪ੍ਰਦੇਸ਼ ਦੁਆਰਾ ਚਲਾਈ ਜਾਂਦੀ ਸਮਾਜ ਕਲਿਆਣ ਸੰਸਥਾ ਨਾਲ ਜੁੜੇ ਹਨ।

# ਰਾਸ਼ਟਰਪਤੀ ਉਬਾਮਾ ਸਜਾ ਪੂਰੀ ਕਰ ਚੁੱਕੇ ਸਿੱਖ ਕੈਦੀਆਂ ਦੀ ਰਿਹਾਈ ਲਈ ਦਖਲ ਦੇਣ-ਧੂਤ

**ਮਿਲਪੀਟਸ (ਕੈਲੀਫੋਰਨੀਆ)–** ਨਾਰਥ ਅਮਰੀਕਨ ਪੰਜਾਬੀ ਐਸੋਸ਼ੀਏਸ਼ਨ (ਨਾਪਾ) ਦੇ ਚੇਅਰਮੈਨ ਸ: ਦਲਵਿੰਦਰ ਸਿੰਘ ਧੂਤ ਨੇ ਅਮਰੀਕਾ ਦੇ ਰਾਸ਼ਟਰਪਤੀ ਬਾਰਕ ਉਬਾਮਾ ਨੂੰ ਲਿਖੇ ਇਕ ਪਤਰ ਰਾਹੀਂ ਬੇਨਤੀ ਕੀਤੀ ਹੈ ਕਿ ਉਹ ਭਾਰਤ ਦੀਆਂ ਵੱਖ ਵੱਖ ਜੇਲਾਂ ਵਿਚ ਨਜਰਬੰਦ ਉਹਨਾਂ ਕੈਦੀਆਂ ਦੀ ਤੁਰੰਤ ਰਿਹਾਈ ਲਈ ਤੁਰੰਤ ਦਖਲ ਦੇਣ ਜਿਹਨਾਂ ਕੈਦੀਆਂ ਨੇ ਆਪਣੀ ਸਜਾ ਪੂਰੀ ਕਰ ਲਈ ਹੈ। ਸ: ਧੂਤ ਨੇ ਕਿਹਾ ਕਿ ਅਮਰੀਕਾ ਨੂੰ ਦੁਨੀਆਂ ਭਰ ਵਿਚ ਮਨੁਖੀ ਅਧਿਕਾਰਾਂ ਦਾ ਰਖਵਾਲਾ ਸਮਝਿਆ ਜਾਂਦਾ ਹੈ ਇਸ ਲਈ ਰਾਸ਼ਟਰਪਤੀ ਉਬਾਮਾ ਦਾ ਇਹ ਨੈਤਿਕ ਫਰਜ ਵੀ ਬਣ ਜਾਂਦਾ ਹੈ ਕਿ ਉਹ ਇਸ ਸਬੰਧੀ ਆਪਣੇ ਅਸਰ ਰਸੂਖ ਦੀ ਵਰਤੋਂ ਕਰਨ।ਸ: ਧੂਤ ਨੇ ਦਸਿਆ ਕਿ ਇਹਨਾਂ ਕੈਦੀਆਂ ਵਿਚ ਬਹੁਤ ਸਾਰੇ ਅਜਿਹੇ ਕੈਦੀ ਵੀ ਹਨ ਜਿਹੜੇ 60 ਸਾਲ ਨਾਲੋਂ ਵੀ ਜਿਆ ਉਮਰ ਪਾਰ ਕਰ ਚੁਕੇ ਹਨ ਤੇ ਉਹ ਸਰੀਰਕ ਤੌਰ ਤੇ ਬਹੁਤ ਕਮਜੋਰ ਹੋ ਚੁਕੇ ਹਨ ।ਅਜਿਹੇ ਕੈਦੀਆਂ ਵਿਚ ਹੋਰਨਾਂ ਤੋਂ ਇਲਾਵਾ ਹਰਭਜਨ ਸਿੰਘ (60), ਮਾਨ ਸਿੰਘ (70), ਹਰਭਜਨ ਸਿੰਘ (85), ਬਲਵਿੰਦਰ ਸਿੰਘ (62), ਮੋਹਨ ਸਿੰਘ (73), ਸਰੂਪ ਸਿੰਘ (65),ਅਵਤਾਰ ਸਿੰਘ (77), ਸੇਵਾ ਸਿੰਘ (74), ਗੁਰਜੰਟ ਸਿੰਘ (72)। ਸ: ਧੂਤ ਨੇ ਇਸ ਗਲ ਤੇ ਦੁਖ ਪਰਗਟ ਕੀਤਾ ਕਿ ਜਦ ਅਸਾਮ ਦੀ ਪਾਬੰਦੀ ਸ਼ੁਦਾ ਯੂਨਾਈਟਡ ਲਿਬਰੇਸ਼ਨ ਫਰੰਟ ਤੇ ਕਸ਼ਮੀਰੀ ਕਟੜਪੰਥੀਆਂ ਨੂੰ ਰਿਹਾ ਕਰਕੇ ਮੁਖ ਧਾਰਾ ਵਿਚ ਲਿਆਂਦਾ ਜਾ ਸਕਦਾ ਹੈ ਤਾਂ 25 ਸਾਲ ਤੋਂ ਵੀ ਜਿਆਦਾ ਭਗਤ ਚੁਕੇ ਇਹਨਾਂ ਕੈਦੀਆਂ ਨੂੰ ਰਿਹਾ ਨਾ ਕਰਕੇ ਇਹਨਾਂ ਨਾਲ ਕਿਉਂ ਬੇਇਨਸਾਫੀ ਕੀਤੀ ਜਾ ਰਹੀ ਹੈ। ਇਹਨਾਂ ਕੈਦੀਆਂ ਦੀ ਰਿਹਾਈ ਲਈ ਮਰਨ ਵਰਤ ਤੇ ਬੈਠੇ ਨਾਪਾ ਦੇ ਡਾਇਰੈਕਟਰ ਬਾਪੂ ਸੂਰਤ ਸਿੰਘ ਖਾਲਸਾ ਦੀ ਦਿਨੋ ਦਿਨ ਵਿਗੜ ਰਹੀ ਹਾਲਤ ਉਪਰ ਚਿੰਤਾ ਪਰਗਟ ਕਰਦਿਆਂ ਸ: ਧੂਤ ਨੇ ਕਿਹਾ ਕਿ ਅਗਰ ਬਾਪੂ ਸੂਰਤ ਸਿੰਘ ਖਾਲਸਾ ਨੂੰ ਕੁਝ ਹੋ ਜਾਂਦਾ ਹੈ ਤਾਂ ਇਹ ਲੋਕ ਤੰਤਰ ਤੇ ਮਨੁਖੀ ਅਧਿਕਾਰਾਂ ਦਾ ਢੰਢੋਰਾ ਪਿਟਣ ਵਾਲੀਆਂ ਸਰਕਾਰਾਂ ਦੇ ਮੱਥੇ ਉਪਰ ਕਲੰਕ ਹੋਵੇਗਾ।



# ਘਰ ਵਾਪਸੀ ਦੇ ਨਾਂ ਤੇ ਲੋਕਾਂ ਦਾ ਜਬਰੀ ਧਰਮ ਪਰਿਵਰਤਨ ਬੰਦ ਕੀਤਾ ਜਾਵੇ - ਕਨੇਡਾ ਦੇ ਭਾਰਤੀ ਈਸਾਈਆਂ ਦੀ ਮੰਗ

**ਟੋਰਾਂਟੋ (ਦਲਜੀਤ ਸਿੰਘ)** ਰੈਵਰੈਂਡ ਸੋਲੋਮਨ ਨਾਜ਼ ਦੀ ਅਗਵਾਈ ਵਿੱਚ ਕਨੇਡਾ ਦੇ ਕੁਝ ਚਰਚਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਦੇ ਨਾਂ ਲਿਖੇ ਪੱਤਰ ਵਿੱਚ ਮੰਗ ਕੀਤੀ ਹੈ ਕਿ ਘਰ ਵਾਪਸੀ ਦੇ ਨਾਂ ਤੇ ਭਾਰਤ ਵਿੱਚ ਈਸਾਈਆਂ ਦਾ ਜਬਰੀ ਧਰਮ ਪਰਿਵਰਤਨ ਬੰਦ ਕੀਤਾ ਜਾਵੇ। ਪੱਤਰ ਵਿੱਚ ਕਿਹਾ ਗਿਆ ਹੈ ਕਿ ਈਸਾਈ ਇੱਕ ਸ਼ਾਂਤੀ ਪ੍ਰਿਯ ਜਮਾਤ ਹੈ ਜਿਸਦੀ ਭਾਰਤ ਨੂੰ ਬਹੁਤ ਵੱਡੀ ਦੇਣ ਹੈ। ਇਸ ਦੇਸ਼ ਵਿੱਚ ਵਿਦਿਆ ਦੀ ਅਧੁਨਿਕ ਪ੍ਰਣਾਲੀ ਤੇ ਸਾਇੰਸ ਤੇ ਅਧਾਰਿਤ ਸਿਹਤ ਸੇਵਾਵਾਂ ਈਸਾਈ ਹੀ ਇਸ ਦੇਸ਼ ਵਿੱਚ ਲੈ ਕੇ ਆਏ ਅਤੇ ਉਨ੍ਹਾਂ ਨੇ ਹੀ ਭਾਰਤ ਵਿੱਚ ਮੌਜੂਦ ਅਨੇਕਾਂ ਸਮਾਜਿਕ ਬੁਰਾਈਆਂ ਵਿਰੁਧ ਜੇਹਾਦ ਕੀਤੇ ਜਿਵੇਂ ਕਿ ਸਤੀ ਦੀ ਰਸਮ, ਬਾਲ ਵਿਆਹ, ਔਰਤ ਨੂੰ ਪੈਰ ਦੀ ਜੁੱਤੀ ਸਮਝਣਾ, ਔਰਤ ਨੂੰ ਵਿਦਿਆ ਦਾ ਅਧਿਕਾਰ ਨਾ ਦੇਣਾ ਅਤੇ ਮਰਦ ਦੀ ਗੁਲਾਮ ਬਣਾ ਕੇ ਰੱਖਣਾ, ਜਾਤ ਪਾਤ ਤੇ ਛੂਆ ਛਾਤ ਆਦਿ। ਭਾਰਤ ਵਿੱਚ ਸ਼ੂਦਰ ਕਰਾਰ ਦਿੱਤੇ ਗਏ ਲੋਕਾਂ ਨੂੰ ਅਛੂਤ ਕਰਾਰ ਦੇ ਕੇ ਉਨ੍ਹਾਂ ਨੂੰ ਉਨ੍ਹਾਂ ਦੇ ਹਰ ਪ੍ਰਕਾਰ ਦੇ ਹੱਕਾਂ ਤੋਂ ਵਾਂਝਿਆ ਕੀਤਾ ਹੋਇਆ ਸੀ। ਉਹ ਕਿਸੇ ਮੰਦਰ ਨਹੀਂ ਜਾ ਸਕਦੇ ਸਨ, ਖ਼ੁਦਾ ਦੀ ਬੰਦਗੀ ਨਹੀਂ ਕਰ ਸਕਦੇ ਸਨ। ਉਹ ਅਪਮਾਨ ਦੀ ਜ਼ਿੰਦਗੀ ਜੀਉਣ ਲਈ ਬੇਬਸ ਸਨ। ਨਾ ਹੀ ਸਨਮਾਨਯੋਗ ਕਿੱਤੇ ਅਪਨਾ ਸਕਦੇ ਸਨ। ਅਜੇਹੇ ਲੋਕਾਂ ਨੂੰ ਈਸਾਈਆਂ ਨੇ ਹੀ ਛਾਤੀ ਨਾਲ ਲਾ ਕੇ ਉਨ੍ਹਾਂ ਨੂੰ ਖ਼ੁਦਾ ਦੇ ਘਰ ਨਾਲ ਜੋੜਿਆ ਅਤੇ ਉਨ੍ਹਾਂ ਨੂੰ ਸਨਮਾਨ ਦਾ ਜੀਵਨ ਪ੍ਰਦਾਨ ਕੀਤਾ। ਈਸਾਈਆਂ ਨੇ ਕਿਸੇ ਦਾ ਵੀ ਧਰਮ ਪਰਿਵਰਤਨ ਜ਼ਬਰਦਸਤੀ ਜਾਂ ਲਾਲਚ ਨਹੀਂ ਨਹੀਂ ਕੀਤਾ। ਬਲਕਿ ਲੋਕਾਂ ਦੇ ਦਿਲ ਪ੍ਰੇਮ ਨਾਲ ਜਿੱਤੇ। ਈਸਾਈਆਂ ਦੀ ਇਸ ਦੇਸ਼ ਨੂੰ ਕਈ ਪੱਖਾਂ ਤੋਂ ਭਾਣੀ ਦੇਣ ਹੈ। ਈਸਾਈ ਕਦੀ ਵੀ ਵੱਖਵਾਦੀ ਨਹੀਂ ਰਹੇ। ਨਾ ਹੀ ਉਨ੍ਹਾਂ ਨੇ ਕੋਈ ਵੱਖਰੀ ਸਿਆਸੀ ਪਾਰਟੀ ਬਣਾਈ – ਹਾਲਾਂਕਿ ਇਹ ਉਨ੍ਹਾਂ ਦਾ ਹੱਕ ਹੈ– ਈਸਾਈ ਆਪਣੀ ਪਸੰਦ ਦੇ ਉਮੀਦਵਾਰ ਨੂੰ ਵੋਟ ਪਾਉਣ ਲਈ ਅਜ਼ਾਦ ਹਨ। ਅਜੇਹੀ ਸ਼ਾਂਤੀ ਪ੍ਰਿਯ ਜਮਾਤ ਨੂੰ ਘਰ ਵਾਪਸੀ ਦੇ ਨਾਂ ਤੇ ਇਸ ਤਰ੍ਹਾਂ ਪ੍ਰੇਸ਼ਾਨ ਕਰਨ ਤੇ ਲੋਕਾਂ ਦੀ ਜਬਰੀ ਧਰਮ ਪਰਿਵਰਤਨ ਕਰਨ ਵਾਲੀਆਂ ਹਿਰਦਵੇਦਕ ਘਟਨਾਵਾਂ ਨਾਲ ਵਿਦੇਸ਼ਾਂ ਵਿੱਚ ਬੈਠੇ ਭਾਰਤੀ ਈਸਾਈਆਂ ਦੇ ਹਿਰਦੇ ਵਲੂੰਧਰੇ ਗਏ ਹਨ। ਸਾਡੀ ਮੰਗ ਹੈ ਕਿ ਜਬਰੀ ਧਰਮ ਪਰਿਵਰਤਨ ਬੰਦ ਕੀਤਾ ਜਾਵੇ ਤੇ ਈਸਾਈਆਂ ਦੇ ਸੰਵਿਧਾਨਕ ਹੱਕ ਬਹਾਲ ਕੀਤੇ ਜਾਣ।

## ਵਿਹਿਪ ਨੇ ਕੀਤੀ ਮੰਗ - ਸੋਨੀਆ ਤੇ ਵਢੇਰਾ ਬਦਲਣ ਆਪਣਾ ਧਰਮ

**ਕਾਨਪੁਰ–** (ਜਗਬਾਣੀ ਤੋਂ ਧੰਨਵਾਦ ਸਹਿਤ) ਵਿਹਿਪ ਦੇ ਹਿੰਦੂ ਸੰਮੇਲਨ ਵਿੱਚ ਸੰਤਾਂ ਅਤੇ ਹਿੰਦੂ ਸੰਗਠਨਾਂ ਦੇ ਅਹੁਦੇਦਾਰਾਂ ਨੇ ਖ਼ੂਬ ਅੱਗ ਉਗਲੀ ਵਿਹਿਪ ਮਾਰਗਦਰਸ਼ਕ, ਮਹਾਂਮੰਡਲੇਸ਼ਵਰ ਅਖਿਲਸ਼ਵਰਾਨੰਦ ਨੇ ਤਾਂ ਇਥੋਂ ਤੱਕ ਕਿਹਾ ਕਿ ਫਾਰੂਖ ਅਬਦੁਲਾ, ਅਸਦੁਦੀਨ ਓਵੈਸ਼ੀ, ਰਾਬਰਟ ਵਢੇਰਾ ਅਤੇ ਸੋਨੀਆ ਨੇ ਵੀ ਜੇਕਰ ਭਾਰਤ ਵਿੱਚ ਰਹਿਣਾ ਹੈ ਤਾਂ ਉਨ੍ਹਾਂ ਨੂੰ ਧਰਮ ਤਬਦੀਲ ਕਰਕੇ ਹਿੰਦੂ ਬਣ ਜਾਣਾ ਚਾਹੀਦਾ ਹੈ। ਬਜਰੰਗ ਦਲ ਦੇ ਕੌਮੀ ਸਰਪ੍ਰਸਤ ਰਾਜੇਸ਼ ਪਾਂਡੇ ਨੇ ਕਿਹਾ ਕਿ ਹਿੰਦੂਆਂ ਨੂੰ ਹੁਣ ਸਿਧਾਂਤ ਲਾਗੂ ਕਰਨਾ ਚਾਹੀਦਾ ਹੈ ਕਿ ਅਸੀਂ ਦੋ ਸਾਡੇ ਚਾਰ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਰਹਿਣ ਵਾਲੇ ਸਾਰੇ ਮੁਸਲਿਮ ਅਤੇ ਈਸਾਈ ਭਰਾਵਾਂ ਨੂੰ ਆਪਣੇ ਪੂਰਵਜਾਂ ਦਾ ਸਨਮਾਨ ਕਰਦੇ ਹੋਏ ਹਿੰਦੂ ਧਰਮ ਸਵੀਕਾਰ ਕਰ ਲੈਣਾ ਚਾਹੀਦਾ ਹੈ। ਮਹੰਤ ਨਿਤ ਗੋਪਾਲ ਦਾਸ ਨੇ ਕਿਹਾ ਕਿ ਸਾਡਾ ਵਿਸ਼ਵਾਸ ਧਰਮ ਤਬਦੀਲੀ ਵਿੱਚ ਨਹੀਂ ਹੈ ਪਰ ਆਪਣੇ ਆਪ ਨੂੰ ਹਿੰਦੂ ਕਹਿਣ ਵਿਚ ਸਾਰਿਆਂ ਨੂੰ ਮਾਣ ਮਹਿਸੂਸ ਕਰਨਾ ਚਾਹੀਦਾ ਹੈ।

# ਸਾਫ-ਸੁਥਰੇ ਗੀਤਾਂ ਦਾ ਰਚੇਤਾ- ਰੱਤੂ ਰੰਧਾਵੇ ਵਾਲਾ

ਗੀਤਕਾਰ ਰੱਤੂ ਰੰਧਾਵੇ ਵਾਲਾ ਇਕ ਪ੍ਰਸਿੱਧ ਗੀਤਕਾਰ ਵਜੋਂ ਜਾਣਿਆ ਜਾਂਦਾ ਨਾਮ ਹੈ। ਗੁਰਾਇਆਦੇ ਨਜ਼ਦੀਕ ਪੈਂਦੇ ਪਿੰਡ ਰੰਧਾਵਾ ਦਾ ਰਹਿਣ ਵਾਲਾ ਰੱਤੂ ਆਪਣੇ ਪਿੰਡ ਰੰਧਾਵਾ ਕਰਕੇ ਹੀ ਹਰ ਪਾਸੇ ਰੱਤੂ ਰੰਧਾਵੇ ਵਾਲੇ ਦੇ ਨਾਮ ਨਾਲ ਹੀ ਜਾਣਿਆ ਜਾਂਦਾ ਹੈ। ਚਾਹੇ ਮਿਸ਼ਨਰੀ ਗੀਤ ਲਿਖਣੇ ਹੋਣ ਚਾਹੇ ਪੰਜਾਬੀ ਕਲਚਰਲ ਗੀਤ ਲਿਖਣੇ ਹੋਣ ਹਰ ਤਰ੍ਹਾਂ ਦੇ ਗੀਤਾਂ ਵਿਚ ਸਹੀ ਸ਼ਬਦਾਂ ਦਾ ਪ੍ਰਯੋਗ ਕਰਨਾ ਉਸਦੀ ਆਪਣੀ ਇਕ ਸਿਆਣਪ ਹੈ। ਜਿੱਥੇ ਉਸਨੇ ਮਿਸ਼ਨਰੀ ਗੀਤਾਂ ਕਰਕੇ ਵਧੇਰੇ ਪ੍ਰਸਿੱਧੀ ਹਾਸਲ ਕੀਤੀ ਹੈ, ਉਥੇ ਉਸਨੇ ਪੰਜਾਬੀ ਗੀਤਾਂ ਦੀ ਰਚਨਾ ਕਰਕੇ ਵੀ ਕਾਫੀ ਨਾਮ ਕਮਾਇਆ ਹੈ।

ਪਿੱਛੇ ਜਿਹੇ ਗਾਇਕ ਬਖਸ਼ੀ ਬਿੱਲੇ ਦੀ ਆਵਾਜ਼ 'ਚ ਮਨੀ ਸੰਧੂ ਦੇ ਸੰਗੀਤ 'ਚ ਮਕਬੂਲ ਹੋਇਆ ਗੀਤ 'ਸੋਨੇ ਰੰਗੀਏ ਨੀ ਸੋਨਾ ਪਾਉਣ ਦੀ ਕੀ ਲੋੜ ਸੀ' ਸਰੋਤਿਆਂ ਨੇ ਕਾਫੀ ਪਸੰਦ ਕੀਤਾ ਹੈ ਅਤੇ ਯੂ-ਟਿਊਬ 'ਤੇ ਵੀ ਇਸ ਗੀਤ ਦੇ ਕਰੋੜਾਂ ਫੈਨ ਬਣ ਚੁੱਕੇ ਹਨ। ਉਂਝ ਰੱਤੂ ਦੇ ਲਿਖੇ ਗੀਤਾਂ ਨੂੰ ਕਈ ਪ੍ਰਸਿੱਧ ਪੰਜਾਬੀ ਗਾਇਕਾਂ ਜਿਵੇਂ ਸੁਖਵਿੰਦਰ ਪੰਛੀ, ਕੇ. ਐਸ. ਮੱਖਣ, ਸੁਦੇਸ਼ ਕੁਮਾਰੀ, ਗੁਲਜ਼ਾਰ ਲਹੌਰੀਆ, ਬਲਵਿੰਦਰ ਬੁਲਟ, ਅਮਰ ਅਰਸ਼ੀ, ਨਰਿੰਦਰ ਜੋਤ, ਰਣਜੀਤ ਮਣੀ, ਬਖਸ਼ੀ ਬਿੱਲਾ, ਪ੍ਰੇਮ ਲਤਾ, ਬਲਕਾਰ ਕਾਲਰਾ, ਰਜਿੰਦਰ ਸਨਮ ਆਦਿ ਗਾ ਚੁੱਕੇ ਹਨ।

ਵਧੀਆ ਗੀਤਕਾਰ ਹੋਣ ਦੇ ਨਾਲ ਨਾਲ ਰੱਤੂ ਰੰਧਾਵੇ ਵਾਲਾ ਮਿਲਣਸਾਰ ਅਤੇ ਆਪਣੇ ਕੰਮ ਪ੍ਰਤੀ ਜ਼ਿੰਮੇਵਾਰ ਵਿਅਕਤੀ ਹੈ। ਤਾਜ ਐਂਟਰਟੇਨਮੈਂਟ ਦੇ ਬੈਨਰ ਹੇਠ ਉਸਦੀ ਆਪਣੀ ਕੰਪਨੀ ਹੈ, ਜਿਸ ਵਿਚ ਉਹ ਅਨੇਕਾਂ ਕਲਾਕਾਰਾਂ ਦੀਆਂ ਐਲਬਮਾਂ ਰਿਲੀਜ਼ ਕਰ ਚੁੱਕਾ ਹੈ ਅਤੇ ਆਉਣ ਵਾਲੇ ਸਮੇਂ 'ਚ ਹੋਰ ਵੀ ਕਈ ਨਾਮੀ ਗਾਇਕਾਂ ਦੀਆਂ ਐਲਬਮਾਂ ਰਿਲੀਜ਼ ਕਰ ਰਿਹਾ ਹੈ। ਰੱਤੂ ਰੰਧਾਵੇ ਵਾਲੇ ਦੀ ਕਾਬਲੀਅਤ ਨੂੰ ਵੇਖਦੇ ਹੋਏ ਅਨੇਕਾਂ ਹੀ ਸੰਸਥਾਵਾਂ ਵੱਲੋਂ ਸਮੇਂ-ਸਮੇਂ ਸਿਰ ਅਨੇਕਾਂ ਹੀ ਮਾਣ-ਸਨਮਾਨ ਦਿੱਤੇ ਗਏ ਹਨ। ਅੱਜਕਲ੍ਹ ਉਹ ਆਪਣੇ ਆਉਣ ਵਾਲੇ ਕਈ ਰਵਿਦਾਸ ਮਹਾਰਾਜ ਦੇ ਧਾਰਮਿਕ ਪ੍ਰਾਜੈਕਟਾਂ 'ਚ ਬਿਜ਼ੀ ਹੈ, ਜੋ ਜਲਦੀ ਹੀ ਪੰਜਾਬ ਦੇ ਨਾਮੀ ਗਾਇਕਾਂ ਦੀ ਆਵਾਜ਼ 'ਚ ਰਿਲੀਜ਼ ਹੋ ਰਹੇ ਹਨ।



ਕੁਝ ਸਬਦ:

**ਮਿਸ਼ਨ ਮਿਸ਼ਨ ਤਾਂ ਹਰ ਕੋਈ ਆਖਦਾ ਏ**
ਜੀਣਾ ਮਰਨਾ ਮਿਸ਼ਨ ਲਈ ਬੜਾ ਔਖਾ
ਤੁਰਨਾ ਪੈਂਦਾ ਹੈ ਤਿੱਖਿਆਂ ਕੰਡਿਆਂ ਤੇ
ਦੁਖ ਜਰਨਾ ਮਿਸ਼ਨ ਲਈ ਬੜਾ ਔਖਾ
ਪੈਰ ਪੈਰ ਤੇ ਲੱਖ ਮੁਸੀਬਤਾਂ ਨੇ
ਸੂਲੀ ਚੜ੍ਹਨਾ ਮਿਸ਼ਨ ਲਈ ਬੜਾ ਔਖਾ
ਰੱਤੂ ਆਪਣੇ ਲਈ ਸਭ ਦਮ ਭਰਦੇ
ਦਮ ਭਰਨਾ ਮਿਸ਼ਨ ਲਈ ਬੜਾ ਔਖਾ
– ਮਿਸ਼ਨਰੀ ਲੇਖਕ ਰੱਤੂ ਰੰਧਾਵਾ

**–ਰਜਿੰਦਰ ਸਨਮ**

# ਚਰਚਾਂ ਤੇ ਹਮਲਿਆਂ ਵਿਰੁੱਧ ਇੰਗਲੈਂਡ ਦੇ ਈਸਾਈਆਂ ਵਲੋਂ ਜ਼ਬਰਸਦਤ ਰੋਸ ਮੁਜ਼ਾਹਰਾ

**ਲੰਡਨ–** ਇੰਡੀਅਨ ਕਰਿਸਚੀਅਨ ਕਨਸਰਨ ਦੇ ਬੈਨਰ ਹੇਠ ਇਥੇ ਸੈਂਕੜੇ ਭਾਰਤੀ ਈਸਾਈਆਂ ਨੇ ਭਾਰਤ ਵਿੱਚ ਘਰ ਵਾਪਸੀ ਦੇ ਨਾਂ ਤੇ ਚਰਚਾਂ, ਈਸਾਈਆਂ ਅਤੇ ਈਸਾਈ ਸੰਸਥਾਵਾਂ ਤੇ ਹੋ ਰਹੇ ਹਮਲਿਆਂ ਵਿਰੁਧ ਭਾਰੀ ਰੋਸ ਪ੍ਰਦਰਸ਼ਨ ਕੀਤਾ ਅਤੇ ਇੰਗਲੈਂਡ ਵਿੱਚ ਭਾਰਤੀ ਰਾਜਦੂਤ ਨੂੰ ਮੈਮੋਰੰਡਮ ਦਿੱਤਾ ਜਿਸ ਵਿੱਚ ਭਾਰਤ ਵਿੱਚ ਈਸਾਈਆਂ, ਚਰਚਾਂ ਤੇ ਈਸਾਈ ਸੰਸਥਾਵਾਂ ਤੇ ਲਗਾਤਾਰ ਹੋ ਰਹੇ ਹਮਲਿਆਂ ਦੀ ਸਖਤ ਨਿੰਦਾ ਕੀਤੀ ਗਈ ਅਤੇ ਮੰਗ ਕੀਤੀ ਗਈ ਕਿ ਭਾਰਤ ਵਿੱਚ ਅਜੇਹੇ ਹਮਲੇ ਤੁਰੰਤ ਬੰਦ ਕੀਤੇ ਜਾਣ। ਵਿਖਾਵਾਕਾਰੀਆਂ ਨੇ ਦੋਸ਼ ਲਾਇਆ ਕਿ ਘਰ ਵਾਪਸੀ ਦੇ ਨਾਂ ਤੇ ਭਾਰਤ ਵਿੱਚ ਈਸਾਈਆਂ, ਮੁਸਲਮਾਨਾਂ ਤੇ ਦਲਿਤਾਂ ਦਾ ਜਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਹੈ। ਭਾਰਤੀ ਰਾਜਦੂਤ ਨੇ ਵਿਖਾਵਾਕਾਰੀਆਂ ਨੂੰ ਵਿਸ਼ਵਾਸ ਦੁਆਇਆ ਕਿ ਉਹ ਉਨ੍ਹਾਂ ਦੀਆਂ ਭਾਵਨਾਵਾਂ ਤੋਂ ਭਾਰਤ ਸਰਕਾਰ ਨੂੰ ਜਾਣੂ ਕਰਾ ਦੇਣਗੇ। ਰਾਜਦੂਤ ਨੇ ਪ੍ਰਦਰਸ਼ਨਕਾਰੀਆਂ ਨਾਲ ਹਮਦਰਦੀ ਜਤਾਈ। ਸੂਤਰਾਂ ਅਨੁਸਾਰ ਇੰਗਲੈਂਡ ਵਿੱਚ ਅਕਾਲੀ ਦਲ (ਅ) ਦੇ ਸਮਰਥਕ ਸਿੱਖਾਂ ਨੇ ਇੰਗਲੈਂਡ ਵਿੱਚ ਰਹਿੰਦੇ ਭਾਰਤੀਆ ਦੀ ਚਿੰਤਾ ਨਾਲ ਸਹਿਮਤੀ ਪ੍ਰਗਟ ਕੀਤੀ ਅਤੇ ਉਨ੍ਹਾਂ ਨੂੰ ਸਮਰਥਨ ਦਾ ਭਰੋਸਾ ਦਿੱਤਾ। ਇਥੇ ਵਰਣਨਯੋਗ ਹੈ ਕਿ ਇੰਡੀਅਨ ਕਰਿਸਚੀਅਨ ਕਨਸਰਨ ਭਾਰਤ ਵਿੱਚ ਈਸਾਈਆਂ ਉੱਤੇ ਹਮਲਿਆਂ ਦਾ ਲਗਾਤਾਰ ਵਿਰੋਧ ਕਰਦੀ ਆ ਰਹੀ ਹੈ। ਜਿਸ ਸਮੇਂ ਉੜੀਸਾ ਵਿੱਚ ਆਸਟ੍ਰੇਲੀਆਈ ਈਸਾਈ ਡਾਕਟਰ ਗਰਾਹਮ ਸਟੇਨਜ਼ ਨੂੰ ਉਸਦੇ ਨਿੱਕੇ ਨਿੱਕੇ ਬੇਟਿਆਂ ਸਮੇਤ ਜ਼ਿੰਦਾ ਜਲਾ ਦਿੱਤਾ ਗਿਆ ਸੀ, ਉਸ ਸਮੇਂ ਵੀ ਉਸਨੇ ਇੰਗਲੈਂਡ ਵਿਚ ਬੇਮਿਸਾਲ ਰੋਸ ਪ੍ਰਦਰਸ਼ਨ ਕੀਤਾ ਸੀ ਅਤੇ ਭਾਰਤ ਰਾਜਦੂਤ ਅਤੇ ਇੰਡੀਆ ਸਰਕਾਰ ਤੇ ਦਬਾਅ ਬਣਾਇਆ ਸੀ ਕਿ ਦੋਸ਼ੀ ਤੁਰੰਤ ਗ੍ਰਿਫਤਾਰ ਕੀਤੇ ਜਾਣ। ਜਦ 2005 ਵਿੱਚ ਭਾਰਤੀ ਜਨਤਾ ਪਾਰਟੀ ਤੇ ਆਰ.ਐਸ.ਐਸ. ਦੇ ਵਰਕਰਾਂ ਤੇ ਨੇਤਾਵਾਂ ਨੇ ਜਲੰਧਰ ਵਿੱਚ ਮਸੀਹੀ ਪ੍ਰਦਰਸ਼ਨਕਾਰੀਆਂ ਤੇ ਹਮਲਾ ਕਰਕੇ ਕਈ ਈਸਾਈਆਂ ਨੂੰ ਫਟੜ ਕਰ ਦਿੱਤਾ ਸੀ ਅਤੇ 5 ਮਸੀਹੀ ਨੇਤਾਵਾਂ ਵਿਰੁਧ ਕੇਸ ਦਰਜ ਕਰਾ ਕੇ ਉਨ੍ਹਾਂ ਨੂੰ ਜੇਲ ਭਿਜਵਾ ਦਿੱਤਾ ਸੀ ਉਸ ਸਮੇਂ ਵੀ ਇੰਡੀਅਨ ਕਰਿਸਚੀਅਨ ਕਨਸਰਨ ਨੇ ਮੁਖ ਮੰਤਰੀ ਪੰਜਾਬ ਤੇ ਦਬਾਅ ਬਣਾਇਆ ਸੀ।


MAHEY
ARCHITECT DESIGNER
Bhupinder Kumar
Architect
98151-19953
Contact Us:
Khambra Gate, Nakodar Road Jalandhar
Email : Maheyarch.designer@gmail.com






Satvender Madara

ਸਾਹਿਬ ਸ੍ਰੀ ਕਾਂਸ਼ੀ ਰਾਮ ਬਾਰੇ ਕਿਸੇ ਪਾਸ ਉਹਨਾਂ ਦੇ ਨਾਲ ਜਾਂ ਉਹਨਾਂ ਦੀ ਕਿਸੇ ਸਮਾਗਮ ਦੀ ਤਸਵੀਰ ਜਾ ਆਡੀਓ-ਵੀਡੀਓ ਹੋਵੇ ਤਾਂ ਕਿਰਪਾ ਕਰਕੇ ਹੇਠਲ ਲਿਖੇ ਈ-ਮੇਲ ਤੇ ਭੇਜਣ। ਜੇਕਰ ਉਹਨਾਂ ਨੂੰ ਚਾਹੀਦੀ ਹੈ ਤਾਂ ਵੀ ਸਾਡੇ ਨਾਲ ਸੰਪਰਕ ਕੀਤਾ ਜਾਵੇ ਜੀ।

kumar22_1@hotmail.com
780-224-4550


Mikasa HOMES & FUNDING
Rakesh Chander
Mikasa Homes & Funding
1601 S. De Anza Blvd, Suite 118
Cupertino, CA 95014
Cell: (916) 698-3808
Fax: (916) 725-5812
Rakesh Chander
Realtor
Mikasa Homes & Funding
DRE Lic.: 01866732
Email: mchander@comcast.net, Web: www.mikasafunding.com




# ਪੀ.ਟੀ.ਯੂ. ਵਿਚ ਮਨਾਇਆ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ

**ਜਲੰਧਰ–** ਪੰਜਾਬ ਟੈਕਨੀਕਲ ਯੂਨੀਵਰਸਿਟੀ ਵਿਚ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ-ਗਇਆ। ਇਸ ਸੰਦਰਭ ਵਿਚ ਖੇਰਾ ਪਿੰਡ ਦੇ ਬੱਚਿਆਂ ਨੂੰ ਕਿਤਾਬਾਂ ਵੰਡੀਆਂ ਗਈਆਂ ਅਤੇ ਕੈਂਪਸ ਵਿਚ ਸਭ ਦੇ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ।

ਡੀ. ਏ. ਵੀ. ਦੇ ਪੰਜਾਬੀ ਵਿਭਾਗ ਦੇ ਸਾਬਕਾ ਹੈਡ ਪ੍ਰੋ. ਜੀ. ਸੀ. ਕੌਲ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ।

ਡੀਨ ਅਕੈਡਮਿਕ ਡਾ. ਬੂਟਾ ਸਿੰਘ ਸਿੱਧੂ, ਡੀਨ ਡਾ. ਏ ਪੀ ਸਿੰਘ ਆਰ. ਆਈ. ਟੀ., ਰਜਿਸਟਰਾਰ ਡਾ. ਰਜਨੀਸ਼ ਕਾਂਤ ਸਚਦੇਵ ਅਤੇ ਓ. ਐਸ ਡੀ. ਅਰੁਣ ਪ੍ਰਭਾਕਰ ਵੀ ਮੌਜੂਦ ਸਨ। ਅਸਿਸਟੈਂਟ ਰਜਿਸਟਰਾਰ ਸੰਦੀਪ ਮਹਿਮੀ ਨੇ ਗੁਰੂ ਰਵਿਦਾਸ ਜੀ ਦੇ ਜੀਵਨ ਬਾਰੇ ਰੌਸ਼ਨੀ ਪਾਈ। ਪ੍ਰੋ: ਜੀ. ਸੀ. ਕੌਲ ਨੇ ਗੁਰੂ ਰਵਿਦਾਸ ਜੀ ਬਾਰੇ ਉਹਨਾਂ ਦੀ ਥੀਸਿਸ ਬਾਰੇ ਚਾਣਨਾ ਪਾਇਆ ਕਿ ਕਿਵੇਂ ਗੁਰੂ ਜੀ ਸਮਾਜਿਕ ਅਸਮਾਨਤਾਵਾਂ ਅਤੇ ਅੱਨਿਆ ਦੇ ਖਿਲਾਫ ਲੜਦੇ ਰਹੇ। ਉਹਨਾਂ ਨੇ ਬਰਾਬਰੀ ਤੇ ਆਧਾਰਿਤ ਸਮਾਜ ਦੀ ਕਲਪਨਾ ਕੀਤੀ।



**– ਡਾ ਜੀ ਸੀ ਕੌਲ**

# ਕੌਮਾਂਤਰੀ ਮਾਤ ਭਾਸ਼ਾ ਦਿਵਸ ਉਪਰ ਰਾਸ਼ਟਰੀ ਸੈਮੀਨਾਰ

**ਚੰਡੀਗੜ੍ਹ–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਵਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਨ ਉਪਰ 22 ਫਰਵਰੀ 2015 ਸਵੇਰੇ 10:00 ਵਜੇ ਪੀਪਲਜ਼ ਕਨਵੈਨਸ਼ਨ ਸੈਂਟਰ, ਸੈਕਟਰ 36-ਬੀ (ਕੋਠੀ ਨੰਬਰ 502 ਦੇ ਸਾਹਮਣੇ), ਚੰਡੀਗੜ੍ਹ ਵਿਚ ਮਾਤ ਭਾਸ਼ਾ ਦੀ ਮਹੱਤਤਾ ਅਤੇ ਸਾਰਥਿਕਤਾ ਵਿਸ਼ੇ ਉਪਰ ਇਕ ਰਾਸ਼ਟਰੀ ਸੈਮੀਨਾਰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਮੁੱਖ ਬੁਲਾਰੇ ਦੇ ਤੌਰ ਤੇ ਸ਼੍ਰੀ ਅਨਿਲ ਚਮੜੀਆ ਦਿੱਲੀ ਆ ਰਹੇ ਹਨ ।ਇਸ ਸੈਮੀਨਾਰ ਦੀ ਪ੍ਰਧਾਨਗੀ ਡਾ. ਸੁਖਦੇਵ ਸਿੰਘ ਸਿਰਸਾ ਕਰਨਗੇ।

ਮੁੱਖ ਬੁਲਾਰੇ ਤੋਂ ਇਲਾਵਾ ਡਾ. ਜੋਗਾ ਸਿੰਘ, ਡਾ. ਸੁਮਨਪ੍ਰੀਤ, ਡਾ. ਸਰਬਜੀਤ ਸਿੰਘ, ਸੁਸ਼ੀਲ ਦੁਸਾਂਝ ਅਤੇ ਗੁਰਨਾਮ ਕੰਵਰ ਵੀ ਆਪਣੇ ਵਿਚਾਰ ਰੱਖਣਗੇ ।ਕੇਂਦਰੀ ਸਭਾ ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਅਤਰਜੀਤ ਕਹਾਣੀਕਾਰ ਅਤੇ ਡਾ. ਕਰਮਜੀਤ ਸਿੰਘ ਜਨਰਲ ਸਕੱਤਰ ਨੇ ਸਾਂਝੇ ਬਿਆਨ ਵਿਚ ਦੱਸਿਆ ਹੈ ਕਿ ਕੇਂਦਰੀ ਸਭਾ ਨਾਲ ਜੁੜੀਆਂ ਸਮੁੱਚੀਆਂ ਸਾਹਿਤ ਸਭਾਵਾਂ 21 ਫਰਵਰੀ ਤਕ ਸਥਾਨਕ ਪੱਧਰ ਤੇ ਆਪਣੇ-ਆਪਣੇ ਢੰਗਾਂ ਅਨੁਸਾਰ ਇਕ ਦਿਨ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਨ ਉਪਰ ਮਾਤ ਭਾਸ਼ਾ ਦੀ ਮਹੱਤਤਾ ਬਾਰੇ ਵਿਚਾਰ ਵਿਟਾਂਦਰਾ ਕਰਨਗੀਆਂ।

ਕੁਝ ਇਕ ਜ਼ਿਲ੍ਹਿਆਂ ਵਿਚ ਸਾਰੀਆਂ ਸਾਹਿਤ ਸਭਾਵਾਂ ਇਕੱਠੀਆਂ ਹੋ ਕੇ ਇਸ ਦਿਨ ਨੂੰ ਮਨਾ ਰਹੀਆਂ ਹਨ । ਇਸ ਮੌਕੇ ਤੇ ਪੰਜਾਂ ਸਾਹਿਤਕ ਜਥੇਬੰਦੀਆਂ ਵਲੋਂ ਕੱਢੀ ਗਈ ਦੁਵਰਕੀ ਵੰਡ ਕੇ ਲੋਕਾਂ ਵਿਚ ਮਾਤ ਭਾਸ਼ਾ ਪ੍ਰਤੀ ਚੇਤਨਾ ਪੈਦਾ ਕਰਨ ਦਾ ਯਤਨ ਵੀ ਕੀਤਾ ਜਾ ਰਿਹਾ ਹੈ।

ਅਜਿਹੀਆਂ ਗਤੀਵਿਧੀਆਂ ਮਾਤ ਭਾਸ਼ਾ ਨਾਲ ਸਬੰਧਤ ਜਾਗਰੂਕਤਾ ਰਾਹੀਂ ਇਕ ਲਹਿਰ ਪੈਦਾ ਕਰ ਰਹੀਆਂ ਹਨ  ਜਿਸ ਦੇ ਆਉਣ ਵਾਲੇ ਸਮੇਂ ਵਿਚ ਸੁਖਾਵੇਂ ਸਿੱਟੇ ਨਿਕਲਣ ਦੀ ਪੂਰੀ ਆਸ ਹੈ।

# ਵਾਰਡ ਨੰਬਰ 20 ਤੋਂ ਬਸਪਾ ਉਮੀਦਵਾਰ ਪ੍ਰਨੀਸ਼ ਬੰਗਾ ਦਾ ਚੋਣ ਪ੍ਰਚਾਰ ਜੋਰਾਂ 'ਤੇ ਵੋਟਰਾਂ ਵਲੋਂ ਮਿਲ ਰਹੇ ਪਿਆਰ ਨੇ ਪ੍ਰਨੀਸ਼ ਬੰਗਾ ਦੀ ਜਿੱਤ ਨੂੰ ਯਕੀਨੀ ਬਣਾਇਆ-ਖਲਵਾੜਾ

**ਫਗਵਾੜਾ– (ਬੀ.ਕੇ.ਰੱਤੂ )–** ਵਾਰਡ ਨੰਬਰ 20 ਤੋਂ ਬਸਪਾ ਉਮੀਦਵਾਰ ਪ੍ਰਨੀਸ਼ ਕੁਮਾਰ (ਬੰਗਾ) ਵਲੋਂ ਆਪਣਾ ਚੋਣ ਪ੍ਰਚਾਰ ਤੇਜ਼ ਕਰਦਿਆਂ ਸਮਰਥਕਾਂ ਨੂੰ ਲੈ ਕੇ ਘਰ-ਘਰ ਜਾ ਕੇ ਵੋਟਰਾਂ ਨੂੰ ਹਾਥੀ ਨਿਸ਼ਾਨ 'ਤੇ ਵੋਟ ਪਾਉਣ ਦੀ ਅਪੀਲ ਕੀਤੀ।

ਡੋਰ ਟੂ ਡੋਰ ਪ੍ਰਚਾਰ ਕਰਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਵੋਟਰਾਂ ਵਲੋਂ ਬਹੁਤ ਹੀ ਪਿਆਰ ਅਤੇ ਆਸ਼ੀਰਵਾਦ ਮਿਲ ਰਿਹਾ ਹੈ, ਜਿਸ ਤੋਂ ਇਹ ਸਾਫ ਹੈ ਕਿ ਮੈਂ ਵਾਰਡ ਨੰਬਰ 20 ਤੋਂ ਵੱਡੀ ਲੀਡ ਨਾਲ ਜਿਤਾਗਾਂ। ਇਸ ਮੌਕੇ ਉਪ ਪ੍ਰਧਾਨ ਪ੍ਰਮਜੀਤ ਖਲਵਾੜਾ ਨੇ ਦੱਸਿਆ ਕਿ ਪ੍ਰਨੀਸ਼ ਕੁਮਾਰ ਨੇ ਆਪਣੇ ਵਾਰਡ 'ਚ ਚੋਣ ਪ੍ਰਚਾਰ ਤੇਜ਼ ਕਰ ਦਿੱਤਾ ਹੈ। ਖਲਵਾੜਾ ਨੇ ਕਿਹਾ ਕਿ ਅਕਾਲੀ-ਭਾਜਪਾ ਗਠਜੋੜ ਤੇ ਕਾਂਗਰਸ ਪਾਰਟੀ ਦੀਆਂ ਨੀਤੀਆਂ ਤੋਂ ਹਰ ਕੋਈ ਦੁਖੀ ਨਜ਼ਰ ਆ ਰਿਹਾ ਹੈ। ਜਿਸ ਦਾ ਫਾਇਦਾ ਬਸਪਾ ਉਮੀਦਵਾਰਾਂ ਨੂੰ ਮਿਲੇਗਾ। ਉਨ੍ਹਾਂ ਦੱਸਿਆ ਕਿ ਵਾਰਡ ਨੰਬਰ 20,23 ਅਤੇ 24 ਤੋਂ ਬਸਪਾ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਉਣ ਲਈ ਸੂਬਾ ਪ੍ਰਧਾਨ ਸ੍ਰ.ਅਵਤਾਰ ਸਿੰਘ ਕਰੀਮਪੁਰੀ ਸਾਬਕਾ ਮੈਂਬਰ ਰਾਜ ਸਭਾ 17 ਫਰਵਰੀ ਦਿਨ ਮੰਗਲਵਾਰ ਨੂੰ ਸਵੇਰੇ 11 ਵਜੇ ਮੁਹੱਲਾ ਸ਼ਿਵਪੁਰੀ (ਸ਼ਾਮ ਨਗਰ) ਵਿਖੇ ਸਾਂਝੀ ਰੈਲੀ ਨੂੰ ਸੰਬੋਧਨ ਕਰਨਗੇ। ਉਨ੍ਹਾਂ ਸਮੂਹ ਵੋਟਰਾਂ ਤੇ ਵਰਕਰਾਂ ਨੂੰ ਅਪੀਲ ਕੀਤੀ ਕਿ ਇਸ ਰੈਲੀ ' ਹੁੰਮ ਹੁੰਮਾ ਕੇ ਪਹੁੰਚੇ ਤੇ ਬਸਪਾ ਉਮੀਦਵਾਰਾਂ ਦੀ ਜਿੱਤ ਨੂੰ ਯਕੀਨੀ ਬਣਾਉ। ਇਸ ਮੌਕੇ ਰਾਮ ਲੁਭਾਇਆ ਲੱਖਪੁਰ ਮੈਂਬਰ ਬਲਾਕ ਸੰਮਤੀ, ਸੀਮਾ ਪ੍ਰਧਾਨ, ਸਰਬਜੀਤ ਬੰਗਾ, ਪ੍ਰੇਮ ਚੋਪੜਾ, ਕੁਲਵੀਰ ਬਾਵਾ, ਵਿੱਕੀ, ਭੈਣ ਬਲਵਿੰਦਰ ਕੋਰ, ਰਾਜ ਕੁਮਾਰ, ਭੁਪਿੰਦਰ ਕੁਮਾਰ, ਗੁਰਦਿਆਲ ਬੰਤਾ, ਰੋਹਿਤ ਕੁਮਾਰ, ਸ਼ਲਿੰਦਰ ਕੁਮਾਰ, ਨਰੰਜਣ ਦਾਸ, ਜੁਗਿੰਦਰ ਕੋਰ, ਮਹਿੰਦਰ ਕੋਰ, ਮੋਹਣ ਲਾਲ, ਲੇਖਰਾਜ ਤੋਂ ਇਲਾਵਾ ਵੱਡੀ ਗਿਣਤੀ ' ਵਾਰਡ ਨਿਵਾਸੀ ਹਾਜਰ ਸਨ।

# 7ਵਾਂ ਬਾਬਾ ਰਾਮ ਚੰਦ ਯਾਦਗਾਰੀ ਮੇਲਾ 22 ਫਰਵਰੀ ਨੂੰ ਕਰਵਾਇਆ ਜਾਵੇਗਾ

**ਬਰੇਸ਼ੀਆ (ਇਟਲੀ)–** ਸਮਾਜ ਦੇ ਹਰ ਪਹਿਲੂ ਤ੍ਰੋ ਸੇਵਾ ਹਿੱਤ ਸਮਰਪਿਤ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ ਵਲੋ 7 ਵਾਂ ਬਾਬਾ ਰਾਮ ਚੰਦ ਯਾਦਗਾਰੀ  ਵਿਸ਼ਾਲ ਸਭਿਆਚਾਰਕ ਮੇਲਾ ਟਰੱਸਟ ਪ੍ਰਧਾਨ ਟੇਕ ਚੰਦ ਜਗਤਪੁਰ (ਇਟਲੀ) ਦੀ ਸਰਪ੍ਰਸਤੀ ਹੇਠ ਗ੍ਰਾਮ ਪੰਚਾਇਤ ਜਗਤਪੁਰ(ਬਘੌਰਾ) ਦੇ ਸਹਿਯੋਗ ਨਾਲ 22ਫਰਵਰੀ ਦਿਨ ਐਤਵਾਰ ਨੂੰ ਪਿੰਡ ਜਗਤਪੁਰ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਕਰਵਾਇਆ ਜਾਵੇਗਾ। ਉਪਰੋਕਤ ਵਿਚਾਰਾਂ ਦਾ ਪ੍ਰਗਟਾਵਾ ਟਰੱਸਟ ਦੇ ਮੁੱਖ ਸਕੱਤਰ ਹਰਦੀਪ ਸਿੰਘ ਗਿੱਲ, ਗਾਇਕ ਪਵਿੱਤਰ ਖਿਆੜਾ ਫਰਾਂਸ ਮੀਤ ਪ੍ਰਧਾਨ ਬਾਬਾ ਰਾਮ ਚੰਦ ਯਾਦਗਾਰੀ ਟਰੱਸਟ ਯੂਰਪ, ਸ ਕੁਲਵਿੰਦਰ ਸਿੰਘ ਅਟਵਾਲ, ਸਰਪ੍ਰਸਤ ਸ਼ਹੀਦ ਭਗਤ ਸਿੰਘ ਸਭਾ ਰੋਮ ਨੇ ਪ੍ਰੈਸ ਨਾਲ ਗਲਬਾਤ ਦੋਰਾਨ ਕੀਤਾ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਭਿਆਚਾਰਕ ਮੇਲੇ  ਚ ਜਿਥੇ ਉਚਕੋਟੀ ਗਾਇਕ ਆਪਣੀ ਕਲਾ ਦਾ ਮੁਜਾਹਰਾ ਕਰਨਗੇ ਉਥੇ ਇਸ ਸਭਿਆਚਾਰਕ ਮੇਲੇ ਚ ਵੱਖ -ਵੱਖ ਖੇਤਰ ਚ ਨਾਮਣਾ ਖੱਟਣ ਵਾਲੀਆਂ ਸ਼ਖਸ਼ੀਅਤਾਂ ਦਾ ਵਿਸ਼ੇਸ਼ ਸਨਮਾਨ ਵੀ ਕੀਤਾ ਜਾਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਮੇਲੇ ਚ ਯੂਰਪ ਦੀਆਂ ਨਾਮਵਰ ਸ਼ਖਸ਼ੀਅਤਾਂ ਉਚੇਚੇ ਤੌਰ ਤੇ ਸ਼ਿਰਕਤ ਕਰਨਗੀਆਂ।


## ਲੜਕੀ ਦੀ ਲੋੜ

ਆਦਿ ਧਰਮੀ ਲੜਕਾ ਉਮਰ 38 ਸਾਲ, ਕੱਦ 5 ਫੁੱਟ 6" ਗ੍ਰੈਜੁਏਟ, ਇੱਕ ਸਾਲ ਦਾ ਕੰਪਿਊਟਰ ਦਾ ਕੋਰਸ ਕੀਤਾ  ਹੋਇਆ ਹੈ। ਪੱਕੇ ਤੋਰ ਤੇ ਅਮਰੀਕਾ ਰਹਿ ਰਹਾ ਹੈ। ਜੋਬ ਕਰ ਰਹੇ ਲਈ ਇਮੀਗ੍ਰਾਂਟ/ ਸਿਟੀਜ਼ਨ ਪੜ੍ਹੀ ਲਿਖੀ ਸੋਹਣੀ ਸੁੱਣਖੀ ਲੜਕੀ ਦੀ ਲੋੜ ਹੈ। ਕ੍ਰਿਪਾ ਕਰਕੇ ਤਲਾਕਸ਼ੂਦਾ ਕਾਲ ਨਾ ਕਰਨ। email: Kuldepsingh76@gmail.com

ਜਾਂ (530) 415-1192

ਪਰਸੋਤਮ ਸੂਦ ਨਾਲ 530-845-4508 ਤੇ ਸੰਪਰਕ ਕਰੋ।


# ਆਈ ਐਸ ਨੇ 21 ਇਸਾਈਆਂ ਦੀ ਕੀਤੀ ਹੱਤਿਆ, ਵੀਡੀਓ ਜਾਰੀ

**ਬਗਦਾਦ–** ਅੱਤਵਾਦੀ ਸੰਗਠਨ ਇਸਲਾਮਿਕ ਸਟੇਟ ਨੇ ਇਕ ਨਵਾਂ ਵੀਡੀਓ ਜਾਰੀ ਕੀਤਾ ਹੈ, ਜਿਸ ਵਿਚ ਲਿਬੀਆ ਤੋਂ ਅਗਵਾ ਮਿਸਰ ਦੇ 21 ਇਸਾਈਆਂ ਦਾ ਸਿਰ ਕਲਮ ਕਰਦੇ ਹੋਏ ਦਿਖਾਇਆ ਗਿਆ ਹੈ। ਮਿਸਰ ਦੀ ਸਰਕਾਰੀ ਏਜੰਸੀ ਨੇ ਕਾਪਟਿਕ ਚਰਚ ਦੇ ਬੁਲਾਰੇ ਦੇ ਹਵਾਲੇ ਨਾਲ ਦੱਸਿਆ ਕਿ ਮਿਸਰ ਦੇ 21 ਇਸਾਈਆਂ ਦੀ ਹੱਤਿਆ ਇਸਲਾਮਿਕ ਸਟੇਟ ਨੇ ਕਰ ਦਿੱਤੀ ਹੈ। ਇਹ ਵੀਡੀਓ ਇਸਲਾਮਿਕ ਸਟੇਟ ਨਾਲ ਸਬੰਧ ਰੱਖਣ ਵਾਲੇ ਵੱਲੋਂ ਟਵਿਟਰ ਰਾਹੀਂ ਐਤਵਾਰ ਰਾਤ ਨੂੰ ਜਾਰੀ ਕੀਤੀ ਗਈ।

ਇਸ ਵੀਡੀਓ ਵਿਚ ਦਿਖਾਇਆ ਗਿਆ ਹੈ ਕਿ ਅੱਤਵਾਦੀਆਂ ਨੇ ਬੰਦੀ ਬਣਾਏ ਇਸਾਈਆਂ ਨੂੰ ਗੋਡਿਆਂ ਦੇ ਭਾਰ ਖੜ੍ਹਾ ਕਰਕੇ ਉਹਨਾਂ ਦਾ ਸਿਰ ਕਲਮ ਕਰ ਦਿੱਤਾ। ਇਸ ਦੌਰਾਨ ਮਿਸਰ ਦੇ ਰਾਸ਼ਟਰਪਤੀ ਅਬਦੁੱਲ ਫਤਿਹ ਅਲ ਸੀਸੀ ਨੇ ਇਸਲਾਮਿਕ ਸਟੇਟ ਨੇ ਉਕਤ ਘਟਨਾ ਤੇ ਸਖਤ ਰੁਖ ਅਪਨਾਉਂਦੇ ਹੋਏ ਕਿਹਾ ਕਿ ਆਈ. ਐਸ. ਨੂੰ ਇਸ ਦਾ ਢੁਕਵਾਂ ਜਵਾਬ ਦਿੱਤਾ ਜਾਵੇਗਾ।

# ਪੰਜਾਬ ਕਾਂਗਰਸ ਦੀ ਲੜਾਈ ਵਿਚ ਕੈਪਟਨ ਅਮਰਿੰਦਰ ਸਿੰਘ ਦਾ ਵਿਅਕਤੀਤਿਵ ਹੋਰ ਉਭਰਿਆ

ਪੰਜਾਬ ਕਾਂਗਰਸ ਦੀ ਅੰਦਰੂਨੀ ਲੜਾਈ ਥੰਮਣ ਦਾ ਨਾਂ ਹੀ ਨਹੀਂ ਲੈ ਰਹੀ,ਸਗੋਂ ਹਰ ਰੋਜ਼ ਨਵੀਂ ਤੋਂ ਨਵੀਂ ਚਰਚਾ ਛਿੜਦੀ ਰਹਿੰਦੀ ਹੈ। ਕਾਂਗਰਸ ਪਾਰਟੀ ਦੇਸ਼ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਤੋਂ ਪੁਰਾਣੀ ਪਾਰਟੀ ਹੈ। ਇਸ ਪਾਰਟੀ ਵਿਚ ਸ਼ੁਰੂ ਤੋਂ ਹੀ ਵਿਚਾਰਧਾਰਾ ਦਾ ਨੇਤਾਵਾਂ ਵਿਚ ਵਖਰੇਵਾਂ ਰਿਹਾ ਹੈ। ਪੰਡਤ ਜਵਾਹਰ ਲਾਲ ਨਹਿਰੂ ਦੇ ਮੌਕੇ ਸਰਦਾਰ ਪਟੇਲ ਦੀ ਵਿਚਾਰਧਾਰਾ ਵੱਖਰੀ ਸੀ, ਅਕਸਰ ਸਾਰੀਆਂ ਪਾਰਟੀਆਂ ਵਿਚ ਹੀ ਅਜਿਹੇ ਵੱਖਰੇ ਵਿਚਾਰ ਹੁੰਦੇ ਹਨ। ਇੰਦਰਾ ਗਾਂਧੀ ਦੇ ਮੌਕੇ ਵੀ ਬਾਬੂ ਜਗਜੀਵਨ ਰਾਮ ਵਰਗੇ ਘਾਗ ਨੇਤਾਵਾਂ ਦੀ ਵਿਚਾਰਧਾਰਾ ਵੱਖਰੀ ਸੀ। ਉਸਾਰੂ ਨੁਕਤਾਚੀਨੀ ਹਰ ਪਾਰਟੀ ਵਿਚ ਹੋਣੀ ਚਾਹੀਦੀ ਹੈ ਕਿਉਂਕਿ ਇਹ ਜਾਗ੍ਰਤੀ ਅਤੇ ਆਤਮ ਵਿਕਾਸ ਦੀ ਨਿਸ਼ਾਨੀ ਹੁੰਦੀ ਹੈ। ਉਸੇ ਤਰ੍ਹਾਂ ਹੁਣ ਵੀ ਕਾਂਗਰਸ ਪਾਰਟੀ ਵਿਚ ਧੜੇਬੰਦੀ ਜਾਂ ਵਿਚਾਰਾਂ ਦਾ ਵਖਰੇਵਾਂ ਮੌਜੂਦ ਹੈ। ਇਹ ਕੋਈ ਨਵੀਂ ਗੱਲ ਨਹੀਂ। ਲੋਕ ਸਭਾ ਵਿਚ ਕਾਂਗਰਸ ਪਾਰਟੀ ਦੇ ਉਪ ਨੇਤਾ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਸਥਾਈ ਆਮੰਤ੍ਰਿਤ ਮੈਂਬਰ ਕੈਪਟਨ ਅਮਰਿੰਦਰ ਸਿੰਘ ਦੀ 24 ਜਨਵਰੀ 2014 ਨੂੰ ਨਸ਼ਿਆਂ ਵਿਰੁਧ, ਉਨ੍ਹਾਂ ਦੇ ਲੋਕ ਸਭਾ ਹਲਕੇ ਅੰਮ੍ਰਿਤਸਰ ਵਿਖੇ ਹੋਈ ਲਲਕਾਰ ਰੈਲੀ ਕੈਪਟਨ ਦੇ ਵਿਰੋਧੀਆਂ ਵਲੋਂ ਉਠਾਏ ਜਾ ਰਹੇ ਕਈ ਸਵਾਲਾਂ ਦਾ ਜਵਾਬ ਦੇਣ ਵਿਚ ਸਫਲ ਹੋ ਗਈ ਹੈ। ਇਹ ਰੈਲੀ ਪੰਜਾਬ ਸਰਕਾਰ,ਕੇਂਦਰ ਸਰਕਾਰ, ਅਕਾਲੀ ਦਲ, ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਦੀਆਂ ਸਫਾਂ ਵਿਚ ਵੀ ਤੜਥੱਲੀ ਮਚਾਉਣ ਵਿਚ ਸਫਲ ਹੋਈ ਹੈ। ਇਸ ਨੂੰ ਫਟਕਾਰ ਰੈਲੀ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਰੈਲੀ ਭਾਰਤੀ ਜਨਤਾ ਪਾਰਟੀ, ਅਕਾਲੀ ਦਲ,ਨਸ਼ਿਆਂ ਦੇ ਸੌਦਾਗਰਾਂ ਅਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਨੂੰ ਫਟਕਾਰ ਪਾਉਣ ਵਿਚ ਸਫਲ ਸਾਬਤ ਹੋਈ ਹੈ। ਆਮ ਤੌਰ ਤੇ ਅਜਿਹੀਆਂ ਭਰਵੀਂਆਂ ਵਿਸ਼ਾਲ ਰਾਜਸੀ ਰੈਲੀਆਂ ਵਿਰੋਧੀ ਪਾਰਟੀਆਂ ਲਈ ਖ਼ਤਰੇ ਦੀ ਘੰਟੀ ਹੁੰਦੀਆਂ ਹਨ,ਖ਼ਾਸ ਤੌਰ ਤੇ ਜਿਹੜੀ ਪਾਰਟੀ ਦੀ ਸਰਕਾਰ ਹੋਵੇ ਉਸ ਲਈ ਪ੍ਰੰਤੂ ਇਸ ਰੈਲੀ ਨੇ ਤਾਂ ਸਾਰੀਆਂ ਸਿਆਸੀ ਪਾਰਟੀਆਂ ਦੀ ਹੀ ਨੀਂਦ ਖ਼ਰਾਬ ਕਰ ਦਿੱਤੀ ਹੈ। ਇਸ ਰੈਲੀ ਵਿਚ ਕੈਪਟਨ ਅਮਰਿੰਦਰ ਸਿੰਘ ਨੇ ਭਾਰਤੀ ਜਨਤਾ ਪਾਰਟੀ ਅਤੇ ਵਿਸ਼ੇਸ਼ ਤੌਰ ਤੇ ਉਸਦੇ ਪ੍ਰਧਾਨ ਅਮਿਤ ਸ਼ਾਹ ਅਤੇ ਮੋਦੀ ਸਰਕਾਰ ਨੂੰ ਕਰੜੇ ਹੱਥੀਂ ਲੈਂਦਿਆਂ ਰਗੜੇ ਲਾਏ ਹਨ। ਉਨ੍ਹਾਂ ਭਾਰਤੀ ਜਨਤਾ ਪਾਰਟੀ ਉਪਰ ਦੋਗਲੀ ਨੀਤੀ ਅਪਨਾਉਣ ਦਾ ਦੋਸ਼ ਲਗਾਉਂਦਿਆਂ ਕਿਹਾ ਹੈ ਕਿ ਇੱਕ ਪਾਸੇ ਉਹ ਨਸ਼ਿਆਂ ਦੇ ਵਿਰੁਧ ਹੋਣ ਦਾ ਦਾਅਵਾ ਕਰਦੀ ਹੈ ਅਤੇ ਦੂਜੇ ਪਾਸੇ ਨਸ਼ਿਆਂ ਦੀ ਸੌਦਾਗਰ ਪੰਜਾਬ ਸਰਕਾਰ ਜਿਸਦੇ ਮੰਤਰੀ ਨਸ਼ਿਆਂ ਦੇ ਵਿਓਪਾਰੀਆਂ ਨੂੰ ਸ਼ਹਿ ਦੇ ਰਹੇ ਹਨ ਨੂੰ ਸਪੋਰਟ ਦੇ ਰਹੇ ਹਨ। ਉਨ੍ਹਾਂ ਅੱਗੋਂ ਕਿਹਾ ਕਿ ਜੇ ਭਾਰਤੀ ਜਨਤਾ ਪਾਰਟੀ ਸੱਚੇ ਦਿਲੋਂ ਨਸ਼ਿਆਂ ਦੇ ਵਿਰੁਧ ਹੈ ਤਾਂ ਪੰਜਾਬ ਵਿਚ ਅਕਾਲੀ ਦਲ ਦੀ ਸਰਕਾਰ ਤੋਂ ਆਪਣੀ ਸਪੋਰਟ ਵਾਪਸ ਲੈ ਲਵੇ ਅਤੇ ਲੋਕਾਂ ਦੀ ਕਚਹਿਰੀ ਵਿਚ ਸੱਚੀ ਸਾਬਤ ਹੋਵੇ। ਉਨ੍ਹਾਂ ਕਿਹਾ ਹੁਣ ਤਾਂ ਪੰਜਾਬ ਦੇ ਲੋਕ ਇਹ ਮਹਿਸੂਸ ਕਰ ਰਹੇ ਹਨ ਕਿ ਭਾਰਤੀ ਜਨਤਾ ਪਾਰਟੀ ਨਸ਼ਿਆਂ ਦੇ ਵਿਰੁਧ ਸਿਰਫ਼ ਬਿਆਨਬਾਜ਼ੀ ਹੀ ਕਰਕੇ ਪੰਜਾਬ ਦੇ ਲੋਕਾਂ ਨੂੰ ਬੇਵਕੂਫ਼ ਬਨਾਉਣ ਦੀ ਕੋਸ਼ਿਸ਼ ਕਰ ਰਹੀ ਹੈ ਪ੍ਰੰਤੂ ਪੰਜਾਬ ਦੇ ਲੋਕ ਸਮਝਦਾਰ,ਪੜ੍ਹੇ ਲਿਖੇ ਅਤੇ ਸਿਆਸੀ ਤੌਰ ਤੇ ਸਿਆਣੇ ਹਨ,ਉਹ ਸਭ ਕੁਝ ਜਾਣਦੇ ਹਨ। ਉਹ ਭਾਰਤੀ ਜਨਤਾ ਪਾਰਟੀ ਵਲੋਂ ਮਗਰ ਮੱਛ ਦੇ ਵਹਾਏ ਜਾ ਰਹੇ ਹੰਝੂਆਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਕੈਪਟਨ ਅਮਰਿੰਦਰ ਸਿੰਘ ਨੇ ਅਮਿਤ ਸ਼ਾਹ ਵਲੋਂ ਨੇੜ ਭਵਿਖ ਵਿਚ ਪੰਜਾਬ ਵਿਚ ਕੀਤੀ ਜਾਣ ਵਾਲੀ ਰੈਲੀ ਦੇ ਬਰਾਬਰ ਦੁਆਰਾ ਰੈਲੀ ਕਰਨ ਦਾ ਵੀ ਐਲਾਨ ਕਰ ਦਿੱਤਾ ਹੈ, ਇਸ ਦੇ ਨਾਲ ਹੀ ਕੈਪਟਨ ਅਮਰਿੰਦਰ ਸਿੰਘ ਨੇ ਬਿਕਰਮ ਸਿੰਘ ਮਜੀਠੀਆ ਵਲੋਂ ਨਸ਼ਿਆਂ ਦੇ ਵਿਓਪਾਰੀਆਂ ਨਾਲ ਮਿਲੇ ਹੋਣ ਦਾ ਵੀ ਦੋਸ਼ ਲਗਾਇਆ ਹੈ। ਕੈਪਟਨ ਦੇ ਇਨ੍ਹਾਂ ਬਿਆਨਾਂ ਨੇ ਉਨ੍ਹਾਂ ਉਪਰ ਉਨ੍ਹਾਂ ਦੇ ਸਿਆਸੀ ਵਿਰੋਧੀਆਂ ਵਲੋਂ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦੀਆਂ ਅਫ਼ਵਾਹਾਂ ਅਤੇ ਪ੍ਰਕਾਸ਼ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਨਾਲ ਮਿਲੇ ਹੋਣ ਦੇ ਦੋਸ਼ਾਂ ਨੂੰ ਬੇਬੁਨਿਆਦ ਸਾਬਤ ਕਰ ਦਿੱਤਾ ਹੈ।



**ਉਜਾਗਰ ਸਿੰਘ**
**94178 13072**

ਕੈਪਟਨ ਅਮਰਿੰਦਰ ਸਿੰਘ ਹੰਢਿਆ ਵਰਤਿਆ ਹੋਇਆ ਪੜ੍ਹਿਆ ਲਿਖਿਆ ਸੂਝਵਾਨ ਸਿਆਸਤਦਾਨ ਹੈ,ਉਸਨੇ ਇਹ ਰੈਲੀ ਕਰਕੇ ਇੱਕ ਤੀਰ ਨਾਲ ਦੋ ਨਿਸ਼ਾਨੇ ਲਾ ਦਿੱਤੇ ਹਨ। ਇਸ ਰੈਲੀ ਵਿਚ ਬੇਸ਼ੁਮਾਰ ਲੋਕਾਂ,ਕਾਂਗਰਸ ਪਾਰਟੀ ਦੇ ਵਿਧਾਨਕਾਰਾਂ ਅਤੇ ਸੀਨੀਅਰ ਸਿਆਸਤਦਾਨਾਂ ਦੇ ਸ਼ਾਮਲ ਹੋ ਜਾਣ ਨਾਲ ਕੈਪਟਨ ਦੇ ਕਾਂਗਰਸ ਪਾਰਟੀ ਵਿਚਲੇ ਵਿਰੋਧੀਆਂ ਦੀ ਜ਼ੁਬਾਨ ਬੰਦ ਹੋ ਗਈ ਹੈ।

ਭਾਵੇਂ ਤੁਸੀਂ ਕੁਝ ਵੀ ਕਹੋ ਪ੍ਰੰਤੂ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਸ ਰੈਲੀ ਨੇ ਕਾਂਗਰਸੀ ਵਰਕਰਾਂ ਅਤੇ ਨੇਤਾਵਾਂ ਨੂੰ ਸਰਗਰਮ ਕਰ ਦਿੱਤਾ ਹੈ। ਲਗਪਗ ਸਾਰੇ ਪੰਜਾਬ ਤੋਂ ਕਾਂਗਰਸੀ ਨੇਤਾਵਾਂ ਅਤੇ ਵਰਕਰਾਂ ਦਾ ਇਸ ਰੈਲੀ ਵਿਚ ਸ਼ਾਮਲ ਹੋਣਾ ਸਾਬਤ ਕਰਦਾ ਹੈ ਕਿ ਕਾਂਗਰਸ ਪਾਰਟੀ ਵਿਚ ਸਰਗਰਮੀ ਸ਼ੁਰੂ ਹੋ ਗਈ ਹੈ। ਇਸ ਰੈਲੀ ਦੀ ਸਫ਼ਲਤਾ ਨੇ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਪਰਤਾਪ ਸਿੰਘ ਬਾਜਵਾ ਨੂੰ ਵੀ ਆਪਣੀ ਹੋਰ ਰੈਲੀ ਕਰਨ ਦਾ ਐਲਾਨ ਕਰਨ ਲਈ ਮਜ਼ਬੂਰ ਕਰ ਦਿੱਤਾ ਹੈ,ਜਿਸ ਵਿਚ ਬਾਜਵਾ ਦੇ ਬਿਆਨ ਅਨੁਸਾਰ ਰਾਹੁਲ ਗਾਂਧੀ ਦੇ ਸ਼ਾਮਲ ਹੋਣ ਬਾਰੇ ਕਿਹਾ ਗਿਆ ਹੈ। ਇਸ ਦਾ ਭਾਵ ਹੈ ਕਿ ਹੁਣ ਉਹ ਵੀ ਆਪਣੀ ਰੈਲੀ ਨੂੰ ਸਫ਼ਲ ਬਣਾਉਣ ਲਈ ਪੂਰਾ ਜ਼ੋਰ ਲਗਾਉਣਗੇ ਕਿਉਂਕਿ ਜੇਕਰ ਰਾਹੁਲ ਗਾਂਧੀ ਨੇ ਸ਼ਾਮਲ ਹੋਣਾ ਹੈ ਤਾਂ ਕਾਂਗਰਸ ਪਾਰਟੀ ਦੇ ਸਾਰੇ ਨੇਤਾ ਸਰਗਰਮੀ ਨਾਲ ਵੱਡਾ ਇਕੱਠ ਕਰਨ ਲਈ ਜ਼ੋਰ ਲਗਾਉਣਗ ਤਾਂ ਜੋ ਉਹ ਰਾਹੁਲ ਗਾਂਧੀ ਕੋਲ ਆਪਣੀ ਹਾਜ਼ਰੀ ਲੁਆ ਸਕਣ ਅਤੇ ਪਰਤਾਪ ਸਿੰਘ ਬਾਜਵਾ ਉਨ੍ਹਾਂ ਦੀ ਰਾਹੁਲ ਗਾਂਧੀ ਕੋਲ ਸ਼ਿਕਾਇਤ ਨਾ ਲਗਾ ਸਕੇ। ਕੈਪਟਨ ਅਮਰਿੰਦਰ ਸਿੰਘ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਜੇ ਰਾਹੁਲ ਗਾਂਧੀ ਪੰਜਾਬ ਵਿਚ ਆਉਣਗੇ ਤਾਂ ਉਹ ਅਤੇ ਉਨ੍ਹਾਂ ਦੇ ਸਮਰਥਕ ਹੁੰਮ ਹੁੰਮਾ ਕੇ ਸ਼ਾਮਲ ਹੋਣਗੇ। ਇਸ ਦਾ ਭਾਵ ਇਹ ਹੋਇਆ ਕਿ ਪੰਜਾਬ ਵਿਚ ਕਾਂਗਰਸ ਦਾ ਵਰਕਰ ਸਰਗਰਮ ਹੋਵੇਗਾ ਅਤੇ ਸਰਕਾਰ ਦੀਆਂ ਅਸਫ਼ਲਤਾਵਾਂ ਬਾਰੇ ਪੰਜਾਬ ਦੇ ਲੋਕਾਂ ਨੂੰ ਜਾਗਰੂਕ ਕਰੇਗਾ ਕਿਉਂਕਿ ਸਰਕਾਰ ਤਾਂ ਹਰ ਖੇਤਰ ਵਿਚ ਫੇਲ੍ਹ ਹੋਈ ਹੈ।

ਕੈਪਟਨ ਅਮਰਿੰਦਰ ਸਿੰਘ ਦੀ ਲਲਕਾਰ ਰੈਲੀ ਨੇ ਰਾਜ ਚਲਾ ਰਹੀ ਸਰਕਾਰ ਦੀਆਂ ਵੀ ਜੜ੍ਹਾਂ ਹਿਲਾ ਦਿੱਤੀਆਂ ਹਨ ਕਿ ਲੋਕ ਕੈਪਟਨ ਅਮਰਿੰਦਰ ਸਿੰਘ ਦੇ ਨਾਲ ਹਨ। ਵੇਖਣ ਵਾਲੀ ਗੱਲ ਤਾਂ ਇਹ ਹੈ ਕੀ ਇਹ ਰੈਲੀ ਕਾਂਗਰਸ ਪਾਰਟੀ ਦੀ ਏਕਤਾ ਵਿਚ ਮਹੱਤਵਪੂਰਨ ਯੋਗਦਾਨ ਪਾ ਸਕੇਗੀ ਜਾਂ ਪਾਰਟੀ ਨੂੰ ਹੋਰ ਖੇਰੂੰ ਖੇਰੂੰ ਕਰਨ ਵਿਚ ਸਹਾਈ ਹੋਵੇਗੀ? ਪੰਜਾਬ ਦੇ ਲੋਕ ਇਹ ਮਹਿਸੂਸ ਕਰਦੇ ਹਨ ਕਿ ਕੈਪਟਨ ਅਮਰਿੰਦਰ ਸਿੰਘ ਹੀ ਕਾਂਗਰਸ ਪਾਰਟੀ ਵਿਚ ਅਜਿਹਾ ਧੜੱਲੇਦਾਰ ਨੇਤਾ ਹੈ,ਜਿਹੜਾ ਬਾਦਲ ਪਰਵਾਰ ਨੂੰ ਵਾਹਣੇ ਪਾ ਸਕਦਾ ਹੈ। ਕੈਪਟਨ ਅਮਰਿੰਦਰ ਸਿੰਘ ਦਾ ਸ਼ਕਤੀ ਪ੍ਰਦਰਸ਼ਨ ਭਵਿਖ ਵਿਚ ਕੀ ਕਰਵਟ ਲਵੇਗਾ, ਇਸ ਬਾਰੇ ਕਿਆਸ ਅਰਾਈਆਂ ਲਗਾਈਆਂ ਜਾ ਰਹੀਆਂ ਹਨ ਕਿ ਇਹ ਇਕੱਠ ਕੈਪਟਨ ਅਮਰਿੰਦਰ ਸਿੰਘ ਦੀ ਹਰਮਨ ਪਿਆਰਤਾ ਵਿਚ ਹੋਰ ਵਾਧਾ ਸਫਲ ਹੋਇਆ ਹੈ ਅਤੇ ਕਾਂਗਰਸ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਵਿਚ ਵੀ ਸਹਾਈ ਹੋਵੇਗਾ। ਇਸ ਸ਼ਕਤੀ ਪ੍ਰਦਰਸ਼ਨ ਵਿਚ 43 ਵਿਚੋਂ 35 ਵਿਧਾਇਕ,2 ਮੈਂਬਰ ਲੋਕ ਸਭਾ,20 ਵਿਚੋਂ 15 ਜਿਲ੍ਹਾ ਪ੍ਰਧਾਨ,ਸਾਬਕਾ ਪੰਜਾਬ ਪ੍ਰਦੇਸ਼ ਪ੍ਰਧਾਨ ਅਤੇ ਲਗਪਗ 100 ਤੋਂ ਉਪਰ ਸਾਬਕਾ ਲੋਕ ਸਭਾ ਮੈਂਬਰ,ਵਿਧਾਨਕਾਰ,ਜਿਲ੍ਹਾ ਪ੍ਰਧਾਨ ਅਤੇ ਪੰਜਾਬ ਪ੍ਰਦੇਸ ਕਾਂਗਰਸ ਦੇ ਅਹੁਦੇਦਾਰ ਸ਼ਾਮਲ ਹੋਏ ਹਨ। ਸਿਆਸੀ ਪੜਚੋਲਕਾਰ ਕੈਪਟਨ ਅਮਰਿੰਦਰ ਸਿੰਘ ਦੀ ਇਸ ਰੈਲੀ ਨੂੰ ਵਧੇਰੇ ਅਹਿਮੀਅਤ ਦਿੰਦਿਆਂ ਕਹਿ ਰਹੇ ਹਨ ਕਿ ਪਰਤਾਪ ਸਿੰਘ ਬਾਜਵਾ ਦੀ ਪ੍ਰਧਾਨਗੀ ਨੂੰ ਇਹ ਖੁਲ੍ਹਮਖੁਲ੍ਹਾ ਚੈਲੰਜ ਹੈ। ਪ੍ਰੰਤੂ ਕੈਪਟਨ ਅਮਰਿੰਦਰ ਸਿੰਘ ਨੇ ਠੋਕ ਵਜਾ ਕੇ ਕਿਹਾ ਹੈ ਕਿ ਮਜੀਠੀਆ ਦਾ ਹੋਰ ਕੋਈ ਕੁਝ ਨਹੀਂ ਬਿਗਾੜ ਸਕਿਆ,ਹੁਣ ਉਹ ਉਸ ਨਾਲ ਸਖ਼ਤੀ ਨਾਲ ਨਿਪਟੇਗਾ। ਇਸ ਤੋਂ ਸ਼ਪਸਟ ਹੈ ਕਿ ਕੈਪਟਨ ਸਿੰਘ ਵਲੋਂ ਬਿਕਰਮ ਮਜੀਠੀਆ ਦੇ ਡਰੱਗ ਕੇਸ ਵਿਚ ਸ਼ਾਮਲ ਹੋਣ ਬਾਰੇ ਸੀ.ਬੀ.ਆਈ.ਪੜਤਾਲ ਦੀ ਮੰਗ ਦਾ ਇਹ ਕਹਿਕੇ ਵਿਰੋਧ ਕਰਦੇ ਰਹੇ ਸਨ ਕਿ ਇਹ ਪੜਤਾਲ ਨੂੰ ਹੋਰ ਲਮਕਾ ਦੇਵੇਗੀ,ਉਸ ਮੁਦੇ ਤੇ ਕੈਪਟਨ ਸਹੀ ਸਨ।

ਹੁਣ ਕੈਪਟਨ ਦੇ ਇਸ ਬਿਆਨ ਨੇ ਅਕਾਲੀ ਦਲ ਦੀਆਂ ਸਫਾਂ ਵਿਚ ਤੜਥੱਲੀ ਮਚਾ ਦਿੱਤੀ ਹੈ,ਖ਼ਾਸ ਕਰਕੇ ਮਜੀ-ਠੀਆ ਪਰਵਾਰ ਵਿਚ। ਹੁਣ ਤੱਕ ਅਕਾਲੀ ਅਤੇ ਬਿਕਰਮ ਸਿੰਘ ਮਜੀਠੀਆ ਖ਼ੁਸ਼ ਅਤੇ ਗ਼ਲਤ ਫ਼ਹਿਮੀ ਵਿਚ ਸਨ ਕਿ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਅਸਿਧੇ ਤੌਰ ਤੇ ਉਸਦੀ ਮਦਦ ਕਰ ਰਹੇ ਹਨ। ਕਾਂਗਰਸ ਪਾਰਟੀ ਦੇ ਵਿਧਾਨ ਸਭਾ ਵਿਚ ਨੇਤਾ ਸੁਨੀਲ ਕੁਮਾਰ ਜਾਖੜ ਨੂੰ ਵੀ ਮਜੀਠੀਆ ਅਤੇ ਪਰਕਾਸ਼ ਸਿੰਘ ਬਾਦਲ ਨਰਮ ਸੁਭਾਅ ਦਾ ਨੇਤਾ ਗਿਣ ਰਹੇ ਸਨ ਕਿਉਂਕਿ ਉਸ ਦੇ ਸਲੀਕੇ ਵਾਲੇ ਵਰਤਾਓ ਦਾ ਗ਼ਲਤ ਅਰਥ ਕੱਢ ਰਹੇ ਸਨ। ਸੁਨੀਲ ਕੁਮਾਰ ਜਾਖੜ ਨੇ ਵੀ ਮਜੀਠੀਆ ਖ਼ਿਲਾਫ ਬਿਆਨ ਦੇ ਕੇ ਉਨ੍ਹਾਂ ਦੀ ਚਿੰਤਾ ਵਧਾ ਦਿੱਤੀ ਹੈ।

ਤਾਜ਼ਾ ਘਟਨਾ ਕਰਮ ਅਨੁਸਾਰ ਰਾਹੁਲ ਗਾਂਧੀ ਵੱਲੋਂ ਪੰਜਾਬ ਦੇ ਵਿਧਾਇਕਾਂ ਨੂੰ ਦਿੱਲੀ ਬੁਲਾਕੇ ਮਿਲਣਾ ਅਤੇ ਵਿਧਾਇਕਾਂ ਵੱਲੋਂ ਨਿਰਸੰਕੋਚ ਕੈਪਟਨ ਦੇ ਹੱਕ ਵਿਚ ਭੁਗਤਣਾ ਵੀ ਇਹ ਸੰਕੇਤ ਦਿੰਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦਾ ਸਿਆਸੀ ਸਟੇਟਸ ਹੋਰ ਉਚਾ ਹੋ ਗਿਆ ਹੈ। ਇਸ ਸਾਰੀ ਪਰੀਚਰਚਾ ਦਾ ਸਿਟਾ ਇਹ ਨਿਕਲਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੀ ਲਲਕਾਰ ਰੈਲੀ ਕਾਂਗਰਸੀਆਂ ਨੂੰ ਹੋਰ ਸਰਗਰਮ ਕਰਨ ਵਿਚ ਸਹਾਈ ਸਾਬਤ ਹੋਈ ਹੈ।

# ਦੇਸ਼ ਵਿੱਚ 3 ਲੱਖ 25 ਹਜਾਰ ਬੱਚੇ ਹਰ ਸਾਲ ਗਾਇਬ ਹੋ ਜਾਂਦੇ ਹਨ -ਨੈਸ਼ਨਲ ਕਰਾਇਮ ਰਿਕਾਰਡ ਬਿਓਰੋ



ਅਕੇਸ਼ ਕੁਮਾਰ
98880-31426

ਦੇਸ਼ ਵਿੱਚ 3 ਲੱਖ 25 ਹਜਾਰ ਬੱਚੇ ਹਰ ਸਾਲ ਗਾਇਬ ਹੋ ਜਾਂਦੇ ਹਨ -ਨੈਸ਼ਨਲ ਕਰਾਇਮ ਰਿਕਾਰਡ ਬਿਓਰੋ ਨੈਸ਼ਨਲ ਕਰਾਇਮ ਰਿਕਾਰਡ ਬਿਓਰੋ ਨੇ ਕਿਹਾ ਹੈ ਕਿ ਦੇਸ਼ ਵਿੱਚ ਹਰ 8 ਮਿਨਟ ਬਾਦ 1 ਬੱਚਾ ਗਾਇਬ ਹੋ ਜਾਂਦਾ ਹੈ ਜੋਕਿ ਦੇਸ਼ ਦੇ ਲਈ ਬੜੀ ਚਿੰਤਾਜਨਕ ਸਥਿਤੀ ਹੈ।

ਭਾਰਤ ਦੇ ਮਾਨਯੋਗ ਸੁਪਰੀਮ ਕੋਰਟ ਵੱਲੋ ਦੇਸ਼ ਭਰ ਵਿੱਚ ਲਾਪਤਾ ਹੋ ਰਹੇ ਬੱਚਿਆ ਉਪਰ ਚਿੰਤਾ ਜਾਹਰ ਕਰਦੇ ਹੋਏ ਕੁੱਝ ਰਾਜ ਸਰਕਾਰਾਂ ਦੇ ਪ੍ਰਸ਼ਾਸਨ ਨੂੰ ਉਹਨਾਂ ਦੇ ਇਸ ਮਾਮਲੇ ਵਿੱਚ ਬੇਪਰਵਾਹ ਨਜਰੀਏ ਤੇ ਫਟਕਾਰ ਲਗਾਈ ਹੈ। । ਦੇਸ਼ ਵਿੱਚ ਗਾਇਬ ਹੋ ਰਹੇ ਬੱਚਿਆਂ ਦੀ ਘਰ ਵਾਪਸੀ ਦੀ ਦਿਸ਼ਾ ਵਿਚ ਪ੍ਰਧਾਨਮੰਤਰੀ ਖੁੱਦ ਕੋਈ ਅਜਿਹੀ ਪਹਿਲ ਕਰਨ ਤਾਂ ਜੋ ਦੇਸ਼ ਦਾ ਭੱਵਿਖ ਇਹ ਬੱਚੇ ਗਾਇਬ ਹੋਣ ਤੋਂ ਰੁੱਕ ਸਕਣ। ਵੈਸੇ ਵੀ ਭਾਰਤ ਦੇ ਪ੍ਰਧਾਨਮੰਤਰੀ ਨਰਿੰਦਰ ਮੋਦੀ ਦੇਸ਼ ਦੇ 125 ਕਰੋੜ ਲੋਕਾਂ ਨੂੰ ਆਪਣੀ ਤਾਕਤ ਮੰਨਦੇ ਹਨ ਅਤੇ ਆਪਣੇ ਬਿਆਨਾਂ ਵਿੱਚ ਉਹਨਾਂ ਕਿਹਾ ਹੈ ਕਿ ਦੇਸ਼ ਦੀ 125 ਕਰੋੜ ਜਨਤਾ ਇੱਕ ਕਦਮ ਚਲਦੀ ਹੈ ਤਾਂ ਦੇਸ਼ 125 ਕਰੋੜ ਕਦਮ ਅੱਗੇ ਵੱਧ ਜਾਂਦਾ ਹੈ। ਐਨ ਡੀ ਏ ਸਰਕਾਰ ਨੇ ਮੋਦੀ ਜੀ ਦੀ ਅਗਵਾਈ ਵਿੱਚ ਲੋਕਾਂ ਨੂੰ ਜੋ ਅੱਛੇ ਦਿਨ ਆਉਣ ਦਾ ਭਰੋਸਾ ਦਵਾਇਆ ਹੈ ਤੇ ਕਈ ਮਹਤਵਪੂਰਨ ਫੈਸਲੈ ਲੈ ਕੇ ਇਸ ਉਮੀਦ ਨੂੰ ਜਗਾਇਆ ਵੀ ਹੈ। ਜਿਸ ਤਰਾਂ ਮੋਦੀ ਜੀ ਨੇ ਆਪਣੇ ਨੇਪਾਲ ਦੌਰੇ ਦੇ ਦੌਰਾਨ ਭਾਰਤ ਵਿੱਚ ਰਹਿ ਰਹੇ ਇੱਕ ਨੇਪਾਲੀ ਨੌਜਵਾਨ ਨੂੰ ਉਸਦੇ ਪਰਿਵਾਰ ਨਾਲ ਮਿਲਾਇਆ ਹੈ ਉਸੇ ਤਰ੍ਹਾਂ ਗਾਇਬ ਹੋ ਰਹੇ ਲੱਖਾਂ ਬੱਚਿਆਂ ਦੇ ਮਾਂ ਬਾਪ ਨੂੰ ਵੀ ਪ੍ਰਧਾਨਮੰਤਰੀ ਤੋਂ ਉਮੀਦ ਹੈ ਕਿ ਉਹਨਾਂ ਦੇ ਬੱਚੇ ਵੀ ਵਾਪਸ ਮਿਲਣਗੇ ਅਤੇ ਉਹਨਾਂ ਦੇ ਪਰਿਵਾਰ ਵਿੱਚ ਵੀ ਖੁਸ਼ੀ ਭਰਿਆ ਮਹੌਲ ਹੋਵੇਗਾ।

ਬੱਚੇ ਕਿਸੀ ਵੀ ਦੇਸ਼ ਦਾ ਭਵਿੱਖ ਹਨ ਅਤੇ ਬੱਚਿਆਂ ਦੀ ਸਹੀ ਪਰਵਰਿਸ਼ ਹੀ ਦੇਸ਼ ਦੇ ਭਵਿੱਖ ਨੂੰ ਸਹੀ ਦਿਸ਼ਾ ਵਿੱਚ ਲੈ ਜਾ ਸਕਦੀ ਹੈ। ਪਰ ਲਾਪਤਾ ਹੋ ਰਹੇ ਬੱਚਿਆਂ ਦੀ ਦਰ ਤੇਜ਼ੀ ਦੇ ਨਾਲ ਵੱਧਣ ਨਾਲ ਸਰਕਾਰੀ ਤੰਤਰ ਤੇ ਕਈ ਪ੍ਰਸ਼ਨ ਚਿੰਨ੍ਹ ਲੱਗ ਰਹੇ ਹਨ। ਜਿੱਥੇ ਕਿਸੇ ਅਮੀਰ ਦਾ ਬੱਚਾ ਗਾਇਬ ਹੋਣ ਤੇ ਪੂਰਾ ਤੰਤਰ ਉਸਦੀ ਭਾਲ ਲਈ ਮੁਸਤੈਦ ਹੋ ਜਾਂਦਾ ਹੈ ਉਥੇ ਹੀ ਗਰੀਬ ਦੇ ਬੱਚੇ ਦੇ ਗਾਇਬ ਹੋਣ ਦੀ ਤਾਂ ਜਿਆਦਾਤਰ ਐਫ ਆਈ ਆਰ ਤੱਕ ਨਹੀਂ ਲਿਖੀ ਜਾਂਦੀ।

ਇਸ ਬਾਰੇ ਮਾਨਯੋਗ ਸੁਪਰੀਮ ਕੋਰਟ ਨੇ ਕਈ ਰਾਜ ਸਰਕਾਰ ਦੇ ਪ੍ਰਸ਼ਾਸਨ ਨੂੰ ਝਾੜ ਲਗਾਈ ਹੈ। ਬੱਚਿਆਂ ਲਈ ਬਣੇ ਕਾਨੂੰਨ ਅਤੇ ਉਹਨਾਂ ਦੀ ਪੂਰੀ ਤਰ੍ਹਾਂ ਪਾਲਨਾ ਹੋਣ ਵਿੱਚ ਅਜੇ ਵੀ ਵੱਡਾ ਅੰਤਰ ਹੈ। ਭਾਰਤ ਵਿੱਚ ਬੱਚਿਆਂ ਦੇ ਤੇਜੀ ਨਾਲ ਲਾਪਤਾ ਹੋਣਾ ਚਿੰਤਾਜਨਕ ਹੈ । ਭਾਰਤ ਦੇ ਲੋਕਸਭਾ ਵਿੱਚ ਸਰਕਾਰ ਨੇ ਮੰਨਿਆ ਹੈ ਕਿ 2011 ਤੋਂ ਲੈ 2014 ਤੱਕ 3 ਲੱਖ 25 ਹਜਾਰ ਬੱਚੇ ਗਾਇਬ ਹੋਏ ਹਨ ਅਤੇ ਇਸ ਵਿੱਚੋ 55 ਫ਼ੀਸਦੀ ਲੜਕੀਆਂ ਅਤੇ 45 ਫ਼ੀਸਦੀ ਲੜਕੇ ਹਨ ਅਤੇ ਬੜੀ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਹਜਾਰਾਂ ਬੱਚਿਆਂ ਦੀ ਗੁੰਮਸ਼ੁਦਗੀ ਦੀ ਰਿਪੋਰਟ ਤੱਕ ਦਰਜ ਨਹੀ ਹੁੰਦੀ ਤੇ ਲਾਪਤਾ ਹੋਣ ਵਾਲੇ ਬੱਚਿਆਂ ਵਿੱਚੋਂ ਤਕਰੀਬਨ ਇੱਕ ਚੋਥਾਈ ਕਦੇ ਆਪਣੇ ਘਰ ਵਾਲਿਆਂ ਨੂੰ ਮਿਲ ਹੀ ਨਹੀਂ ਪਾਉਂਦੇ। ਲਾਪਤਾ ਬੱਚੇ ਦੀ ਪੂਰੀ ਜਾਣਕਾਰੀ ਨਾ ਦੇਣਾ, ਲੱਭਣ ਦੇ ਵਿੱਚ ਲੰਮੇ ਸਮੇਂ ਦੀ ਦੇਰੀ ਨਾਲ ਲਾਪਤਾ ਬੱਚਿਆਂ ਦੇ ਆਪਣੇ ਮਾਂ ਬਾਪ ਨੂੰ ਮਿਲਣ ਦੇ ਮੌਕੇ ਘੱਟ ਜਾਂਦੇ ਹਨ। ਆਏ ਸਾਲ ਲਾਪਤਾ ਹੋਣ ਵਾਲੇ ਬੱਚਿਆਂ ਵਿੱਚ ਆਪਣਿਆਂ ਵੱਲੋਂ ਜਾਂ ਫਿਰ ਬੇਗਾਨਿਆਂ ਵਲੋਂ ਅਪਹਰਣ ਕੀਤੇ ਗਏ ਬੱਚਿਆ ਦੇ ਮਾਮਲੇ ਵੀ ਸਾਹਮਣੇ ਆਉਂਦੇ ਹਨ ਜਾਂ ਫਿਰ ਆਪਣੀ ਮਰਜੀ ਨਾਲ ਘਰੋਂ ਦੌੜ ਗਏ ਬੱਚੇ ਜਾਂ ਘਰ ਛੱਡ ਜਾਣ ਲਈ ਮਜਬੂਰ ਕੀਤੇ ਗਏ ਬੱਚੇ ਵੀ ਹੁੰਦੇ ਹਨ।

ਭਾਰਤ ਵਿੱਚ ਬੱਚੇ ਵੇਚਣ ਵਾਲੇ ਗਿਰੋਹਾਂ ਵਲੋਂ ਛੋਟੇ ਬੱਚਿਆਂ ਦਾ ਅਪਹਰਣ ਕਰਕੇ ਉਹਨਾਂ ਤੋਂ ਭੀਖ ਮੰਗਵਾਉਣ ਦਾ ਧੰਧਾ ਕਰਵਾਏ ਜਾਣ ਦੇ ਮਾਮਲੇ ਸਾਹਮਣੇ ਆਉਂਦੇ ਹਨ ਜਾਂ ਇਹਨਾਂ ਗਿਰੋਹਾਂ ਵੱਲੋਂ ਅਰਬ ਦੇਸ਼ਾਂ ਨੂੰ ਬੱਚੇ ਵੇਚ ਦਿੱਤੇ ਜਾਂਦੇ ਹਨ। ਕਈ ਬੱਚਿਆਂ ਦਾ ਅਪਹਰਣ ਫਿਰੌਤੀ ਲਈ ਵੀ ਕੀਤਾ ਜਾਂਦਾ ਹੈ ਜਿਹਨਾਂ ਵਿੱਚੋਂ ਕਈਆਂ ਨੂੰ ਤਾਂ ਫਿਰੌਤੀ ਮਿਲਣ ਤੇ ਛੱਡ ਦਿੱਤਾ ਜਾਂਦਾ ਹੈ ਪਰ ਕਈ ਉਸਤੋਂ ਬਾਦ ਵੀ ਘਰ ਨਹੀਂ ਪਰਤ ਆਉਂਦੇ। ਕਈ ਬੱਚੇ ਪਰੇਸ਼ਾਨੀਆਂ ਤੋਂ ਡਰ ਕੇ ਘਰੋਂ ਚਲੇ ਜਾਂਦੇ ਹਨ।

ਵੱਡੇ ਸ਼ਹਿਰਾਂ ਦੀ ਚਕਾਚੌਂਧ ਤੋਂ ਪ੍ਰਭਾਵਿਤ ਸਟਾਰ ਬਣਨ ਦੀ ਚਾਹ ਵਿੱਚ ਕਈ ਬੱਚੇ ਘਰ ਛੱਡ ਜਾਂਦੇ ਹਨ। ਇਹਨਾਂ ਵਿੱਚੋਂ ਜਿਆਦਾ ਬੱਚੇ ਗਰੀਬ ਘਰਾਂ ਦੇ ਹੁੰਦੇ ਹਨ ਜਿਹਨਾਂ ਵਲੋਂ ਜਿਆਦਾਤਰ ਬੱਚਿਆਂ ਦੇ ਲਾਪਤਾ ਹੋਣ ਦੀ ਰਿਪੋਰਟ ਵੀ ਨਹੀਂ ਦਰਜ ਨਹੀ ਹੁੰਦੀ ਅਜਿਹੇ ਬਚਿੱਆਂ ਨੂੰ ਨਿਠਾਰੀ ਵਰਗੇ ਕਾਂਡ ਦਾ ਸਾਹਮਣਾ ਕਰਨਾ ਪੈਂਦਾ ਹੈ ਜਾਂ ਫਿਰ ਗੈਰਕਾਨੂੰਨੀ ਤੌਰ ਤੇ ਫੈਕਟਰੀਆਂ, ਢਾਬਿਆਂ ਜਾਂ ਘਰਾਂ ਵਿੱਚ ਮਜਦੂਰੀ ਕਰਣ ਲਈ ਮਜਬੂਰ ਕੀਤੇ ਜਾਂਦੇ ਹਨ, ਅਜਿਹੇ ਬੱਚਿਆਂ ਨੂੰ ਅਪਹਰਨ ਕਰਨ ਵਾਲੇ ਗਿਰੋਹ ਵੀ ਹੁੰਦੇ ਹਨ ਜੋ ਦੇਸ਼ ਦੇ ਵਿੱਚ ਜਾਂ ਦੇਸ਼ ਤੋਂ ਬਾਹਰ ਬੇਔਲਾਦ ਜੋੜਿਆਂ ਨੂੰ ਇਹ ਬੱਚੇ ਵੇਚ ਦਿੰਦੇ ਹਨ ਤੇ ਕਈ ਵਾਰ ਇਹਨਾਂ ਨੂੰ ਗਲਤ ਧੰਧਿਆ ਵਿੱਚ ਵੀ ਸ਼ਾਮਲ ਕਰ ਦਿੱਤਾ ਜਾਂਦਾ ਹੈ।

ਰਾਸ਼ਟਰੀ ਪੱਧਰ ਤੇ ਗਾਇਬ ਬੱਚੇ ਲੱਭਣ ਲਈ ਕੋਈ ਸਹੀ ਸੁਨਿਯੋਜਿਤ ਢਾਂਚਾ ਨਾ ਹੋਣ ਕਾਰਨ ਮਾਂ ਬਾਪ ਆਪਣੇ ਬੱਚਿਆਂ ਨੂੰ ਸਹੀ ਤਰ੍ਹਾ ਲੱਭ ਨਹੀਂ ਪਾਉਂਦੇ।

ਬੱਚੇ ਦੇ ਲਾਪਤਾ ਹੋਣ ਤੇ ਉਸਦੇ ਸਹੀ ਕਾਰਨ ਦਾ ਕਿਸੇ ਨੂੰ ਪਤਾ ਨਹੀਂ ਹੁੰਦਾ ਕਿ ਬੱਚਾ ਕਿਸ ਕਾਰਨ ਲਾਪਤਾ ਹੋਇਆ ਹੈ ਕਿਸੇ ਨੇ ਅਪਹਰਨ ਕੀਤਾ ਹੈ ਜਾਂ ਘਰੇਲੂ ਕਾਰਨ ਨਾਲ ਘਰ ਛੱਡ ਗਿਆ ਹੈ।

ਆਮ ਤੌਰ ਤੇ ਬੱਚੇ ਦੇ ਲਾਪਤਾ ਹੋਣ ਨੂੰ ਵੱਡੇ ਅਪਰਾਧ ਦੀ ਗਿਣਤੀ ਵਿੱਚ ਨਹੀ ਰੱਖਿਆ ਜਾਂਦਾ ਤੇ ਇਸ ਦੀ ਰਿਪੋਰਟ ਦਰਜ ਨਹੀਂ ਕੀਤੀ ਜਾਂਦੀ ਸਗੋਂ ਥਾਨੇ ਦੇ ਸ਼ਿਕਾਇਤ ਰਜਿਸਟਰ ਵਿੱਚ ਬਸ ਸ਼ਿਕਾਇਤ ਹੀ ਦਰਜ ਕੀਤੀ ਜਾਂਦੀ ਹੈ। ਨੈਸ਼ਨਲ ਹਿਊਮਨ ਰਾਈਟ ਕਮੀਸ਼ਨ ਦੀ ਰਿਪੋਰਟ ਮੁਤਾਬਕ ਪੁਲਿਸ ਕੋਲ ਆਈ ਗੁਮਸ਼ੁਦਾ ਦੀ ਸ਼ਿਕਾਇਤ ਤੇ ਕਾਰਵਾਈ ਕਰਦੇ ਹੋਏ ਗੁਮਸ਼ੁਦਾ ਬੱਚੇ ਦਾ ਵੇਰਵਾ ਮੀਡੀਆ ਰਾਹੀਂ ਪ੍ਰਕਾਸ਼ਿਤ ਕਰਨਾ ਹੁੰਦਾ ਹੈ। ਪਰ ਜਨਤਾ ਨੂੰ ਇਹ ਕੰਮ ਵੀ ਆਪਣੇ ਆਪ ਹੀ ਕਰਨਾ ਪੈਂਦਾ ਹੈ। ਸਾਧਨਾਂ ਦੀ ਕਮੀ, ਜਾਂਚ ਦੀ ਕਮੀ, ਅਪਰਾਧ ਦੀ ਗਿਣਤੀ ਵਿੱਚ ਨਾ ਸ਼ਾਮਲ ਹੋਣ ਕਾਰਨ ਘੱਟ ਤਵਜੋ, ਆਪਸੀ ਤਾਲਮੇਲ ਦੀ ਕਮੀ ਤੇ ਰਾਸ਼ਟਰੀ ਪੱਧਰ ਤੇ ਇਸ ਸਮਸਿਆ ਨੂੰ ਸਹੀ ਢੰਗ ਨਾਲ ਨਜਿਠਣ ਲਈ ਉਪਰਾਲਿਆਂ ਦੀ ਕਮੀ ਕਾਰਨ ਇਹਨਾਂ ਮਾਮਲਿਆਂ ਨੂੰ ਪੂਰੀ ਗੰਭੀਰਤਾ ਨਾਲ ਨਹੀਂ ਲਿਆ ਜਾਂਦਾ।

ਬੱਚਿਆਂ ਦੇ ਨਾਲ ਹੁੰਦੇ ਅਪਰਾਧਾਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਤੇ ਇਹਨਾ ਅਪਰਾਧਾਂ ਦਾ ਸ਼ਿਕਾਰ ਜਿਆਦਾਤਰ ਲਾਪਤਾ ਹੋਏ ਬੱਚੇ ਹੀ ਹੁੰਦੇ ਹਨ। ਇਸ ਮਸਲੇ ਤੇ ਸਰਕਾਰੀ ਤੰਤਰ ਨਾਲੋਂ ਗੈਰ ਸਰਕਾਰੀ ਸੰਸਥਾਵਾਂ ਅਜੇ ਫਿਰ ਵੀ ਕੁੱਝ ਬੇਹਤਰ ਕੰਮ ਕਰ ਰਹੀਆਂ ਹਨ ਪਰ ਸੰਸਾਧਨਾ ਦੀ ਕਮੀ ਇਹਨਾਂ ਸੰਸਥਾਵਾਂ ਦੇ ਨਤੀਜਿਆਂ ਵਿੱਚ ਵੱਡਾ ਰੋੜਾ ਹਨ।

ਇਸ ਸਮਸਿਆ ਨੂੰ ਹਲ ਕਰਣ ਲਈ ਸਭ ਤੋਂ ਪਹਿਲਾਂ ਜਰੂਰੀ ਹੈ ਕਿ ਇਸਨੂੰ ਕਾਨੂੰਨੀ ਤੇ ਸਮਾਜਿਕ ਪੱਧਰ ਤੇ ਇੱਕ ਸਮਸਿਆ ਸਮਝਿਆ ਜਾਵੇ ਤੇ ਸਰਕਾਰ, ਪ੍ਰਸ਼ਾਸਨ ਤੇ ਸਮਾਜ ਵਲੋਂ ਇਸਨੂੰ ਪੁਰੀ ਤਵਜੋ ਦਿੱਤੀ ਜਾਵੇ। ਲੋਕਲ ਪੁਲਿਸ ਥਾਨਿਆਂ ਵਿੱਚ ਹੀ ਲਾਪਤਾ ਬੱਚਿਆਂ ਦੇ ਮਾਮਲਿਆਂ ਦੀ ਜਾਂਚ ਤੇ ਉਹਨਾਂ ਨੂੰ ਲੱਭਣ ਲਈ ਅਧਿਕਾਰੀ ਹੋਣੇ ਚਾਹੀਦੇ ਹਨ।

ਸਭ ਤੋਂ ਜਰੂਰੀ ਹੈ ਇਸ ਸੰਬੰਧ ਵਿੱਚ ਪੂਰੇ ਆਂਕੜਿਆਂ ਦੀ ਜਾਣਕਾਰੀ ਹੋਣਾ। ਕਿੰਨੇ ਬੱਚੇ ਲਾਪਤਾ ਹੋਏ ਤੇ ਕਿੰਨੇ ਲੱਭ ਲਏ ਗਏ ਜਾਂ ਵਾਪਸ ਆ ਗਏ ਤੇ ਕਿੰਨੇ ਅਜੇ ਵੀ ਗੁਮਸ਼ੁਦਾ ਹਨ ਜੇ ਇਸ ਸਭ ਦੇ ਪੂਰੇ ਆਂਕੜੇ ਹੋਣ ਤਾਂ ਇਸ ਸਮਸਿਆਂ ਦੀ ਸਹੀ ਗੰਭੀਰਤਾ ਸਮਝਣ ਵਿੱਚ ਮਦਦ ਮਿਲ ਸਕਦੀ ਹੈ। ਬੱਚੇ ਦੇ ਲਾਪਤਾ ਹੋਣ ਨੂੰ ਵੀ ਅਪਰਾਧ ਦੀ ਗਿਣਤੀ ਵਿੱਚ ਰੱਖਦੇ ਹੋਏ ਇਸਦੀ ਰਿਪੋਰਟ ਦਰਜ ਕਰਨੀ ਵੀ ਜਰੂਰੀ ਹੋਣੀ ਚਾਹੀਦੀ ਹੈ ਜਿਵੇਂਕਿ ਆਂਧ੍ਰ ਪ੍ਰਦੇਸ਼ ਤੇ ਤਮਿਲਨਾਡੂ ਦੀ ਸਰਕਾਰ ਵਲੋਂ ਕੀਤਾ ਗਿਆ ਹੈ। ਇਸਦੇ ਨਾਲ ਹੀ ਬੱਚਿਆਂ ਦੇ ਲਾਪਤਾ ਹੋਣ ਦੇ ਕਾਰਨ ਲੱਭਣ ਤੇ ਉਹਨਾਂ ਨੂੰ ਦੂਰ ਕਰਨ ਦੇ ਵੀ ਉਪਰਾਲੇ ਕਰਨੇ ਚਾਹੀਦੇ ਹਨ। ਘਰਦਿਆਂ ਵਲੋਂ ਬੱਚਿਆਂ ਤੇ ਸਹੀ ਧਿਆਨ ਦਿੱਤਾ ਜਾਨਾ ਚਾਹੀਦਾ ਹੈ ਤੇ ਪੜਾਈ ਵਿੱਚ ਕਮਜੋਰ ਬੱਚਿਆਂ ਤੇ ਨਤੀਜੇ ਨੂੰ ਲੈਕੇ ਇੰਨ੍ਹਾਂ ਦਬਾਅ ਵੀ ਨਹੀਂ ਪਾਉਣਾ ਚਾਹੀਦਾ ਕਿ ਉਹ ਡਰਦਾ ਘਰੋਂ ਹੀ ਦੌੜ ਜਾਵੇ। ਇਸ ਸੰਬੰਧ ਵਿੱਚ ਮੀਡੀਆਂ ਕਾਫੀ ਮਦਦ ਕਰ ਸਕਦਾ ਹੈ। ਬੱਚਿਆਂ ਦੀ ਗੁਮਸ਼ੁਦਗੀ ਬਾਰੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਕੇ ਅਤੇ ਲਾਪਤਾ ਬੱਚਿਆਂ ਬਾਰੇ ਜਾਣਕਾਰੀ ਦੇ ਕੇ ਕਈ ਘਰਾਂ ਦੀਆਂ ਖੁਸ਼ੀਆਂ ਵਾਪਸ ਲਿਆਉਣ ਵਿੱਚ ਸਹਾਈ ਹੋ ਸਕਦਾ ਹੈ।

ਸਰਕਾਰ ਨੂੰ ਵੀ ਲਾਪਤਾ ਬੱਚੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਕਾਨੂੰਨ ਹੋਰ ਸਖਤ ਬਣਾਉਣਾ ਚਾਹੀਦਾ ਹੈ ਅਤੇ ਕਿਸੇ ਵੀ ਲਾਪਤਾ ਬੱਚੇ ਦੀ ਤੁਰੰਤ ਐਫ ਆਈ ਆਰ ਕਰਨੀ ਜਰੂਰੀ ਕਰਨੀ ਚਾਹੀਦੀ ਹੈ ਅਤੇ ਲਾਪਤਾ ਬੱਚੇ ਲਈ ਰਾਸ਼ਟਰੀ ਅਤੇ ਸਥਾਨਕ ਪੱਧਰ ਤੇ ਪੂਰੀ ਜਾਣਕਾਰੀ ਵਾਲੇ ਸੈਲ ਹੋਣੇ ਚਾਹੀਦੇ ਹੈ ਤਾਂ ਜੋ ਲਾਪਤਾ ਬੱਚਿਆ ਬਾਰੇ ਪ੍ਰਸ਼ਾਸ਼ਨ ਅਤੇ ਲੋਕਾਂ ਨੂੰ ਪਤਾ ਹੋਵੇ ਅਤੇ ਲਾਪਤਾ ਬੱਚੇ ਦੀ ਜਾਣਕਾਰੀ ਹਰ ਰੋਜ ਮੀਡੀਆ ਨੂੰ ਦਿੱਤੀ ਜਾਵੇ ਇਸ ਲਈ ਇੱਕ ਵਿਸ਼ੇਸ਼ ਸੈਲ ਗਠਿਤ ਕੀਤਾ ਜਾਵੇ।

ਬੱਚਿਆਂ ਦਾ ਅਪਹਰਨ ਕਰਨ ਵਾਲੇ ਗਿਰੋਹਾਂ ਦੇ ਖਿਲਾਫ ਸਰਕਾਰ ਨੂੰ ਸਖਤ ਕਾਨੂੰਨ ਬਨਾਉਣੇ ਚਾਹੀਦੇ ਹਨ ਤਾਂ ਜੋ ਅਜਿਹਾ ਘਿਣੌਨਾ ਅਪਰਾਧ ਕਰਨ ਤੋਂ ਪਹਿਲਾਂ ਉਹ 100 ਵਾਰ ਸੋਚਣ।

ਬੇਗਮਪੁਰਾ ਸਹਰ ਕੋ ਨਾਉ॥ ਦੂਖ ਅੰਦੋਹ ਨਹੀਂ ਤਿਹਿ ਠਾਉ॥




ਸ੍ਰੀ ਗੁਰੂ ਰਵਿਦਾਸ ਟੈਂਪਲ ਸੇਲਮਾ (ਕੈਲੇਫੋਰਨੀਆ) ਵਿਖੇ ਸਤਿਗੁਰੂ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਦਿਹਾੜਾ ਸ਼ਰਧਾ ਅਤੇ ਉਤਸ਼ਾਹ ਨਾਲ ਹਰ ਸਾਲ ਦੀ ਤਰ੍ਹਾਂ ਦਿਨ ਐਤਵਾਰ ਮਾਰਚ 15, 2015 ਨੂੰ ਮਨਾਇਆ ਜਾ ਰਿਹਾ ਹੈ। ਦੇਸ਼-ਵਿਦੇਸ਼ ਵਿਚ ਵੱਸਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਪੁਰਬ ਦੀਆਂ ਲੱਖ-ਲੱਖ ਮੁਬਾਰਕਾਂ ਹੋਣ। ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰੂ ਘਰ ਹਾਜ਼ਰੀ ਲਵਾ ਕੇ ਸਤਿਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।




ਆਰੰਭ ਸ੍ਰੀ ਅਖੰਡ ਪਾਠ ਸਾਹਿਬ 13 ਮਾਰਚ 2015, ਸ਼ੁੱਕਰਵਾਰ 10 ਵਜੇ ਸਵੇਰੇ
ਕੀਰਤਨ ਦਰਬਾਰ ਸ਼ਨੀਚਰਵਾਰ 14 ਮਾਰਚ 2015, ਸ਼ਾਮ 6 ਵਜੇ ਤੋਂ ਸ਼ਾਮ 9 ਵਜੇ ਤੱਕ
ਅਖੰਡ ਪਾਠ ਸਾਹਿਬ ਦੇ ਭੋਗ 15 ਮਾਰਚ 2015 ਸਵੇਰੇ 10 ਵਜੇ ਐਤਵਾਰ

ਬੇਨਤੀ ਕਰਤਾ: ਕਮੇਟੀ ਮੈਂਬਰ (ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਮੈਂਬਰ)

Shri Guru Ravidass Temple, 2650 Blaine Ave; Selma (CA.)
ਹੋਰ ਜਾਣਕਾਰੀ ਲਈ ਗੁਰੂ ਘਰ ਦੇ ਫੋਨ ਨੰਬਰ 559-891-8286) ਤੇ ਸੰਪਰਕ ਕੀਤਾ ਜਾ ਸਕਦਾ ਹੈ

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ 22 ਫਰਵਰੀ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



**Ram Saroay**

39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121



**Amrik Chand (CPA)**

Phone : 510-490-8200
Fax : 510-490-8202

959 Corporate Way,
Fremont, CA. 94539

Email : achand@pacbell.net

ਸ੍ਰੀ ਗੁਰੂ ਰਵਿਦਾਸ ਸਭਾ ਤੇ ਸਮੂਹ ਸਾਧ ਸੰਗਤ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਅਤੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਸਾਲਾਨਾ ਨਗਰ ਕੀਰਤਨ ਦੀਆਂ ਲੱਖ-ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਗੁਰੂ ਘਰ ਰਿਓ ਲਿੰਡਾ ਵਿਖੇ 8 ਮਾਰਚ ਨੂੰ ਮਨਾਏ ਜਾ ਰਹੇ ਗੁਰਪੁਰਬ ਅਤੇ ਨਗਰ ਕੀਰਤਨ ਦੇ ਸਬੰਧ ਵਿਚ ਸਾਡੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ 19 ਫਰਵਰੀ ਦਿਨ ਵੀਰਵਾਰ ਨੂੰ ਰਖਾਏ ਜਾ ਰਹੇ ਹਨ, ਜਿਸ ਦੇ ਭੋਗ 21 ਫਰਵਰੀ ਦਿਨ ਸ਼ਨਿਚਰਵਾਰ ਨੂੰ ਪਾਏ ਜਾਣਗੇ। ਬੱਧਣ ਪਰਿਵਾਰ ਵੱਲੋਂ ਸਮੂਹ ਸਾਧ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਮੌਕੇ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ।

ਬੇਨਤੀ ਕਰਤਾ:- ਸ: ਲਸ਼ਕਰ ਸਿੰਘ ਬੱਧਣ ਅਤੇ ਸਮੂਹ ਪਰਿਵਾਰ

**916-300-9060**



# ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ (ਸੈਂਟਰਲ ਵੈਲੀ) ਕੈਲੀਫੋਰਨੀਆ



ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧ ਸੰਗਤ ਜੀ ਦੇ ਸਹਿਯੋਗ ਨਾਲ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ 638ਵਾਂ ਪ੍ਰਕਾਸ਼ ਦਿਹਾੜਾ ਬਹੁਤ ਹੀ ਸ਼ਰਧਾ ਪੂਰਵਕ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਦਿਨ ਐਤਵਾਰ, ਮਾਰਚ 1, 2015 ਨੂੰ ਮਨਾਇਆ ਜਾ ਰਿਹਾ ਹੈ। ਆਪ ਸਭ ਸਮੂਹ ਸੰਗਤਾਂ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਸਭ ਪਰਿਵਾਰ ਅਤੇ ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਸਮੇਤ ਇਸ ਸ਼ੁਭ ਦਿਹਾੜੇ ਤੇ ਹਾਜ਼ਰੀਆਂ ਲਗਵਾ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਆਰੰਭ ਸ੍ਰੀ ਅਖੰਡ ਪਾਠ ਸਾਹਿਬ 27 ਫਰਵਰੀ ਦਿਨ ਸ਼ੁੱਕਰਵਾਰ ਸਵੇਰੇ 11.00 ਵਜੇ
28 ਫਰਵਰੀ (ਦਿਨ ਸ਼ਨੀਚਰਵਾਰ) ਨੂੰ ਨਿਸ਼ਾਨ ਸਾਹਿਬ ਦੀ ਸੇਵਾ ਸਮੂਹ ਸਾਧ ਸੰਗਤ ਵੱਲੋਂ ਹੋਵੇਗੀ
ਭੋਗ ਸ੍ਰੀ ਅਖੰਡ ਪਾਠ ਸਾਹਿਬ 1 ਮਾਰਚ 2015 ਐਤਵਾਰ, ਸਵੇਰੇ 9.30 ਵਜੇ

ਇਸ ਮੌਕੇ ਰਾਗੀ, ਢਾਡੀ, ਕਥਾਵਾਚਕ ਅਤੇ ਹੋਰ ਵਿਦਵਾਨ ਬੁਲਾਰੇ ਗੁਰੂ ਮਹਾਰਾਜ ਜੀ ਦੇ ਮਿਸ਼ਨ ਅਤੇ ਗੁਰਬਾਣੀ ਤੇ ਚਾਨਣਾ ਪਾਉਣਗੇ।

ਹੋਰ ਜਾਣਕਾਰੀ ਲਈ ਸੰਪਰਕ ਕਰੋ

ਗੁਰੂ ਦੇ ਅਤੁੱਟ ਲੰਗਰ ਵਰਤਾਏ ਜਾਣਗੇ

**559-486-3091** **ਸਮੂਹ ਪ੍ਰਬੰਧਕ ਕਮੇਟੀ**

**Shri Guru Ravidass Sabha (CV) Fresno (California)**
**5025 S. Cherry Ave., Fresno (California) 93706**



ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨਾ ਮਾਲੁ॥ ਖਉਫੁ ਨ ਖਤਾ ਨ ਤਰਸੁ ਜਵਾਲੁ॥

# ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ



ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ



## ਸਮੁੱਚੀ ਦੁਨੀਆਂ ਵਿਚ ਵੱਸਦੀ ਕੁੱਲ ਲੋਕਾਈ ਨੂੰ

## ਲੱਖ ਲੱਖ ਵਧਾਈਆਂ

# Dr Harmesh Kumar

ਸਾਈਕਾਲੋਜਿਸਟ

**925-285-9881**

ਪ੍ਰਸਿੱਧ ਸਮਾਜ ਸੇਵਕ ਅਤੇ ਭਾਈਚਾਰੇ ਵਿਚ ਜਾਣੀ ਪਹਿਚਾਣੀ ਸ਼ਖਸੀਅਤ

# ਇਹੁ ਜਨਮੁ ਤੁਮਾਰੇ ਲੇਖੇ

ਪ੍ਰਿੰਸੀਪਲ ਮਲੂਕ ਚੰਦ 'ਕਲੇਰ'
ਸਰੀ, ਬੀ. ਸੀ., ਕੈਨੇਡਾ
778-321-6139



ਮਨੁੱਖ ਨੂੰ ਸ਼ੁਰੂ ਤੋਂ ਹੀ ਯੂਟੋਪੀਆ (ਆਦਰਸ਼ ਸਮਾਜਿਕ ਅਤੇ ਰਾਜਨੀਤਿਕ ਪ੍ਰਬੰਧ) ਦੀ ਤਲਾਸ਼ ਰਹੀ ਹੈ। ਇਸ ਨੂੰ ਵਧੇਰੇ ਕਰਕੇ ਕਾਲਪਨਿਕ ਸਥਿਤੀ ਹੀ ਕਿਹਾ ਜਾ ਸਕਦਾ ਹੈ, ਕਿਉਂਕਿ ਵਾਸਤਵ ਵਿਚ ਇਸ ਦਾ ਪੂਰਾ ਵਜੂਦ ਸੰਭਵ ਨਹੀਂ। ਮਾਲਦਾਰ ਤਬਕਾ ਜਦੋਂ ਨਿਰਧਨ ਤਬਕੇ ਦਾ ਸ਼ੋਸ਼ਣ ਕਰਦਾ ਹੈ, ਤਾਂ ਦਲਿਤ ਵਰਗ ਨਵੇਂ ਸਮਾਜਿਕ ਅਤੇ ਰਾਜਨੀਤਿਕ ਢਾਂਚੇ ਦੇ ਸੁਪਨੇ ਲੈਣ ਲੱਗ ਪੈਂਦਾ ਹੈ। ਇਹਨਾਂ ਸੁਪਨਿਆਂ ਨੂੰ ਸਾਕਾਰ ਕਰਨ ਲਈ ਉਹ ਪੂਰਾ ਜ਼ੋਰ ਲਗਾਉਣ ਦਾ ਹੀਆ ਕਰਦਾ ਹੈ। ਇਹ ਉਹ ਸਮਾਂ ਹੁੰਦਾ ਹੈ, ਜਦੋਂ ਦੁਖੀ ਜਨਤਾ ਇਨਕਲਾਬ ਦੀ ਤਮੰਨਾਈ ਹੋ ਜਾਂਦੀ ਹੈ। ਇਸ ਮੰਤਵ ਲਈ ਨਾਅਰੇ ਲਗਾਏ ਜਾਂਦੇ ਹਨ ਅਤੇ ਜਲੂਸ ਕੱਢੇ ਜਾਂਦੇ ਹਨ, ਕਈ ਵਾਰ ਤਾਂ ਜਾਨਾਂ ਦੀ ਆਹੂਤੀ ਵੀ ਦੇਣੀ ਪੈਂਦੀ ਹੈ। (ਪ੍ਰੋ. ਨਰਿੰਜਨ ਤਸਨੀਮ)

ਇਹੋ ਜਿਹੇ ਘੋਰ ਅਨਿਆਂ ਵਾਲੇ ਕਾਲੇ ਬੋਲੇ ਸਮਾਜ ਵਿਚ ਪ੍ਰਗਤੀਸ਼ੀਲ ਲਹਿਰਾਂ ਦੁਆਰਾ ਉਪਜੇ ਇਨਕਲਾਬ ਦੀ ਕਲਪਨਾ ਆਮ ਜੀਵਨ ਬਸਰ ਕਰ ਰਹੇ ਮਨੁੱਖਾਂ ਦੇ ਅੰਦਰ ਸਥਿਰ ਹੋ ਕੇ ਰਹਿ ਜਾਂਦੀ ਹੈ। ਪਰ ਉਸੇ ਉਮੰਗ ਦੀ ਤਰੰਗ ਨੂੰ ਗੁਰੂ ਰਵਿਦਾਸ ਜੀ ਦੀ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਵਿਗਿਆਨਕ ਸੋਚ ਨੇ ਸਾਹਹੀਣ ਹੋਈ ਪਈ ਭਾਰਤ ਦੀ ਜਨਤਾ ਵਿਚ ਇਕ ਨਵੀਂ ਤੇ ਨਰੋਈ ਰੂਹ ਫੂਕ ਦਿੱਤੀ।

ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਅਤੇ ਜਨਮ ਦੀ ਤਾਰੀਖ ਬਾਰੇ ਵਿਦਵਾਨਾਂ ਦੀਆਂ ਵੱਖੋ-ਵੱਖਰੀਆਂ ਰਾਵਾਂ ਹਨ। ਕੁਝ ਵਿਦਵਾਨ ਜਿਵੇਂ ਪ੍ਰਿਥੀ ਸਿੰਘ 'ਆਜ਼ਾਦ' ਜੋ ਪੰਜਾਬ ਸਰਕਾਰ ਵਿਚ ਵਜ਼ੀਰ ਵੀ ਸੀ, ਨੇ ਗੁਰੂ ਰਵਿਦਾਸ ਦੇ ਜੀਵਨ ਬਾਰੇ ਖੋਜ ਭਰਪੂਰ ਪੁਸਤਕ ਲਿਖੀ ਹੈ, ਜਿਸ ਵਿਚ ਉਹਨਾਂ ਦਾ ਜਨਮ ਮਾਘ ਦੀ ਪੂੰਨਿਆ ਸੰਨ 1377 ਨੂੰ ਪਿਤਾ ਸ੍ਰੀ ਸੰਤੋਖ ਦਾਸ ਮਾਤਾ ਕਲਸਾ ਦੇਵੀ ਲਿਖਿਆ ਹੈ। ਗੁਰੂ ਰਵਿਦਾਸ ਜੀ ਦਾ ਜਨਮ ਇਕ ਸਧਾਰਨ ਪਰ ਮਿਹਨਤਕਸ਼ ਪਰਿਵਾਰ ਵਿਚ ਤੇ ਕਿਰਤੀ ਸ਼੍ਰੇਣੀ ਵਿਚ ਹੋਇਆ। ਉਹਨਾਂ ਦੇ ਦਾਦਾ ਜੀ ਦਾ ਨਾਂ ਕਾਲੂ ਰਾਮ ਦੇ ਦਾਦੀ ਲੱਖਪਤੀ ਹੈ। ਨਾਨਾ ਬਾਰੂ ਰਾਮ ਤੇ ਨਾਨੀ ਦਾ ਨਾਂ ਹਰਾਂ ਦੇਵੀ ਹੈ। ਉਹਨਾਂ ਦੀ ਸ਼ਾਦੀ ਪਿਤਾ ਸੁਜਾਨ ਦਾਸ ਤੇ ਮਾਤਾ ਸੋਮਾ ਦੇਵੀ ਦੀ ਸਪੁੱਤਰੀ ਬੀਬੀ ਲੋਨਾ ਨਾਲ ਹੋਈ, ਜਿਸ ਦੇ ਪੇਕੇ ਮਿਰਜ਼ਾਪੁਰ ਪਿੰਡ ਵਿਚ ਸਨ। ਉਹਨਾਂ ਦੇ ਘਰ ਵਿਜੁ ਨਾਂ ਦੇ ਸਪੁੱਤਰ ਨੇ ਜਨਮ ਲਿਆ। ਉਹਨਾਂ ਨੇ ਵਹਿਮਾਂ-ਭਰਮਾਂ ਦਾ ਬੁਣਿਆ ਜਾਲ ਤਾਰ-ਤਾਰ ਕੀਤਾ। ਸਿਰੀ ਰਾਗ ਵਿਚ ਸ਼ਬਦ ਉਚਾਰਿਆ, ਜਿਸ ਨਾਲ ਆਮ ਆਦਮੀ ਤੇ ਪ੍ਰਮਾਤਮਾ ਵਿਚਕਾਰਲੇ ਧਰਮ ਦੇ ਠੇਕੇਦਾਰ ਨੂੰ ਠੇਸ ਪਹੁੰਚੀ।

ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥
ਕਨਕ ਕਟਿਕ ਜਲ ਤਰੰਗ ਜੈਸਾ॥

ਗੁਰੂ ਰਵਿਦਾਸ ਜੀ ਨੇ ਆਪਣੀ ਬਾਣੀ ਰਾਹੀਂ ਉਸ ਸਮਾਜ ਨੂੰ ਵੀ ਵੰਗਾਰਿਆ, ਜੋ ਧਾਰਮਿਕ ਰਸਮਾਂ-ਰਿਵਾਜ਼ਾਂ ਉਪਰ ਮੁੱਢ ਕਦੀਮ ਤੋਂ ਹੀ ਗਲਬਾ ਪਾ ਕੇ ਬੈਠੇ ਸਨ। ਧਰਮ ਦੇ ਠੇਕੇਦਾਰ ਫੁੱਲ, ਧੂਪ, ਅਗਰਬੱਤੀਆਂ, ਦੀਵੇ ਅਤੇ ਟੱਲੀਆਂ-ਟੱਲ ਵਜਾ ਕੇ ਹੀ ਦੁਨਿਆਵੀ ਸਮੱਗਰੀ ਦੇ ਸਹਾਰੇ ਹੀ ਪਾਠ ਪੂਜਾ ਕਰਦੇ ਸਨ, ਜਿਹੜਾ ਉਹਨਾਂ ਦੀ ਰੋਟੀ-ਰੋਜ਼ੀ ਦਾ ਵੀ ਸਾਧਨ ਸੀ। ਗੁਰੂ ਰਵਿਦਾਸ ਜੀ ਨੇ ਇਸ ਪਾਖੰਡਵਾਦ ਨੂੰ ''ਝੂਠੇ ਸਗਠ ਪਸਾਰੇ'' ਆਖ ਕੇ ਨਿਕਾਰਿਆ ਹੈ ਅਤੇ ਕੇਵਲ ਤੇ ਕੇਵਲ 'ਨਾਮ' ਨੂੰ ਹੀ ਮਹੱਤਵ ਦਿੱਤਾ ਹੈ। ਰਾਗ ਧਨਾਸਰੀ ਵਿਚ ਆਪਣੀ 'ਆਰਤੀ' ਦੀਆਂ ਵਿਸ਼ੇਸ਼ਤਾਈਆਂ ਦਾ ਜ਼ਿਕਰ ਕਰਦੇ ਹਨ:-

ਨਾਮ ਤੇਰੋ ਆਰਤੀ ਮਜਨੁ ਮਰਾਰੇ॥
ਹਰਿ ਕੇ ਨਾਮ ਬਿਨੁ ਝੂਠੇ ਸਗਲ ਪਾਸਾਰੇ॥

ਖਿਲਜੀਆਂ, ਤੁਗਲਕਾਂ ਅਤੇ ਲੋਧੀਆਂ ਨੇ ਭਾਰਤ ਦੀ ਹਿੰਦੂ ਜਨਤਾ ਉਪਰ ਅਣਗਿਣਤ ਤਸ਼ੱਦਦ ਢਾਹੇ। ਹਿੰਦੂ ਧਰਮ ਖਾਸ ਕਰਕੇ ਬ੍ਰਾਹਮਣ ਧਰਮ ਸੁੰਗੜ ਕੇ ਰਹਿ ਗਿਆ। ਲੋਕਾਂ ਵਿਚ (ਗੈਰ-ਮੁਸਲਮਾਨ) ਜਿਊਣ ਦੀ ਕੋਈ ਇੱਛਾ ਜਾਂ ਉਮੰਗ ਨਾ ਰਹੀ। ਗੁਰੂ ਰਵਿਦਾਸ ਜੀ ਦੇ ਸਮੇਂ ਭਾਰਤ ਉਪਰ ਸਿਕੰਦਰ ਲੋਧੀ (1489-1517) ਦਾ ਰਾਜ ਸੀ। ਉਹ ਇਕ ਕੱਟੜ ਸੁੰਨੀ ਮੁਸਲਮਾਨ ਸੀ। ਐਨ ਉਸੇ ਕਾਲ ਵਿਚ ਗੁਰੂ ਰਵਿਦਾਸ ਜੀ ਆਪਣੇ ਕ੍ਰਾਂਤੀਕਾਰੀ ਵਿਚਾਰਾਂ ਨਾਲ ਉਤਰੀ ਭਾਰਤ ਵਿਚ ਉਭਰੇ। ਉਸ ਵੇਲੇ ਪਾਣੀ ਦੀ ਬੜੀ ਕਿੱਲਤ ਸੀ। ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਗੰਗਾ ਨਦੀ ਤੋਂ ਕੋਈ ਦੋ ਕੋਹ (6 ਮੀਲ) ਦੀ ਵਿੱਥ 'ਤੇ ਸੀ। ਪਰ ਗੰਗਾ ਉਪਰ ਬ੍ਰਾਹਮਣਾਂ ਦਾ ਪੂਰਾ ਕਬਜ਼ਾ ਸੀ।

ਗੁਰੂ ਰਵਿਦਾਸ ਜੀ ਗੰਗਾ ਨਦੀ ਵਿਚ ਇਸ਼ਨਾਨ ਕਰਨ ਅਤੇ ਘਰ ਦੀ ਲੋੜ ਵਾਸਤੇ ਹਰ ਰੋਜ਼ ਬਿਨਾਂ ਨਾਗਾ ਪਾਣੀ ਲਿਆਉਣ ਲੱਗੇ। ਗੱਲ ਮੂੰਹੋਂ ਮੂੰਹੀਂ ਤੁਰ ਪਈ। ਪਰ ਇਹ ਅਣਹੋਣੀ ਗੱਲ ਉਪਰਲੇ ਸਮਾਜ ਦੇ ਗਲੇ ਦੀ ਹੱਡੀ ਬਣ ਗਈ। ਰੌਲਾ ਪੈ ਗਿਆ। ਹਾਹਾਕਾਰ ਮੱਚ ਗਈ। ਗੰਗਾ ਭ੍ਰਿਸ਼ਟ ਹੋ ਗਈ। ਪਰ ਗੁਰੂ ਰਵਿਦਾਸ ਜੀ ਨੇ ਆਪਣੇ ਸਵੈ ਵਿਸ਼ਵਾਸ ਨੂੰ ਕਾਇਮ ਰੱਖਿਆ। ਇਕ ਸ਼ਬਦ ਉਚਾਰਿਆ ਕਿ ਸੌੜੀ ਸੋਚ ਰੱਖਣ ਨਾਲ ਦੇਸ-ਪਰਦੇਸ ਅਤੇ ਆਲੇ-ਦੁਆਲੇ ਦਾ ਗਿਆਨ ਨਹੀਂ ਹੁੰਦਾ ਜਿਵੇਂ:-

ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨਾ ਬੂਝ॥
ਐਸੇ ਮੇਰਾ ਮਨ ਬਿਖਿਆ ਬਿਮੋਹਿਆ ਕਛੁ ਆਰਾ ਪਾਰੁ॥ ਨਾ ਸੂਝ॥

ਸ੍ਰੀ ਬੰਤ ਰਾਮ 'ਘੇੜਾ' ਜੋ ਕਿ ਭਾਰਤੀ ਰੇਲਵੇ ਵਿਚ ਕਰਮਚਾਰੀ ਸੀ। ਉਸ ਨੇ ਵੀ ਗੁਰੂ ਰਵਿਦਾਸ ਜੀ ਦੇ ਜਨਮ ਸਥਾਨ ਦੀ ਖੋਜ ਕਰਨ ਲਈ ਉਤਰ ਪ੍ਰਦੇਸ਼ ਦੇ ਵੱਖ ਵੱਖ ਪਿੰਡਾਂ ਦੀ ਯਾਤਰਾ ਕੀਤੀ। ਇਸ ਖੋਜ ਕਰਨ ਬਦਲੇ ਉਸਨੇ ਘਾਟ-ਘਾਟ ਦੇ ਪਾਣੀ ਪੀਤੇ। ਸ੍ਰੀ ਘੇੜਾ ਦੁਆਰਾ ਕੀਤੀ ਖੋਜ ਮੁਤਾਬਕ ਗੁਰੂ ਰਵਿਦਾਸ ਜੀ ਦਾ ਜਨਮ ਸਥਾਨ ਕਪਿੰਡ 'ਸੀਰ ਗਵਰਧਨਪੁਰਾ' ਡਾਕਘਰ ਬਨਾਰਸ ਹਿਦੂ ਯੂਨੀਵਰਸਿਟੀ ਦੇ ਪੱਛਮੀ ਦਰਵਾਜ਼ੇ ਨੂੰ ਲੰਘ ਕੇ ਮੰਨਿਆ ਜਾਂਦਾ ਹੈ। ਇੱਥੇ ਗੁਰੂ ਜੀ ਦੀਆਂ ਦੋ ਯਾਦਗਾਰੀ ਵਸਤਾਂ ਵੀ ਵਿਰਾਸਤ ਦੇ ਤੌਰ 'ਤੇ ਸੰਭਾਲੀਆਂ ਹੋਈਆਂ ਹਨ। ਅੱਜਕਲ੍ਹ ਇਸ ਸਥਾਨ 'ਤੇ ਚਾਰ ਮੰਜ਼ਿਲਾ ਮੰਦਰ ਵੀ ਜਨਮ ਸਥਾਨ ਦੀ ਸ਼ੋਭਾ ਵਧਾ ਰਿਹਾ ਹੈ। ਬਨਾਰਸ ਨੂੰ ਹੁਣ ਵਾਰਾਨਸੀ ਕਹਿੰਦੇ ਹਨ।

ਗੁਰੂ ਰਵਿਦਾਸ ਜੀ ਨਾਮ ਸਿਮਰਨ ਦੇ ਨਾਲ-ਨਾਲ ਜੋੜੇ ਬਣਾਉਣ ਦਾ ਪਿਤਾ ਪੁਰਖੀ ਕਿੱਤਾ ਵੀ ਕਰਦੇ ਸਨ। ਆਪ ਕਿਰਤ ਦੀ ਕਦਰ ਕਰਦੇ ਸਨ। ਆਪ ਜੋੜੇ ਮਜ਼ਬੂਤ, ਹੰਢਣਸਾਰ ਤੇ ਨਾਲ-ਲਾਲ ਆਪਣੀ ਕਿਰਤ ਇਮਾਨਦਾਰੀ ਨਾਲ ਕਰਦੇ ਸਨ। ਇਸੇ ਕਰਕੇ ਉਹਨਾਂ ਦੀ ਦੁਕਾਨ ਅੱਗੇ ਗਾਹਕਾਂ ਦਾ ਤਾਂਤਾ ਲੱਗਿਆ ਰਹਿੰਦਾ ਸੀ।

ਗੁਰੂ ਰਵਿਦਾਸ ਜੀ ਨੇ ਆਪਣੇ ਆਲੇ-ਦੁਆਲੇ ਦੇ ਵਾਤਾਵਰਣ ਨੂੰ ਗੰਭੀਰਤਾ ਨਾਲ ਵੇਖਿਆ। ਸਵੈ-ਅਧਿਐਨ ਕੀਤਾ। ਗੁਲਾਮੀ ਦਾ ਜੂਲਾ ਲਾਹੁਣ ਲਈ ਬਾਣੀ ਰਾਹੀਂ ਉਪ-ਦੇਸ਼ ਦਿੱਤਾ ਕਿ ਸਾਰਿਆਂ ਪਾਪਾਂ ਦੀ ਮੂਲ ਜੜ੍ਹ ਗੁਲਾਮੀ ਹੀ ਹੈ। ਡਰ ਗੁਲਾਮੀ ਪੈਦਾ ਕਰਦਾ ਹੈ। ਗੁਲਾਮੀ ਪਾਪ ਨੂੰ ਜਨਮ ਦਿੰਦੀ ਹੈ:-

ਪਰਾਧੀਨਤਾ ਪਾਪ ਹੈ, ਜਾਨ ਲੇਹ ਰੇ ਮੀਤ।
ਰਵਿਦਾਸ ਦਾਸ ਪਰਾਧੀਨ ਸੇ ਕੌਣ ਕਰੇ ਹੈ ਪ੍ਰੀਤ॥

ਸਦੀਆਂ ਤੋਂ ਪ੍ਰਾਚੀਨ ਭਾਰਤ ਦੀ ਕੀਤੀ ਹੋਈ ਸਮਾਜਿਕ ਵੰਡ ਖੁੰਡੀ ਕੁਹਾੜੀ ਨਾਲ ਵੱਢਣ ਵਾਲੀ ਹੈ। ਗੁਰੂ ਰਵਿਦਾਸ ਜੀ ਨੇ ਜ਼ਿਸ ਸਮਾਜ ਵਿਚ ਜਨਮ ਲਿਆ ਉਸ ਸਮਾਜ ਦੇ ਲੋਕਾਂ ਨੂੰ ਬਿਨਾਂ ਮਿਹਨਤਾਨੇ ਦੇ ਸੇਵਾ ਦੇ ਬਹਾਨੇ ਜਬਰੀ ਮੁਸ਼ੱਕਤ ਕਰਨੀ ਪੈਂਦੀ ਸੀ, ਜਿਸ ਨੂੰ 'ਵਗਾਰ' ਕਹਿੰਦੇ ਸਨ। ਇਹ ਸਮਾਜ ਬੇਵੱਸ ਸੀ। ਬੇਜ਼ਾਨ ਸੀ, ਨਿਤਾਣਾ ਸੀ। ਸਾਹਹੀਣ ਸੀ। ਮਾਨਸਿਕ ਤੌਰ 'ਤੇ ਗੁਲਾਮ ਹੀ ਨਹੀਂ ਸੀ, ਸਗੋਂ ਗੁਲਾਮੀ ਖੂਨ ਵਿਚ ਵੀ ਰਚ-ਮਿਚ ਗਈ ਸੀ।

ਗੁਰੂ ਰਵਿਦਾਸ ਜੀ ਆਪਣੇ ਸਮੇਂ ਦੇ ਸਮਾਜ ਦੀ ਤਰਸਯੋਗ ਸਥਿਤੀ ਦਾ ਹੂ-ਬ-ਹੂ ਅੱਖੀਂ ਡਿੱਠਾ ਨਕਸ਼ਾ ਆਪਣੇ ਸ਼ਬਦ ਵਿਚ ਪੇਸ਼ ਕਰਦੇ ਲਿਖਦੇ ਹਨ:-

ਦਾਰਿਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ॥

ਭਾਵ ਉਸ ਦੇ ਸਮਾਜ ਦੀ ਤਰਸ ਤੇ ਦਰਦ ਵਾਲੀ ਹਾਲਤ ਉਤੇ ਜਣਾ-ਖਣਾ ਵੀ ਮਖੌਲ ਉਡਾਉਂਦਾ ਸੀ, ਜਿਸ ਨੇ ਆਪਣਾ ਭਾਵੇਂ ਕਦੇ ਮੂੰਹ ਸ਼ੀਸ਼ੇ ਵਿਚ ਨਹੀਂ ਸੀ ਵੇਖਿਆ। ਗੁਰੂ ਰਵਿਦਾਸ ਜੀ ਨੇ ਸਮਾਜ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਸਮੁੱਚੇ ਸਮਾਜ ਦਾ ਸੁਧਾਰ ਕਰਨ ਲਈ ਸੰਘਰਸ਼ ਦੇ ਰਾਹ ਤੁਰ ਪਏ।

ਸਮਕਾਲੀ ਸਮਾਜ ਦੇ ਮੋਹਤਬਰਾਂ ਨੂੰ ਆਪਣੇ ਨਿੱਗਰ ਵਿਚਾਰਾਂ ਰਾਹੀਂ ਵੰਗਾਰਿਆ। ਮਨੁੱਖ ਤੇ ਪ੍ਰਮਾਤਮਾ ਵਿਚ ਫਰਕ ਮਿਟਾਉਣ ਲਈ ਉਦਾਹਰਣਾਂ ਦਿੱਤੀਆਂ। ਸਮਾਜ ਵਿਚ ਚੇਤਨਾ ਪੈਦਾ ਕੀਤੀ। ਕੁੰਭਕਰਨ ਵਾਲੀ ਗੂੜ੍ਹੀ ਤੇ ਲੰਮੀ ਨੀਂਦ ਵਿਚ ਘੁਰਾੜੇ ਮਾਰਦੇ ਸਮਾਜ ਨੂੰ ਭਰਵਾਂ ਹਲੂਣਾ ਦਿੱਤਾ।

ਸਗਲ ਭਵਨ ਕੇ ਨਾਇਕਾ ਇਕੁ ਛਿਨੁ ਦਰਸੁ ਦਿਖਾਇ ਜੀ॥

ਵੱਗਦੇ ਪਾਣੀਆਂ (ਕੁਦਰਤੀ ਸਰੋਤ) ਉਪਰ ਮਾਨਵੀ ਹੱਕਾਂ ਤੇ ਹਿੱਤਾਂ ਦੀ ਗੱਲ ਕੀਤੀ। ਵਗਦੀ ਗੰਗਾ ਵਿਚ ਆਪਣਾ ਹੱਕ ਰੂਪੀ ਪੱਥਰ ਰੱਖਿਆ। ਝੂਠ ਰੂਪੀ ਰੂੰ ਦੇ ਗੋਹੜੇ ਸਦਾ-ਸਦਾ ਲਈ ਡੁੱਬ ਗਏ। ਸਮੇਂ ਦੇ ਹਾਕਮਾਂ ਵੱਲੋਂ ਵਗਦੇ ਪਾਣੀਆਂ ਉਪਰ ਬਰਾਬਰਤਾ ਦੇ ਹੱਕਾਂ ਨੂੰ ਮਾਨਤਾ ਮਿਲ ਗਈ।

ਗੁਰੂ ਰਵਿਦਾਸ ਜੀ ਦੀ ਕਲਮ ਤੋਂ ਉਪਜੀ ਬਾਣੀ ਵਿਚ ਰਾਜਨੀਤਿਕ ਸੂਝ-ਬੂਝ ਦਾ ਝਲਕਾਰਾ ਵੀ ਸਹਿਜੇ ਹੀ ਪੈਂਦਾ ਦਿਸਦਾ ਹੈ। ਗੁਰੂ ਰਵਿਦਾਸ ਜੀ ਨੇ ਇਕ ਇਹੋ ਜਿਹੇ ਆਦਰਸ਼ ਸਮਾਜ ਦਾ ਸੰਕਲਪ ਕੀਤਾ ਹੈ, ਜੋ ਉਹਨਾਂ ਦੇ ਰਚੇ ਸ਼ਬਦ ਰਾਗ ਗਾਉੜੀ ਵਿਚ ਵੇਖਿਆ ਜਾ ਸਕਦਾ ਹੈ:-

ਬੇਗਮਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾ ਤਸਵੀਸ ਖਿਰਾਜੁ ਨ ਮਾਲੂ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥

ਗੁਰੂ ਰਵਿਦਾਸ ਜੀ ਦਾ ਰਚਿਆ ਉਪਰੋਕਤ ਸ਼ਬਦ ਉਹਨਾਂ ਦਾ ਮਾਨਵਤਾ, ਉਚੀ ਤੇ ਸੁੱਚੀ ਨਿੱਗਰ ਸੋਚ ਦਾ ਪ੍ਰਮਾਣ ਪੇਸ਼ ਕਰਦਾ ਹੋਇਆ ਉਹਨਾਂ ਦੀ ਸਮਾਜਿਕ, ਧਾਰਮਿਕ ਤੇ ਆਰਥਿਕ ਕ੍ਰਾਂਤੀ ਵਾਸਤੇ ਪ੍ਰਤੱਖ ਦਰਸ਼ਨ ਕਰਾਉਂਦਾ ਹੈ। ਅੱਜ ਤੋਂ ਲੱਗਭੱਗ ਸਾਢੇ ਛੇ ਸਦੀਆਂ ਪਹਿਲਾਂ ਉਹਨਾਂ ਨੇ ਇਹ ਵਿਚਾਰ ਪ੍ਰਗਟ ਕੀਤੇ। ਗੁਰੂ ਰਵਿਦਾਸ ਜੀ ਦੀ ਕ੍ਰਾਂਤੀਕਾਰੀ ਸੋਚ ਵਾਲੀ ਕਲਮ ਬੋਲਣ, ਪੜ੍ਹਨ, ਲਿਖਣ, ਘੁੰਮਣ-ਫਿਰਨ ਤੇ ਮਾਨਵੀ ਸਮਾਨਤਾ ਦਾ ਅਧਿਕਾਰ ਮੰਗਦੀ ਹੋਈ ਸਮੁੱਚੇ ਵਿਸ਼ਵ ਭਰ ਵਾਸਤੇ ਸੁੱਖ-ਸ਼ਾਂਤੀ ਦੀ ਕਾਮਨਾ ਕਰਦੀ ਹੋਈ ਬੇਗਮਪੁਰਾ (ਆਦਰਸ਼ ਸਮਾਜ ) ਦੀ 'ਨਿਸ਼ਾਨਦੇਹੀ' ਕਰਦੀ ਹੈ।

ਗੁਰੂ ਰਵਿਦਾਸ ਜੀ ਨੇ ਬਹੁਤ ਸਾਰੀ ਬਾਣੀ ਦੀ ਰਚਨਾ ਕੀਤੀ, ਪਰ ਉਸ ਬਾਣੀ 'ਚੋਂ ਕੇਵਲ 40 ਸ਼ਬਦ ਤੇ ਇਕ ਸ਼ਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਉਹਨਾਂ 40 ਸ਼ਬਦ 16 ਰਾਗਾਂ ਵਿਚ ਰਚੇ। ਗੁਰੂ ਜੀ ਦੀ ਸਮੁੱਚੀ ਬਾਣੀ ਅਜੋਕੇ ਸਮਾਜ ਵਿਚ ਵੀ ਸਾਵੀਂ ਪੱਧਰੀ ਜ਼ਿੰਦਗੀ ਜਿਊਣ ਦੀ ਸਮਰੱਥਾ ਰੱਖਦੀ ਹੈ। ਗੁਰੂ ਰਵਿਦਾਸ ਜੀ ਨੇ ਆਪਣੇ ਸੀਮਤ ਸਾਧਨਾਂ ਤੋਂ ਸ਼ੁਰੂਆਤ ਕੀਤੀ। ਹੱਥੀਂ ਕਿਰਤ ਕਮਾਈ ਕੀਤੀ। ਗੈਰ-ਰਸਮੀ ਵਿੱਦਿਆ ਪ੍ਰਾਪਤ ਕੀਤੀ। ਬਾਣੀ ਵੀ ਰਚ ਕੇ ਆਪਣੀ ਵਿਦਵਤਾ ਦਾ ਪ੍ਰਮਾਣ ਵੀ ਦਿੱਤਾ।

ਉਤਰ ਭਾਰਤ ਵਿਚ ਜਿੱਥੇ ਉਚ ਵਰਗ ਦਾ ਪ੍ਰਾਚੀਨ ਕਾਲ ਤੋਂ ਹੀ ਬੋਲਬਾਲਾ ਸੀ, ਉਥੇ ਮਨੁੱਖੀ ਅਧਿਕਾਰਾਂ ਦੀ ਆਵਾਜ਼ ਬੁਲੰਦ ਕੀਤੀ। ਆਪਣੀ ਸਮੁੱਚੀ ਜ਼ਿੰਦਗੀ 1377 ਤੋਂ 1527 ਈ: ਤੱਕ ਨਿਤਾਣੇ ਤੇ ਮਾਨਸਿਕ ਗੁਲਾਮੀ ਹੰਢਾ ਰਹੇ ਸਮਾਜ ਦੀ ਅਗਵਾਈ ਕਰਨ ਸਮੁੱਚਾ ਜੀਵਨ ਲੇਖੇ ਲਾ ਦਿੱਤਾ, ਪਰ ਹਿੰਮਤ ਨਹੀਂ ਹਾਰੀ। ਪਿੰਡੇ 'ਤੇ ਹੰਢਾਏ ਸੰਘਰਸ਼ਮਈ ਜੀਵਨ ਦੀ ਝਲਕ ਉਹਨਾਂ ਦੁਆਰਾ ਰਚੇ ਸ਼ਬਦ 'ਚੋਂ ਭਲੀ-ਭਾਂਤ ਪੈਂਦੀ ਹੈ:-

ਬਹੁਤ ਜਨਮ ਬਿਛੁਰੇ ਥੇ ਮਾਧਉ ਇਹ ਜਨਮੁ ਤੁਮਾਰੇ ਲੇਖੇ॥
ਕਹਿ ਰਵਿਦਾਸ ਆਸ ਲਗਿ ਜੀਵਉ ਚਿਰ ਭਇਓ ਦਰਸਨੁ ਦੇਖੇ॥2॥

## ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ - ਆਜ਼ਾਦ ਜਲੰਧਰੀ

ਧਰਤੀ ਦੀ ਹਿੱਕ 'ਚੋਂ ਹਵਾਹੜ ਉਠੀ ਹੌਕਿਆਂ ਦੀ
ਤਖਤ ਇਲਾਹੀ ਵਿਚ ਅੰਬਰਾਂ ਦੇ ਡੋਲਿਆ।
ਉਚ ਨੀਚ ਵਾਲੇ ਹੈਸੀ ਮਨੂੰ ਦੇ ਕਾਨੂੰਨ ਕਾਲੇ
ਆਦਮੀ ਨੇ ਆਦਮੀ ਨੂੰ ਪੈਰਾਂ ਹੇਠ ਰੋਲਿਆ।
ਸੁਣੇ ਫਰਿਆਦ ਕਿਹੜਾ ਦੁੱਖਾਂ ਦਿਆਂ ਮਾਰਿਆਂ ਦੀ
ਹਾਕਮਾਂ ਨੇ ਬੂਹਾ ਇਨਸਾਫ ਦਾ ਸੀ ਢੋ ਲਿਆ।
ਹੋ ਗਈ ਜਦੋਂ ਅੱਤ ਪੱਤ ਰੁਲਦੀ ਗਰੀਬ ਦੀ ਸੀ
ਹੰਝੂ ਕੇਰੇ ਕੁੱਲੀਆਂ ਤੇ ਢਾਰਿਆਂ ਦੀ ਅੱਖ ਨੇ।
ਸੁਣਕੇ ਪੁਕਾਰ ਹਾਹਾਕਾਰ ਬੇਸਹਾਰਿਆਂ ਦੀ
ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ॥
ਮੁੱਖ ਤੇ ਜਲਾਲ ਸੋਹਣਾ ਲਾਲ ਮਾਤਾ ਕੱਲਸੀ ਦਾ
ਗੋਦੀ ਵਿਚ ਖੇਡਦਾ ਏ ਰੂਪ ਕਰਤਾਰ ਦਾ।
ਚੌਹੀਂ ਪਾਸੀਂ ਖੁਸ਼ੀਆਂ ਦੇ ਗੀਤ ਪਏ ਗੂੰਜਦੇ ਨੇ
ਵੱਗ ਪਿਆ ਸੋਮਾ ਹਰੀ ਨਾਮ ਦੇ ਖੁਮਾਰ ਦਾ।

ਦੂਰ ਅੰਧਕਾਰ ਹੋਇਆ ਸਾਰੇ ਸੰਸਾਰ ਵਿਚੋਂ
ਚੜ੍ਹਿਆ ਨੇ ਚੰਨ੍ਹ ਸੋਹਣਾ ਰਿਸ਼ਮਾਂ ਖਿਲਾਰ ਦਾ।
ਚਰਨ ਪਖਾਰੇ ਜਿਹਨਾਂ ਗੁਰੂ ਰਵਿਦਾਸ ਜੀ ਦੇ
ਨੱਚਦੇ ਪਏ ਅੱਜ ਵੀ ਉਹ ਗਲੀਆਂ ਦੇ ਕੱਖ ਨੇ।
ਸੁਣਕੇ ਪੁਕਾਰ ਹਾਹਾਕਾਰ ਬੇਸਹਾਰਿਆਂ ਦੀ
ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ॥
ਚੌਹੀਂ ਪਾਸੀ ਨਿਗਾਹ ਮਾਰੀ ਗੁਰੂ ਰਵਿਦਾਸ ਜੀ ਨੇ
ਕੌਮ ਸਾਰੀ ਹੋਈ ਉਚ ਨੀਚ ਦੀ ਸ਼ਿਕਾਰ ਸੀ।
ਮੁੱਖ ਮੁਰਝਾਏ ਛਾਏ ਸਿਰਾਂ ਤੇ ਗ਼ਮਾਂ ਦੇ ਸਾਏ
ਫਾਕਿਆਂ ਦੀ ਮਾਰੀ ਡਾਹਢੀ ਜਾਪਦੀ ਲਾਚਾਰ ਸੀ।
ਦੁਖੀ ਕੌਮ ਤਾਈਂ ਕਿਵੇਂ ਦੁੱਖਾਂ ਤੋਂ ਛੁਡਾਇਆ ਜਾਵੇ
ਦਿਲ ਵਿਚ ਕੀਤੀ ਗੁਰੂ ਸਾਹਿਬ ਨੇ ਵਿਚਾਰ ਸੀ।
ਤੁਰ ਪਏ ਹਜ਼ੂਰ ਓਟ ਲੈ ਕੇ ਪਰਮਾਤਮਾ ਦੀ
ਸ਼ੁਰੂ ਹੋਇਆ ਜੰਗ ਉਚ ਨੀਚ ਵਿਚਕਾਰ ਸੀ।

ਇਹੋ ਜਿਹੇ ਬੰਦੇ ਸਾਰੇ ਰੱਬ ਨੇ ਬਣਾਏ ਲੋਕੋ
ਮਿੱਟੀ ਇਕੋ ਸੂਰਤਾਂ ਬਣਾਈਆਂ ਵੱਖੋ ਵੱਖ ਨੇ।
ਸੁਣਕੇ ਪੁਕਾਰ ਹਾਹਾਕਾਰ ਬੇਸਹਾਰਿਆਂ ਦੀ
ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ॥
ਹਰ ਵੇਲੇ ਰੱਬ ਦੇ ਧਿਆਨ ਵਿਚ ਲੀਨ ਰਹਿੰਦੇ
ਕਰਦੇ ਗੁਰੂ ਜੀ ਦਸਾਂ ਨੌਹਾਂ ਦੀ ਕਮਾਈ ਏ।
ਗੰਗਾ ਰਾਮ ਜਾ ਰਿਹਾ ਸੀ ਗੰਗਾ ਮੇਲੇ ਭੰਡ ਦੇ ਤੇ
ਦਮੜੀ ਗੁਰਾਂ ਨੇ ਓਹਦੇ ਹੱਥ 'ਚ ਫੜਾਈ ਏ।
ਬਾਂਹ ਕੱਢ ਦਮੜੀ ਕਬੂਲ ਕੀਤੀ ਗੰਗਾ ਮਾਂ ਨੇ
ਨਾਲੇ ਕੀਤੀ ਗੁਰੂ ਜੀ ਦੀ ਮਾਂ ਨੇ ਵਡਿਆਈ ਏ।
ਚੌਹਾਂ ਵਰਣਾਂ ਨੂੰ ਕੀਤਾ ਸਾਂਝਾ ਉਪਦੇਸ਼ ਗੁਰਾਂ
ਸ਼ਬਾਹ ਸ਼ਾਮ ਆਉਂਦੇ ਚੱਲ ਦੁਆਰੇ ਮਾਈ ਭਾਈ ਏ।
ਦੁਨੀਆਂ ਦੇ ਵਿਚ ਸਾਰੇ ਫੈਲਿਆ ਗੁਰਾਂ ਦਾ ਜੱਸ
ਗਿਣੇ ਨਹੀਉਂ ਜਾਂਦੇ ਪੈਰੋਕਾਰ ਕਿੰਨੇ ਲੱਖ ਨੇ।

ਸੁਣਕੇ ਪੁਕਾਰ ਹਾਹਾਕਾਰ ਬੇਸਹਾਰਿਆਂ ਦੀ
ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ।
ਬੰਦਿਆਂ ਦੇ ਵਿਚ ਬੰਦੇ ਪਾਉਂਦੇ ਸੀ ਤਰੇੜਾਂ ਜਿਹੜੇ
ਪਾਪੀਆਂ ਦੀ ਆਤਮਾ ਨੂੰ ਗੁਰਾਂ ਨੇ ਝੰਜੋੜਿਆ।
ਕੱਢ ਦਿੱਤੇ ਉਚ ਨੀਚ ਵਾਲੇ ਸੀ ਭੁਲੇਖੇ ਸਾਰੇ
ਭੁੱਲਿਆਂ ਨੂੰ ਰਾਹੇ ਪਾਇਆ ਰੱਬ ਨਾਲ ਜੋੜਿਆ।
ਝੁਕ ਗਏ ਹੰਕਾਰੀ ਤਾਰੀ ਪਥਰੀ ਗੰਗਾ 'ਚ ਭਾਰੀ
ਜਾਤ ਅਭਿਮਾਨੀਆਂ ਦਾ ਮਾਣ ਗੁਰਾਂ ਤੋੜਿਆ।
ਭਰ ਦਿੱਤੇ ਪੱਲੇ ਹਰੀ ਨਾਮ ਦੇ ਖਜ਼ਾਨਿਆਂ ਨਾਂ
ਆਇਆ ਜੋ ਸਵਾਲੀ ਖਾਲੀ ਦਰ ਤੋਂ ਨਾ ਮੋੜਿਆ।
ਗੰਗਾ ਵਿਚ ਪਥਰੀ 'ਆਜ਼ਾਦ' ਤਾਰੀ ਗੁਰੂ ਜੀ ਨੇ
ਗੰਗਾ ਕੰਢੇ ਮੋਹਜਜ਼ਾ ਇਹ ਦੇਖਿਆ ਮੱਲਖ ਨੇ
ਸੁਣ ਕੇ ਪੁਕਾਰ ਹਾਹਾਕਾਰ ਬੇਸਹਾਰਿਆਂ ਦੀ
ਕਾਸ਼ੀ ਵਿਚ ਹੋ ਗਏ ਰਵਿਦਾਸ ਪ੍ਰਤੱਖ ਨੇ।



# "ਵਿਰਾਸਤ ਤੇ ਵਾਤਾਵਰਨ" ਦਾ ਬੱਚਿਆਂ ਦੇ ਸਰਬ-ਪੱਖੀ ਵਿਕਾਸ ਤੇ ਪ੍ਰਭਾਵ



ਪ੍ਰੋ: ਐਚ ਐਲ ਕਪੂਰ
916- 587-4002

ਧੰਨ-ਦੌਲਤ, ਖੇਤੀ ਜ਼ਮੀਨ-ਜਾਇਦਾਦ, ਸੋਨਾ-ਚਾਂਦੀ, ਰੁਪਿਆ, ਵਿਉਪਾਰ ਆਦਿ ਅਨੇਕਾਂ ਹੀ ਮਾਂ-ਬਾਪ ਆਪਣੇ ਬੱਚਿਆਂ ਨੂੰ ਵਿਰਾਸਤ ਵਿਚ ਦਿੰਦੇ ਹਨ ਤੇ ਇਸ ਸੰਸਾਰ ਨੂੰ ਅਲਵਿਦਾ ਕਹਿ ਕੇ ਚਲੇ ਜਾਂਦੇ ਹਨ। ਇਸ ਨਾਲ ਬੱਚਿਆਂ ਦਾ ਜੀਵਨ ਨਿਰਵਾਹ ਤਾਂ ਚਲਦਾ ਹੈ ਪਰ ਜੇ ਇਹ ਕਹੀਏ ਕਿ ਇਸ ਨਾਲ ਉਹਨਾਂ ਦੇ ਜੀਵਨ ਦਾ ਸਰਬ-ਪੱਖੀ ਵਿਕਾਸ ਜਾਂ ਚਰਿੱਤਰ ਨਿਰਮਾਣ ਜਾਂ ਚੰਗੇ ਵਿਅਕਤਿਤਵ ਦਾ ਵਿਕਾਸ ਹੁੰਦਾ ਹੈ, ਇਹ ਧਾਰਨਾ ਠੀਕ ਨਹੀਂ ਹੈ। ਨਿਮਨ-ਸ਼੍ਰੇਣੀ ਦਾ ਵਿਅਕਤਿਤਵ ਵਿਕਸਤ ਹੋਣ ਨਾਲ ਸਬੰਧਤ ਵਿਅਕਤੀ ਆਪਣੇ ਮਾਤਾ-ਪਿਤਾ ਦੀ ਬਚਾਈ ਹੋਈ ਪੂੰਜੀ ਸੁਰੱਖਿਅਤ ਨਹੀਂ ਰੱਖ ਸਕਦਾ ਕਿਉਂਕਿ ਉਹ ਆਲਸੀ ਤੇ ਯੋਜਨਾਵਾਂ ਦੀ ਘਾਟ ਕਾਰਨ ਉਸ ਨੂੰ ਵਿਅਰਥ ਹੀ ਗਵਾ ਦਿੰਦਾ ਹੈ। ਉਹ ਆਪਣੇ ਔਗੁਣਾਂ ਕਾਰਨ, ਇਸ ਵਿਰਾਸਤੀ ਪੂੰਜੀ ਨੂੰ ਬਰਬਾਦ ਕਰ ਦਿੰਦਾ ਹੈ ਜਾਂ ਇਹ ਉਸ ਦੀ ਅਗਿਆਨਤਾ ਕਾਰਨ ਪੂੰਜੀ, ਉਸ ਨੂੰ ਆਪੇ ਹੀ ਛੱਡ ਕੇ ਚਲੀ ਜਾਂਦੀ ਹੈ। ਬੜੀ ਮਿਹਨਤ ਤੇ ਲਗਨ ਨਾਲ ਮਾਂ-ਬਾਪ ਇਹ ਸਰਮਾਇਆ ਆਪਣੇ ਬੱਚਿਆਂ ਲਈ ਜੋੜਦੇ ਹਨ ਕਿ ਇਹ ਸਰਮਾਇਆ ਉਹਨਾਂ ਦੇ ਇਸ ਸੰਸਾਰ ਤੋਂ ਚਲੇ ਜਾਣ ਬਾਅਦ, ਬੱਚੇ ਆਪਣਾ ਜੀਵਨ ਸੁੱਖਮਈ ਤਰੀਕੇ ਨਾਲ ਜੀ ਸਕਣਗੇ। ਪਰ ਉਹ ਇਹ ਭੁੱਲ ਹੀ ਜਾਂਦੇ ਹਨ ਕਿ ਬੱਚੇ ਸਦਗੁਣਾਂ ਦੀ ਘਾਟ ਕਾਰਨ, ਇਸ ਮਾਇਆ ਜਾਂ ਪੂੰਜੀ ਨੂੰ ਜ਼ਿਆਦਾ ਦੇਰ ਤੱਕ ਆਪਣੇ ਕੋਲ ਸੰਭਾਲ ਕੇ ਨਹੀਂ ਰੱਖ ਸਕਣਗੇ। ਇਸ ਤਰ੍ਹਾਂ ਜਿੰਨੀ ਮਰਜ਼ੀ ਪੂੰਜੀ ਹੋਵੇ, ਉਹ ਜ਼ਿਆਦਾ ਦੇਰ ਤੱਕ ਠਹਿਰ ਨਹੀਂ ਸਕਦੀ। ਬੱਚਿਆਂ ਦਾ ਵਿਕਾਸ ਸਰਬਪੱਖੀ ਨਾ ਹੋਣ ਕਾਰਨ, ਉਹ ਫਾਇਦਾ ਦੇਣ ਦੀ ਥਾਂ ਨੁਕਸਾਨ ਹੀ ਕਰੇਗੀ, ਕਿਉਂਕਿ ਬੱਚਿਆਂ ਵਿਚ ਇਸ ਮਾਇਆ ਨਾਲ ਅਨੇਕਾਂ ਹੀ ਔਗੁਣ ਪਨਪ ਪੈਣਗੇ ਤੇ ਮਾਤਾ-ਪਿਤਾ ਦੀ ਪੋਰ੍ਹਿਆ-ਪੋਰ੍ਹਿਆ ਕਰਕੇ ਜੋੜੀ ਪੂੰਜੀ ਦਿਨਾਂ ਵਿਚ ਹੀ ਖਤਮ ਹੋ ਜਾਵੇਗੀ। ਇਸ ਦੇ ਮੁਕਾਬਲੇ ਗਰੀਬਾਂ ਦੇ ਬੱਚੇ, ਇਤਨੇ ਜ਼ਿਆਦਾ ਨਹੀਂ ਵਿਗੜਦੇ, ਜਿੰਨੇ ਅਮੀਰਾਂ ਦੇ ਬੱਚੇ ਵਿਗੜਦੇ ਹਨ, ਕਿਉਂਕਿ ਗਰੀਬ ਨੇ ਰੋਜ਼ ਕਮਾਅ ਕੇ ਖਾਣਾ ਹੁੰਦਾ ਹੈ। ਫਾਲਤੂ ਕੰਮਾਂ ਲਈ ਉਹਨਾਂ ਪਾਸ ਪੈਸਾ ਵੀ ਨਹੀਂ ਹੁੰਦਾ।ਇਸ ਲਈ ਉਹ ਅਯਾਸ਼ੀ, ਫਜ਼ੂਲ ਖਰਚੀ ਤੇ ਬਦਮਾਸ਼ੀ ਵਰਗੀਆਂ ਬੁਰਾਈਆਂ ਤੋਂ ਸਹਿਜੇ ਹੀ ਬਚ ਜਾਂਦੇ ਹਨ। ਇਸ ਦੇ ਉਲਟ ਜਿਹਨਾਂ ਘਰਾਂ ਵਿਚ ਸਾਰੀਆਂ ਸਹੂਲਤਾਂ ਮਾਤਾ-ਪਿਤਾ ਵੱਲੋਂ ਵਿਰਾਸਤ ਵਿਚ ਹੀ ਮਿਲ ਜਾਂਦੀਆਂ ਹਨ, ਉਹਨਾਂ ਦੇ ਬੱਚਿਆਂ ਵਿਚ ਸਹਿਜੇ ਹੀ ਬੁਰਾਈਆਂ ਆ ਜਾਣ ਦੀ ਸੰਭਾਵਨਾ ਰਹਿੰਦੀ ਹੈ। ਇਸ ਤਰ੍ਹਾਂ ਉਹ ਦੁਖਦਾਇਕ ਪ੍ਰਸਥਿਤੀਆਂ ਵਿਚ ਬੜੀ ਆਸਾਨੀ ਨਾਲ ਕੁਝ ਹੀ ਦਿਨਾਂ ਵਿਚ ਫਸ ਜਾਂਦੇ ਹਨ।

ਇਸ ਲਈ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਆਪਣੇ ਬੱਚਿਆਂ ਦੇ ਪਾਲਣ-ਪੋਸ਼ਣ ਦਾ, ਖਾਣ ਪੀਣ ਦਾ, ਲਾਡ-ਪਿਆਰ ਦਾ, ਸੁੱਖ ਸਹੂਲਤਾਂ ਦਾ, ਪੜ੍ਹਾਈ-ਲਿਖਾਈ ਦਾ, ਵਿਆਹ-ਸ਼ਾਦੀ ਦਾ ਅਤੇ ਉਹਨਾਂ ਦੀ ਉਪਜੀਵਕਾ ਦਾ ਖਾਸ ਧਿਆਨ ਰੱਖਣ, ਪਰ ਇੱਥੋਂ ਤੱਕ ਹੀ ਸੀਮਤ ਰਹਿ ਜਾਣ ਨਾਲ ਹੀ, ਉਹ ਇਹ ਨਾ ਸਮਝ ਲੈਣ ਕਿ ਸਾਡਾ ਫਰਜ਼ ਪੂਰਾ ਹੋ ਗਿਆ। ਇਸ ਤੋਂ ਵੱਧ ਉਨ੍ਹਾਂ ਦੀ ਜ਼ਿੰਮੇਵਾਰੀ ਇਹ ਵੀ ਬਣ ਜਾਂਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਸਦਗੁਣੀ, ਉੱਚੇ ਚਰਿੱਤਰ ਦੇ ਮਾਲਕ, ਵਧੀਆ ਨੈਤਿਕਤਾ ਤੇ ਉਚੀਆਂ ਕਦਰਾਂ-ਕੀਮਤਾਂ ਦੇ ਧਾਰਨੀ ਬਣਾ ਕੇ ਜਾਣ। ਸਰੀਰਕ, ਮਾਨਸਿਕ ਤੇ ਆਰਥਿਕ ਵਿਕਾਸ ਨੂੰ ਹੀ ਮਹੱਤਵ ਪੂਰਨ ਮੰਨਿਆ ਜਾਂਦਾ ਹੈ, ਇਹ ਠੀਕ ਹੈ। ਪਰ ਇਹ ਨਹੀਂ ਭੁੱਲਣਾ ਚਾਹੀਦਾ ਕਿ ਜੇਕਰ ਬੱਚਿਆਂ ਵਿਚ ਚੰਗੀਆਂ ਆਦਤਾਂ, ਚੰਗੀਆਂ ਪ੍ਰਵਿਰਤੀਆਂ ਤੇ ਚੰਗੀਆਂ ਭਾਵਨਾਵਾਂ ਦਾ ਸਮੁੱਚਿਤ ਵਿਕਾਸ ਨਹੀਂ ਹੋਇਆ ਹੈ ਤਾਂ ਉਹ ਭਾਵੇਂ ਕਿੰਨਾ ਵੀ ਬਲਵਾਨ, ਧੰਨਵਾਨ ਤੇ ਵਿਦਿਆਵਾਨ ਤੇ ਕੁਝ ਹੋਰ ਵੀ ਕਿਉਂ ਨਾ ਹੋਵੇ, ਉਹ ਮਾਨਸਿਕ ਦ੍ਰਿਸ਼ਟੀ ਤੋਂ ਸਦਾ ਹੀ ਦੁਖੀ ਹੀ ਰਹੇਗਾ। ਜੀਵਨ ਦੀਆਂ ਸਾਰੀਆਂ ਸੁੱਖ-ਸਹੂਲਤਾਂ ਪ੍ਰਾਪਤ ਕਰ ਲੈਣ ਨਾਲ ਮਨੁੱਖ ਸਦਾ ਸੁਖੀ ਨਹੀਂ ਬਣ ਸਕਦਾ। ਸਾਧਨਾਂ ਦੇ ਆਧਾਰ ਤੇ ਸਹੂਲਤਾਂ ਤਾਂ ਵੱਧ ਸਕਦੀਆਂ ਹਨ, ਪਰ ਸ਼ਾਂਤੀ ਅਤੇ ਸੰਤੋਖ ਤਾਂ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ ਜੇਕਰ ਚੰਗੀਆਂ ਮਾਨਸਿਕ ਵਿਰਤੀਆਂ ਦਾ ਵਿਕਾਸ ਹੋਇਆ ਹੋਵੇ। ਜੇਕਰ ਮਨੁੱਖ ਦੀਆਂ ਮਾਨਸਿਕ ਮਨੋਵਿਰਤੀਆਂ ਦਾ ਵਿਕਾਸ ਨਾ ਹੋਇਆ ਹੋਵੇ, ਉਹ ਕਦੀ ਵੀ ਚੰਗਾ ਸੰਸਾਰੀ ਮਨੁੱਖ ਨਹੀਂ ਬਣ ਸਕਦਾ, ਉਸ ਨੂੰ ਸੁੱਖ-ਸ਼ਾਂਤੀ ਕਦੀ ਪ੍ਰਾਪਤ ਨਹੀਂ ਹੋ ਸਕਦੀ। ਉਹ ਜ਼ਿਆਦਾ ਧਨਵਾਨ ਹੋਣ ਕਾਰਨ ਵਿਖਾਵਾ ਕਰਕੇ ਆਪਣੀ ਸੁੱਖ-ਸ਼ਾਂਤੀ ਦੇ ਵਿਖਾਵੇ ਦਾ ਭਰਮਾ ਪਾਲ ਸਕਦਾ ਹੈ, ਢੌਂਗ ਕਰ ਸਕਦਾ ਹੈ, ਪਰ ਅਸਲ ਸਚਾਈ ਤੋਂ ਉਹ ਦੌੜ ਨਹੀਂ ਸਕਦਾ, ਪਰ ਵਸਤੂ-ਗੱਤ ਸਥਿਤੀ ਇਹੀ ਰਹਿੰਦੀ ਹੈ ਕਿ ਜਿਸਦਾ ਦ੍ਰਿਸ਼ਟੀਕੋਣ ਉੱਚਾ ਹੋਵੇਗਾ, ਦੂਸਰੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਜਿਸ ਮਨੁੱਖ ਦਾ ਬੌਧਿਕ ਵਿਕਾਸ ਉੱਚਾ ਹੋਵੇਗਾ, ਭਾਵ ਸਰਬ-ਪੱਖੀ ਹੋਵੇਗਾ, ਉਹੀ ਸੁਖੀ ਹੋਵੇਗਾ। ਸੰਸਾਰ ਪ੍ਰਸਿੱਧ ਮਨੋਵਿਗਿਆਨੀ ਸੈਗਮੰਡ ਫਰਾਇਡ, ਐਡਲਰ ਤੇ ਯੁੰਗ ਵੀ ਇਹੀ ਮੰਨਦੇ ਹਨ ਕਿ ਬੱਚੇ ਦੇ ਸਰਬ-ਪੱਖੀ ਵਿਕਾਸ ਵਿਚ ਮਾਤਾ-ਪਿਤਾ ਵੱਲੋਂ ਦਿੱਤੇ ਗਏ ਵਿਰਾਸਤੀ ਗੁਣ ਤੇ ਸਿਰਜਿਆ ਗਿਆ ਚੰਗਾ ਵਾਤਾਵਰਣ ਹੀ ਸਹਾਈ ਹੁੰਦੇ ਹਨ। ਬੱਚਿਆਂ ਦੀ ਮੁੱਢਲੀ ਸਿੱਖਿਆ ਬਾਰੇ ਮਹਾਤਮਾ ਗਾਂਧੀ ਜੀ ਵੀ ਇਹੀ ਵਿਚਾਰ ਰੱਖਦੇ ਹਨ ਕਿ 'ਵਧੀਆ ਸਿੱਖਿਆ ਉਹੀ ਹੈ, ਜੋ ਬੱਚੇ ਦਾ ਸਰਬ-ਪੱਖੀ ਵਿਕਾਸ ਕਰੇ।'

ਜਿਹੜੇ ਮਾਤਾ-ਪਿਤਾ ਆਪਣਿਆਂ ਬੱਚਿਆਂ ਨੂੰ ਸੱਚ-ਮੁੱਚ ਸੁਖੀ ਬਣਾਉਣਾ ਚਾਹੁੰਦੇ ਹਨ, ਉਹਨਾਂ ਦੇ ਭਵਿੱਖ ਨੂੰ ਉਜਲਾ ਬਣਾਉਣਾ ਚਾਹੁੰਦੇ ਹਨ, ਉਹਨਾਂ ਲਈ ਉਚਿਤ ਇਹੀ ਹੈ ਕਿ ਉਹ ਆਪਣੇ ਬੱਚਿਆਂ ਦੇ ਸਰਬ-ਪੱਖੀ ਵਿਕਾਸ ਵੱਲ ਧਿਆਨ ਦੇਣ, ਇਸ ਅਸਲੀ ਦੇਣ ਨੂੰ ਹੀ ਉਹਨਾਂ ਦੀ ਅਸਲੀ ਵਿਰਾਸਤੀ ਪੂੰਜੀ ਕਿਹਾ ਜਾ ਸਕਦਾ ਹੈ। ਕੀ ਉਹ ਇਸ ਤਰ੍ਹਾਂ ਕਰ ਸਕਦੇ ਹਨ? ਇਹ ਸੋਚਣ ਵਾਲੀ ਗੱਲ ਹੈ? ਜਿਸ ਤਰ੍ਹਾਂ ਧਨੀ ਆਦਮੀ ਹੀ ਵਿਰਾਸਤ ਵਿਚ ਆਪਣੇ ਬੱਚਿਆਂ ਨੂੰ ਧੰਨ ਦੀ ਸੰਪਤੀ ਦੇ ਸਕਦਾ ਹੈ। ਇਸ ਤਰ੍ਹਾਂ ਹੀ ਬੱਚਿਆਂ ਦਾ ਸਰਬ-ਪੱਖੀ ਵਿਕਾਸ, ਉਹੀ ਮਾਤਾ-ਪਿਤਾ ਕਰ ਸਕਦੇ ਹਨ ਜਿਹੜੇ ਆਪ ਖੁਦ ਸਦਗੁਣੀ ਹੋਣ ਤੇ ਉਹਨਾਂ ਦੀ ਚੇਤਨਤਾ ਇਤਨੀ ਪ੍ਰਚੰਡ ਵਿਕਸਤ ਹੋਈ ਹੋਵੇ ਕਿ ਉਹ ਬੱਚਿਆਂ ਦੀ ਹਰ ਨਬਜ਼ ਤੇ ਹੱਥ ਰੱਖ ਕੇ ਉਸ ਨੂੰ ਦਿਸ਼ਾ ਨਿਰਦੇਸ਼ ਦੇ ਸਕਦੇ ਹੋਣ। ਬੱਚਿਆਂ ਲਈ ਕੁਝ ਛੱਡ ਜਾਣ ਦੀ ਪ੍ਰਸੰਨਤਾ ਪ੍ਰਾਪਤ ਕਰਨ ਤੋਂ ਪਹਿਲਾਂ ਉਹਨਾਂ ਨੂੰ ਬੱਚਿਆਂ ਲਈ ਕਾਫੀ ਮਿਹਨਤ ਕਰਨੀ ਪੈਂਦੀ ਹੈ ਤਾਂ ਹੀ ਉਹ ਬੱਚਿਆਂ ਦਾ ਸਰਬਪੱਖੀ ਵਿਕਾਸ ਕਰ ਸਕਦੇ ਹਨ ਤੇ ਉਹਨਾਂ ਨੂੰ ਸਦਗੁਣੀ ਬਣਾ ਸਕਦੇ ਹਨ। ਇਹ ਗੁਣ ਪਹਿਲਾਂ ਸਾਨੂੰ ਆਪਣੇ ਅੰਦਰ, ਆਪਣੇ ਸੁਭਾਅ ਵਿਚ ਪੈਦਾ ਕਰਨੇ ਪੈਣਗੇ। ਇਸ ਤੋਂ ਬਿਨਾਂ ਬੱਚਿਆਂ ਨੂੰ ਅੱਛੇ ਬਣਾਉਣਾ ਅਸੰਭਵ ਹੈ। 'ਗਪੌੜਸੰਖ' ਵਿਅਕਤੀ ਕਹਿੰਦਾ ਬਹੁਤ ਕੁਝ ਹੈ ਪਰ ਕਰਦਾ ਕੁਝ ਵੀ ਨਹੀਂ। ਅਸੀਂ ਬੱਚਿਆਂ ਨੂੰ ਸਦਗੁਣੀ ਬਣਾਉਣ ਦੀ ਸਿੱਖਿਆ ਤਾਂ ਹੀ ਦੇ ਸਕਦੇ ਹਾਂ ਕਿ ਅਸੀਂ ਆਪ ਉਸ ਦੀ ਉਦਾਹਰਣ ਬਣੀਏ, ਨਹੀਂ ਤਾਂ ਸਾਡੀ ਸਿੱਖਿਆ ਦਾ ਬੱਚਿਆਂ ਤੇ ਕੋਈ ਅਸਰ ਨਹੀਂ ਹੋਵੇਗਾ। ਬੱਚੇ ਨੂੰ ਸੁਧਾਰਨ ਤੋਂ ਪਹਿਲਾਂ ਸਾਨੂੰ ਆਪਣੇ ਆਪ ਨੂੰ ਸੁਧਾਰਨਾ ਹੋਵੇਗਾ। ਬੱਚਿਆਂ ਦੀ ਸਮਝ ਅਜੇ ਇੰਨੀ ਵਿਕਸਤ ਨਹੀਂ ਹੋਈ ਹੁੰਦੀ। ਉਹ ਸਾਡੇ ਦਿੱਤੇ ਗਏ ਉਪਦੇਸ਼ਾਂ ਨੂੰ ਚੰਗੀ ਤਰ੍ਹਾਂ ਸਮਝ ਨਹੀਂ ਸਕਦੇ, ਪਰ ਉਹਨਾਂ ਦੀ ਨਕਲ ਸ਼ਕਤੀ ਬਹੁਤ ਤੇਜ਼ ਹੁੰਦੀ ਹੈ, ਉਹ ਜੋ ਕੁਝ ਦੇਖਦੇ ਹਨ, ਉਸ ਨੂੰ ਬੜੀ ਆਸਾਨੀ ਨਾਲ ਗ੍ਰਹਿਣ ਕਰ ਲੈਂਦੇ ਹਨ ਤੇ ਉਸ ਦੀ ਨਕਲ ਤੁਰੰਤ ਕਰਨ ਲੱਗਦੇ ਹਨ। ਇਸ ਲਈ ਮਾਤਾ-ਪਿਤਾ ਨੂੰ ਬੱਚਿਆਂ ਦਾ ਸਰੀਰਕ, ਆਰਥਿਕ ਤੇ ਮਾਨਸਿਕ ਵਿਕਾਸ ਭਾਵ ਸਰਬ-ਪੱਖੀ ਵਿਕਾਸ ਕਰਨ ਲਈ ਨਿਮਨ-ਲਿਖਤ ਨੁਕਤਿਆਂ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਤਾਂ ਹੀ ਉਹਨਾਂ ਦੀ ਵਿਰਾਸਤ ਭਾਵ ਬੱਚੇ ਸਦਗੁਣੀ ਬਣ ਸਕਦੇ ਹਨ:-



**1. ਮਿਹਨਤੀ ਬਣਨ ਦੀ ਸਿੱਖਿਆ:-** ਅਗਰ ਅਸੀਂ ਚਾਹੁੰਦੇ ਹਾਂ ਕਿ ਸਾਡੇ ਬੱਚੇ ਆਲਸੀ, ਸੁਸਤ ਅਤੇ ਨਿਕੰਮੇ ਨਾ ਬਣਨ ਤਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਵੀ ਕਿਸੇ ਨਾ ਕਿਸੇ ਕੰਮ ਵਿਚ ਆਪਣੇ ਆਪ ਨੂੰ ਲਗਾਈ ਰੱਖੀਏ ਤੇ ਬੱਚਿਆਂ ਲਈ ਇਸ ਦੀ ਉਦਾਹਰਣ ਬਣੀਏ ਤੇ ਬੱਚਿਆਂ ਨੂੰ ਵੀ ਦਿਨ ਭਰ ਕਿਸੇ ਆਹਰ ਵਿਚ ਲੱਗੇ ਰਹਿਣ ਦੀ ਸਮੇਂ-ਸਾਰਣੀ ਬਣਾ ਦਈਏ ਤੇ ਉਹਨਾਂ ਦੀਆਂ ਦਿਨ ਭਰ ਦੀਆਂ ਕਿਰਿਆਵਾਂ ਤੇ ਨਜ਼ਰ ਰੱਖੀਏ। ਬੱਚਿਆਂ ਲਈ ਹਾਲਾਤ ਇਸ ਤਰ੍ਹਾਂ ਦੇ ਬਣਾ ਦਈਏ ਕਿ ਉਹ ਕੰਮਾਂ ਨੂੰ ਇਕ ਬੋਝ ਸਮਝ ਕੇ ਨਹੀਂ ਸਗੋਂ ਉਸ ਵਿਚੋਂ ਮਨੋਰੰਜਨ ਪ੍ਰਾਪਤ ਕਰਦੇ ਹੋਏ ਆਪਣਾ ਸਾਰਾ ਦਿਨ ਬਤੀਤ ਕਰਨ। ਜੇਕਰ ਬੱਚੇ ਦਾ ਮਨ ਨਾ ਲੱਗਦਾ ਹੋਵੇ ਤਾਂ ਕੰਮਾਂ ਵਿਚ ਥੋੜ੍ਹਾ ਹੇਰ-ਫੇਰ ਕਰ ਦੇਣਾ ਚਾਹੀਦਾ ਹੈ। ਖੇਡਣਾ ਵੀ ਇਕ ਕੰਮ ਹੈ, ਅਗਰ ਇਹ ਨਿਸਚਿਤ ਸਮੇਂ ਤੇ ਕੀਤਾ ਜਾਵੇ ਤੇ ਇਸ ਲਈ ਉਚਿਤ ਵਾਤਾਵਰਣ ਹੋਵੇ। ਖੇਡਾਂ ਵਿਚ ਮਨੋਰੰਜਨ ਜ਼ਰੂਰ ਹੋਵੇ ਜੋ ਬੱਚਿਆਂ ਦਾ ਸਰੀਰਕ, ਸਮਾਜਿਕ ਤੇ ਬੌਧਿਕ ਵਿਕਾਸ ਵੀ ਕਰੇ। ਇਸ ਤਰ੍ਹਾਂ ਦੇ ਵਿਕਾਸ ਲਈ ਬੁੱਧੀਵਾਨ ਵਿਅਕਤੀ ਹੀ ਅਜਿਹਾ ਵਾਤਾਵਰਣ ਬੜੀ ਆਸਾਨੀ ਨਾਲ ਬਣਾ ਸਕਦਾ ਹੈ। ਇਸ ਤਰ੍ਹਾਂ ਕਰਨ ਲਈ ਬੱਚਿਆਂ ਨੂੰ ਇਨਾਮ ਜਾਂ ਕੋਈ ਤੋਹਫੇ ਦਾ ਲਾਲਚ ਦੇ ਕੇ ਜਾਂ ਪ੍ਰਸੰਸਾ ਕਰਕੇ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਸਮੇਂ ਨੂੰ ਵਿਅਰਥ ਨਾ ਜਾਣ ਦੇਣਾ ਤੇ ਉਸ ਦੀ ਕਿਸੇ ਨਾ ਕਿਸੇ ਉਪਯੋਗੀ ਕੰਮਾਂ ਵਿਚ ਲਗਾਈ ਰੱਖਣ ਦੀ ਆਦਤ ਹੀ ਮਾਨਵ ਜੀਵਨ ਦੀ ਸਭ ਤੋਂ ਵਧੀਆ ਪ੍ਰਾਪਤੀ ਹੈ। ਜਿਸ ਵੀ ਇਨਸਾਨ ਨੇ ਆਪਣੇ ਬੱਚੇ ਨੂੰ ਇਹ ਆਦਤ ਬਣਾ ਦਿੱਤੀ, ਸਮਝ ਲਓ ਕਿ ਉਸ ਨੇ ਆਪਣੀ ਵਿਰਾਸਤ ਵਿਚੋਂ ਬੱਚੇ ਤੇ ਬਹੁਤ ਉਪਕਾਰ ਕੀਤਾ ਹੈ।

**2. ਉਦਾਰਤਾ ਦੀ ਸਿੱਖਿਆ:-** ਬੱਚਿਆਂ ਨੂੰ ਉਦਾਰਵਾਦੀ ਬਣਾਉਣਾ ਵੀ ਇਕ ਬਹੁਤ ਵੱਡਾ ਗੁਣ ਹੈ। ਬੱਚੇ ਅਕਸਰ ਆਪਣੇ ਭੈਣ-ਭਰਾਵਾਂ ਨਾਲ ਲੜਦੇ ਝਗੜਦੇ ਰਹਿੰਦੇ ਹਨ। ਉਹ ਕਦੀ ਖਾਣ ਪੀਣ ਦੀਆਂ ਚੀਜ਼ਾਂ ਲਈ, ਕਦੀ ਖਿਡੌਣਿਆਂ ਲਈ ਜਾਂ ਕਿਸੇ ਹੋਰ ਵਸਤੂਆਂ ਲਈ ਆਪਸ ਵਿਚ ਲੜਦੇ-ਝਗੜਦੇ ਰਹਿੰਦੇ ਹਨ। ਇਸ ਆਦਤ ਨੂੰ ਜ਼ਰਾ ਵੀ ਉਤਸ਼ਾਹਿਤ ਨਹੀਂ ਕਰਨਾ ਚਾਹੀਦਾ ਸਗੋਂ ਉਹਨਾਂ ਨੂੰ ਇਹ ਸਿਖਾਉਣਾ ਚਾਹੀਦਾ ਹੈ ਕਿ ਉਹ ਮਠਿਆਈ ਜਾਂ ਹੋਰ ਖਾਣ-ਪੀਣ ਦੀਆਂ ਚੀਜ਼ਾਂ ਪਹਿਲਾਂ ਆਪਣੇ ਪਰਿਵਾਰ ਦੇ ਦੂਸਰੇ ਭੈਣ-ਭਰਾਵਾਂ ਨੂੰ ਦੇਣ ਤੇ ਆਪ ਖੁਦ ਉਹਨਾਂ ਤੋਂ ਬਾਅਦ ਲਵੇ। ਜਿਹੜਾ ਬੱਚਾ ਜ਼ਿਆਦਾ ਸਵਾਰਥੀ ਹੋਵੇ, ਉਸ ਤੋਂ ਚੀਜ਼ਾਂ ਵੰਡਣ ਦਾ ਕੰਮ ਕਰਵਾਇਆ ਜਾਵੇ ਅਤੇ ਉਸ ਦੀ ਉਚਿਤ ਵੰਡ ਤੇ, ਤੇ ਆਪ ਚੀਜ਼ ਘੱਟ ਲੈਣ ਤੇ, ਤੇ ਸਭ ਤੋਂ ਪਿੱਛੋਂ ਲੈਣ ਤੇ, ਉਸਦੀ ਰੱਜ ਕੇ ਪ੍ਰਸੰਸਾ ਕਰਨੀ ਚਾਹੀਦੀ ਹੈ ਤੇ ਉਸ ਦੇ ਲਾਭ ਵੀ ਉਸ ਨੂੰ ਸਮਝਾਉਣੇ ਚਾਹੀਦੇ ਹਨ। ਨਫਰਤ ਨਾਲ ਦੂਜੇ ਬੱਚਿਆਂ ਦੀਆਂ ਚੀਜ਼ਾਂ ਤੋੜਨਾ ਜਾਂ ਖਰਾਬ ਕਰਨ ਦੀ ਆਦਤ ਪੈਣ ਲੱਗੇ ਤਾਂ ਇਸ ਬੁਰਾਈ ਨੂੰ ਸਮਝਾਉਣਾ ਚਾਹੀਦਾ ਹੈ। ਬੱਚੇ ਵਿਚ ਸਨੇਹ ਅਤੇ ਪਿਆਰ ਦੀ ਪ੍ਰਵਿਰਤੀ ਜਗਾ ਕੇ ਦੂਜਿਆਂ ਦੀਆਂ ਵਸਤੂਆਂ ਨੂੰ ਸੰਭਾਲ ਕੇ ਰੱਖਣ ਤੇ, ਦੂਸਰਿਆਂ ਦੀ ਸਹਾਇਤਾ ਕਰਨ ਦੀ ਪ੍ਰੇਰਨਾ ਦੇਣੀ ਚਾਹੀਦੀ ਹੈ। ਇਕ ਦੂਜੇ ਦੇ ਭੈੜੇ ਵਿਵਹਾਰ ਨੂੰ ਬਰਦਾਸ਼ਤ ਕਰਨਾ, ਵਿਚਾਰਾਂ ਵਿਚ ਭਿੰਨਤਾ ਨੂੰ ਬਰਦਾਸ਼ਤ ਕਰਨਾ, ਭੁੱਲਣ ਅਤੇ ਮੁਆਫ ਕਰਨ ਦੀ ਨੀਤੀ ਰੱਖਣਾ, ਆਪਣੇ ਕਰਤਵਾਂ ਦਾ ਪਾਲਣ ਕਰਦੇ ਰਹਿਣਾ ਅਤੇ ਆਪਣੇ ਅਧਿਕਾਰਾਂ ਨੂੰ ਭੁੱਲ ਜਾਣਾ ਤੇ ਇਸ ਨੂੰ ਸਵੀਕਾਰ ਕਰ ਲੈਣ ਨਾਲ, ਘਰ ਦੀ ਸ਼ਾਂਤੀ ਤੇ ਪ੍ਰੇਮ ਭਾਵਨਾ ਨੂੰ ਕੋਈ ਵੀ ਨਸ਼ਟ ਨਹੀਂ ਕਰ ਸਕਦਾ। ਉਦਾਰਤਾ ਹੀ ਪਰਿਵਾਰਕ ਸੁੱਖ-ਸ਼ਾਂਤੀ ਦੀ ਸਭ ਤੋਂ ਵੱਡੀ ਗਰੰਟੀ ਹੈ।

**3. ਸਫਾਈ ਤੇ ਸਾਦਗੀ:-** ਸਫਾਈ ਤੇ ਸਾਦਗੀ ਇਕ ਅਜਿਹਾ ਗੁਣ ਹੈ ਜੋ ਸਾਨੂੰ ਬੱਚਿਆਂ ਨੂੰ ਸ਼ੁਰੂ ਤੋਂ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਸਫਾਈ ਨਾਲ ਪਿਆਰ ਰੱਖਣ ਦਾ ਮਤਲਬ ਹੈ, ਗੰਦਗੀ ਨਾਲ ਨਫਰਤ। ਧੋਬੀ ਦੇ ਧੋਏ ਹੋਏ ਕੱਪੜੇ ਫਟਾਫਟ ਪਹਿਨ ਲੈਣਾ ਅਤੇ ਗੰਦੇ ਕੱਪੜੇ ਉਤਾਰ ਕੇ ਸੁੱਟ ਦੇਣਾ ਨੂੰ ਸਫਾਈ ਨਹੀਂ ਕਿਹਾ ਜਾ ਸਕਦਾ, ਇਹ ਤਾਂ ਸਿਰਫ ਸੁੰਦਰਤਾ ਦਾ ਦਿਖਾਵਾ ਮਾਤਰ ਹੀ ਹੈ। ਸਰੀਰ ਦੇ ਕਿਸੇ ਅੰਗ ਤੇ ਮੈਲ ਜਮ੍ਹਾ ਨਾ ਹੋਣ ਦੇਣਾ, ਚੰਗੀ ਤਰ੍ਹਾਂ ਰਗੜ ਰਗੜ ਕੇ ਸਾਫ ਕਰਨਾ, ਦੰਦਾਂ ਤੇ ਜੀਭ ਨੂੰ ਠੀਕ ਤਰ੍ਹਾਂ ਸਾਫ ਕਰਨਾ, ਧੋਤੇ ਹੋਏ ਸਾਫ ਕੱਪੜੇ ਪਹਿਨਣਾ, ਆਪਣੀ ਵਰਤੋਂ ਦੀਆਂ ਸਾਰੀਆਂ ਚੀਜ਼ਾਂ ਠੀਕ ਥਾਂ ਸਿਰ ਰੱਖਣਾ, ਇਹ ਸਾਰੀਆਂ ਚੰਗੀਆਂ ਆਦਤਾਂ ਬਹੁਤ ਜ਼ਰੂਰੀ ਹਨ। ਪਰ ਸਭ ਤੋਂ ਵੱਡੀ ਤੇ ਵਧੀਆ ਆਦਤ ਹੈ, ਆਪਣੀਆਂ ਅਤੇ ਘਰ ਦੀਆਂ ਚੀਜ਼ਾਂ ਥਾਂ-ਥਾਂ ਖਿਲਰੀਆਂ ਹੋਈਆਂ ਨਜ਼ਰ ਨਾ ਆਉਣ। ਕੱਪੜੇ, ਜੁੱਤੀਆਂ, ਬਰਤਨ, ਕਿਤਾਬਾਂ, ਪੈਨ-ਪੈਨਸਿਲਾਂ ਬੱਚੇ ਪਟਕ-ਪਟਕ ਕੇ ਮਾਰਦੇ ਹਨ ਤੇ ਖਿਲਾਰਾ ਪਾ ਦਿੰਦੇ ਹਨ ਤੇ ਫਿਰ ਕੋਈ ਦੂਸਰਾ ਕੰਮ ਕਰਨ ਲੱਗ ਜਾਂਦੇ ਹਨ। ਉਹਨਾਂ ਨੂੰ ਮਾਤਾ-ਪਿਤਾ ਸਮਝਾਉਣ ਕਿ ਇਕ ਕੰਮ ਖਤਮ ਕਰਕੇ ਫਿਰ ਦੂਸਰੇ ਕੰਮ ਨੂੰ ਸ਼ੁਰੂ ਕਰਨ ਤੇ ਗੰਦਗੀ ਨੂੰ ਨਫਰਤ ਕਰਨ। ਗੰਦਗੀ ਪੈਣ ਤੇ ਉਸ ਨੂੰ ਉਸੇ ਵੇਲੇ ਹੀ ਸਾਫ ਕਰਨਾ ਚਾਹੀਦਾ ਹੈ। ਹਰ ਚੀਜ਼ ਸਾਫ ਸੁਥਰੀ ਤੇ ਸਲੀਕੇ ਨਾਲ ਰੱਖਣੀ ਚਾਹੀਦੀ ਹੈ, ਗੰਦਗੀ ਨਾਲ ਨਫਰਤ ਨਾ ਹੋਣਾ, ਉਸ ਨੂੰ ਬਰਦਾਸ਼ਤ ਕਰਨਾ, ਮਨੁੱਖ ਦਾ ਬਹੁਤ ਵੱਡਾ ਔਗੁਣ ਹੈ।

ਤੜਕ-ਭੜਕ, ਸ਼ੁਕੀਨੀ, ਫੈਸ਼ਨਪ੍ਰਸਤੀ ਸਫਾਈ ਵਰਗੀ ਹੀ ਬਾਹਰੋਂ ਲੱਗਦੀ ਹੈ, ਪਰ ਸਫਾਈ ਔਰ ਸਾਦਗੀ ਦੀ ਇਹ ਪਰਿਭਾਸ਼ਾ ਨਹੀਂ ਹੈ। ਸਾਦਗੀ ਹੀ ਸੱਜਣਤਾ ਦੀ ਅਸਲੀ ਪੁਸ਼ਾਕ ਹੈ। ਜਿਹੜੇ ਲੋਕ ਫੈਸ਼ਨ ਬਣਾ ਕੇ ਆਪਦੇ ਆਪ ਨੂੰ ਗੁੱਡੇ-ਗੁੱਡੀਆਂ ਦੀ ਤਰ੍ਹਾਂ ਸਜਾਉਂਦੇ ਹਨ, ਉਹ ਮਾਨਸਿਕ ਤੌਰ ਤੇ ਹੋਸ਼ੇ ਹੀ ਕਹੇ ਜਾ ਸਕਦੇ ਹਨ। ਸ਼ਾਲੀਨਤਾ ਦਾ ਪ੍ਰਧਾਨ ਚਿੰਨ੍ਹ ਸਾਦਗੀ ਹੀ ਮੰਨਿਆ ਗਿਆ ਹੈ। ਸਭ ਉੱਚੇ ਚਰਿੱਤਰਵਾਨ ਵਿਅਕਤੀ ਇਸੇ ਨੂੰ ਹੀ ਮਹੱਤਵ ਦਿੰਦੇ ਹਨ। ਚੀਜ਼ਾਂ ਨੂੰ ਥਾਂ ਸਿਰ ਸਜਾਅ ਕੇ ਰੱਖਣ ਦੀ ਆਦਤ ਸ਼ੁਰੂ ਵਿਚ ਭਾਵੇਂ ਛੋਟੀ ਹੀ ਕਿਉਂ ਨਾ ਲੱਗਦੀ ਹੋਵੇ, ਪਰ ਅੱਗੇ ਚੱਲ ਕੇ ਇਹ ਆਦਤ ਵਿਅਕਤੀ ਨੂੰ ਇਕ ਉੱਚ ਵਿਚਾਰਕ ਤੇ ਮਹਾਨ ਪੁਰਸ਼ ਬਣਾ ਦਿੰਦੀ ਹੈ। ਇਸ ਤਰ੍ਹਾਂ ਬੱਚਿਆਂ ਨੂੰ ਵਾਰ-ਵਾਰ ਟੋਕਦੇ ਰਹਿਣ ਨਾਲ, ਬਰਾਬਰ ਸਮਝਾਉਂਦੇ ਰਹਿਣ ਨਾਲ, ਸੰਭਾਲਣ ਤੇ ਸਾਫ ਰੱਖਣ ਦੀ ਆਦਤ ਦਾ ਅਭਿਆਸ ਕਰਾਉਣਾ ਚਾਹੀਦਾ ਹੈ। ਇਕ ਕੰਮ ਨੂੰ ਪੂਰਾ ਕਰਨ ਉਪਰੰਤ ਹੀ ਦੂਸਰੇ ਕੰਮ ਨੂੰ ਸ਼ੁਰੂ ਕਰਨਾ ਚਾਹੀਦਾ ਹੈ। ਇਹ ਕੰਮ ਧੀਰਜ ਅਤੇ ਵਿਅਵੱਸਥਤਾ ਦਾ ਪੂਰਨ ਰੂਪ ਹੈ। ਕੱਪੜੇ, ਪੁਸਤਕਾਂ, ਬਰਤਨ, ਜੁੱਤੀਆਂ ਆਦਿਕ ਨਿਸਚਿਤ ਥਾਂ ਤੇ ਰੱਖੀਆਂ ਜਾਣ ਬਾਅਦ ਹੀ ਦੂਸਰਾ ਕੰਮ ਸ਼ੁਰੂ ਕੀਤਾ ਜਾਵੇ, ਫਿਰ ਤੀਸਰਾ ਤੇ ਚੌਥਾ ਕੰਮ ਆਦਿ ਸ਼ੁਰੂ ਕੀਤਾ ਜਾਵੇ ਤਾਂ ਹੀ ਬਾਲ-ਬੁੱਧੀ ਤੋਂ ਬਚਿਆ ਜਾ ਸਕਦਾ ਹੈ। ਇਸ ਆਦਤ ਨਾਲ ਹੀ ਬੱਚੇ ਅੱਗੇ ਆਪਣੇ ਜੀਵਨ ਵਿਚ ਚੱਲ ਕੇ ਆਪਣੀ ਸਫਲਤਾ ਦਾ ਮਾਰਗ ਨਿਸਚਿਤ ਕਰ ਸਕਦੇ ਹਨ। ਜਿਸ ਕੰਮ ਨੂੰ ਤਨੋਂ-ਮਨੋਂ ਕੀਤਾ ਜਾਵੇ, ਉਸ ਵਿਚ ਜਾਦੂ ਵਰਗੀ ਸ਼ਕਤੀ ਹੁੰਦੀ ਹੈ ਅਤੇ ਜਿਸ ਕੰਮ ਨੂੰ ਅਧੂਰੇ ਮਨ ਨਾਲ ਕੀਤਾ ਜਾਵੇ, ਉਸ ਵਿਚ ਸਫਲਤਾ ਪ੍ਰਾਪਤ ਨਹੀਂ ਹੁੰਦੀ।

**4. ਸਮੇਂ ਦੀ ਕਦਰ ਕਰਨਾ:-** ਸਮੇਂ ਦੀ ਕਦਰ ਕਰਨਾ ਤੇ ਉਸ ਦੀ ਪਾਲਣਾ ਕਰਨਾ ਮਾਨਵ ਲਈ ਬਹੁਤ ਹੀ ਉਪਯੋਗੀ ਤੇ ਮਹੱਤਵਪੂਰਨ ਹੈ। ਆਪਣੇ ਕੰਮਾਂ ਨੂੰ ਸਮੇਂ ਸਿਰ ਕਰਨ ਦੀ ਆਦਤ ਪਾਉਣਾ ਅਤੇ ਉਸ ਨੂੰ ਅੱਗੇ ਤੋਂ ਅੱਗੇ ਨਾ ਕਰਨਾ, ਇਕ ਬਹੁਤ ਹੀ ਮਹੱਤਵਪੂਰਨ ਕੰਮ ਹੈ। ਜ਼ਿਆਦਾਤਰ ਲੋਕ ਸਮੇਂ ਦੀ ਕੀਮਤ ਦਾ ਮਹੱਤਵ ਨਹੀਂ ਸਮਝਦੇ। ਇਹ ਕੁਦਰਤ ਨੇ ਮਨੁੱਖ ਨੂੰ ਸਭ ਤੋਂ ਅਨਮੋਲ ਚੀਜ਼ ਦਿੱਤੀ ਹੈ। ਮਨੁੱਖ ਜੋ ਵੀ ਚਾਹੁੰਦਾ ਹੈ ਸਮੇਂ ਦਾ ਪੂਰਾ ਉਪਯੋਗ ਕਰਕੇ ਪ੍ਰਾਪਤ ਕਰ ਸਕਦਾ ਹੈ। ਸਮੇਂ ਦੇ ਸਦਉਪਯੋਗ ਨੂੰ ਹੀ ਪੁਰਸ਼ਾਰਥ ਕਿਹਾ ਜਾਂਦਾ ਹੈ। ਨਿਸਚਿਤ ਰੂਪ ਵਿਚ ਇਕ ਸਾਰ ਚੱਲਣ ਵਾਲੀ ਕੀੜੀ ਵੀ ਆਪਣੀ ਮੰਜ਼ਿਲ ਪ੍ਰਾਪਤ ਕਰ ਲੈਂਦੀ ਹੈ।ਵਿਹਲਾ ਨਿਕੰਮਾ ਬੈਠਾ ਮਾਨਵ ਉਥੇ ਦਾ ਉਥੇ ਹੀ ਰਹਿੰਦਾ ਹੈ, ਵਿਕਾਸ ਕਰਕੇ ਪ੍ਰਗਤੀ ਦੀ ਮੰਜ਼ਿਲ ਵੱਲ ਨਹੀਂ ਵੱਧ ਸਕਦਾ। ਫੁਰਸਤ ਨਾ ਮਿਲਣ ਦੀ ਗੱਲ ਤਾਂ ਹਰ ਆਦਮੀ ਕਰਦਾ ਹੈ ਤੇ ਆਪਣੇ ਆਪ ਨੂੰ ਬਹੁਤ ਰੁਝੇਵਿਆਂ ਵਿਚ ਉਲਝਿਆ ਹੋਇਆ ਦੱਸਦਾ ਹੈ, ਪਰ ਸੱਚ ਤਾਂ ਇਹ ਹੀ ਹੈ, ਕੋਈ ਬਿਰਲਾ ਆਦਮੀ ਹੀ ਆਪਣੇ ਪੂਰੇ ਸਮੇਂ ਨੂੰ ਉਪਯੋਗ ਕਰਦਾ ਹੋਵੇ।ਹੌਲੀ-ਹੌਲੀ ਅਧੂਰੇ, ਅਵਿਸਥਿਤ ਤਰੀਕੇ ਨਾਲ, ਜ਼ਰੂਰਤ ਤੋਂ ਵੱਧ ਸਮਾਂ ਗੈਰ ਜ਼ਰੂਰੀ ਕੰਮਾਂ ਵਿਚ ਲਗਾ ਕੇ ਆਪਣੀ ਅੱਧੀ ਜ਼ਿੰਦਗੀ ਵਿਅਰਥ ਹੀ ਗਵਾ ਦਿੰਦੇ ਹਨ। ਆਪਣੇ ਰੋਜ਼ ਦੇ ਕੰਮਾਂ ਨੂੰ ਤਰਤੀਬ ਨਾਲ ਲਿਖੇ ਬਿਨਾਂ ਉਹ ਜ਼ਰੂਰੀ ਤੇ ਗੈਰ ਜ਼ਰੂਰੀ ਕੰਮਾਂ ਨੂੰ ਸਮਝ ਹੀ ਨਹੀਂ ਪਾਉਂਦਾ ਕਿ ਕਿਹੜਾ ਕੰਮ ਕਦੋਂ ਤੇ ਕਿੰਨੇ ਸਮੇਂ ਵਿਚ ਕਰਨਾ ਹੈ? ਇਸ ਲਈ ਬੱਚਿਆਂ ਨੂੰ ਸਮੇਂ ਦਾ ਮਹੱਤਵ ਸਮਝਾਉਣਾ ਚਾਹੀਦਾ ਹੈ। ਰੁਝੇਵਿਆਂ ਦਾ ਮਹੱਤਵ ਦੱਸਣਾ ਚਾਹੀਦਾ ਹੈ ਤੇ ਸਮੇਂ ਦੀ ਬਰਬਾਦੀ ਨਾਲ ਹੋਣ ਵਾਲੇ ਨੁਕਸਾਨ ਨੂੰ ਸਮਝਾਉਣਾ ਚਾਹੀਦਾ ਹੈ। ਸਮੇਂ ਸਿਰ ਸੌਣਾ ਤੇ ਸਮੇਂ ਸਿਰ ਸਵੇਰੇ ਉੱਠਣਾ, ਕਿਸੇ ਵੀ ਪ੍ਰਗਤੀਸ਼ੀਲ ਜੀਵਨ ਵਿਚ ਦਿਲਚਸਪੀ ਰੱਖਣ ਵਾਲੇ ਮਨੁੱਖ ਲਈ ਸਮੇਂ ਦੀ ਕਦਰ ਕਰਨਾ ਬਹੁਤ ਜ਼ਰੂਰੀ ਹੈ। ਕਿਸੇ ਦੇ ਸਾਹਮਣੇ ਕੋਈ ਜ਼ਰੂਰੀ ਕਾਰਨ ਨਾ ਹੋਵੇ, ਉਸ ਨੂੰ ਸੂਰਜ ਛੁਪਣ ਤੋਂ ਤਿੰਨ ਘੰਟੇ ਬਾਅਦ ਜ਼ਰੂਰ ਸੌਂ ਜਾਣਾ ਚਾਹੀਦਾ ਹੈ ਤੇ ਸਵੇਰੇ ਸੂਰਜ ਨਿਕਲਣ ਤੋਂ ਦੋ ਘੰਟੇ ਪਹਿਲਾਂ ਉਠ ਜਾਣਾ ਚਾਹੀਦਾ ਹੈ। ਜਿਸ ਵੀ ਬੱਚੇ ਨੇ ਇਹ ਸੋਣ-ਉਠਣ ਦੀ ਆਦਤ ਸਮੇਂ ਸਿਰ ਬਣਾ ਲਈ, ਉਹ ਜ਼ਰੂਰ ਹੀ ਆਪਣੀ ਪੜ੍ਹਾਈ ਵਿਚ ਚੰਗੇ ਨੰਬਰ ਪ੍ਰਾਪਤ ਕਰਦੇ ਰਹਿਣਗੇ। ਇਸ ਚੰਗੀ ਆਦਤ ਨਾਲ ਉਸ ਨੂੰ ਦਿਨ ਭਰ ਵਿਚ ਕਈ ਮਹੱਤਵਪੂਰਨ ਘੰਟੇ ਕੰਮ ਕਰਨ ਲਈ ਮਿਲ ਜਾਂਦੇ ਹਨ ਅਤੇ ਉਸ ਨੂੰ ਜਿਸ ਕੰਮ ਵਿਚ ਵੀ ਲਗਾਇਆ ਜਾਂਦਾ ਹੈ, ਉਸ ਕੰਮ ਵਿਚ ਉਹ ਆਸ਼ਾਜਨਕ ਪ੍ਰਾਪਤੀ ਕਰ ਲੈਂਦਾ ਹੈ। ਜਿਸ ਵਿਅਕਤੀ ਨੇ ਆਪਣੇ ਸਮੇਂ ਦਾ ਮੁੱਲ ਸਮਝ ਲਿਆ ਅਤੇ ਉਸ ਦੀ ਉਚਿਤ ਵਰਤੋਂ ਕਰਨ ਦੀ ਠਾਣ ਲਈ ਸਮਝ ਲਓ ਉਸ ਨੇ ਆਪਣੀ ਜੀਵਨ ਦੀ ਅੱਧੀ ਤੋਂ ਜ਼ਿਆਦਾ ਮੰਜ਼ਿਲ ਪਾਰ ਕਰ ਲਈ ਹੈ। ਪੰਜਾਬ ਦੇ ਮਹਾਨ ਵਿਦਵਾਨ ਕਵੀ ਭਾਈ ਵੀਰ ਸਿੰਘ ਜੀ ਦੀਆਂ ਨਿਮਨ-ਲਿਖਤ ਸੱਤਰਾਂ ਸਾਨੂੰ ਸਮੇਂ ਦੀ ਕਦਰ ਕਰਨ ਦੀ ਇਹੀ ਸਿੱਖਿਆ ਦਿੰਦੀਆਂ ਹਨ:-

ਰਹੀ ਵਾਸਤੇ ਘੱਤ, ਸਮੇਂ ਨੇ ਇਕ ਨਾ ਮੰਨੀ।
ਫੜ-ਫੜ ਰਹੀ ਧਰੀਕ, ਸਮੇਂ ਖਿਸਕਾਈ ਕੰਨੀ।
ਤਿੱਖੇ ਆਪਣੇ ਵੇਗ, ਟੱਪ ਗਿਆ ਬੰਨੇ ਬੰਨੀ।
ਕਿਵੇਂ ਨਾ ਸਕੀ ਰੋਕ, ਅਟਕ ਜੋ ਪਾਈ ਭੰਨੀ।
ਇਹ ਠਹਿਰਨ ਜਾਂਚ ਨਾ ਜਾਣਦਾ,
ਲੰਘ ਗਿਆ ਨਾ ਮੁੜਕੇ ਆਂਵਦਾ।

ਮੈਂ ਸਮੇਂ ਦੀਆਂ ਮਿੰਨਤਾਂ ਕਰ ਰਹੀ, ਪਰ ਉਸ ਨੇ ਮੇਰੀ ਇਕ ਗੱਲ ਵੀ ਨਾ ਮੰਨੀ। ਮੈਂ ਉਸ ਨੂੰ ਫੜ-ਫੜ ਖਿੱਚ ਰਹੀ, ਪਰ ਉਸ ਨੇ ਆਪਣੀ ਕੰਨੀ ਖਿਸਕਾ ਲਈ ਤੇ ਉਹ ਆਪਣੀ ਤੇਜ਼ ਚਾਲ ਨਾਲ ਦੇਖਦਿਆਂ ਹੀ ਦੇਖਦਿਆਂ, ਬੰਨਿਆਂ ਦੇ ਬੰਨੇ ਟੱਪ ਕੇ ਬਹੁਤ ਦੂਰ ਚਲੇ ਗਿਆ। ਮੈਂ ਉਸ ਨੂੰ ਕਿਵੇਂ ਨਾ ਰੋਕ ਸਕੀ। ਕਿਉਂਕਿ ਮੈ ਉਸ ਦੀ ਚਾਲ ਨਾਲ ਚੱਲ ਨਹੀਂ ਸਕਿਆ, ਭਾਵ ਮੈ ਚਲਦਾ-ਚਲਦਾ ਠਹਿਰ ਗਿਆ ਸੀ ਤੇ ਮੇਰੇ ਵਿਚ ਅਟਕਾਅ ਆ ਗਿਆ ਸੀ। ਸਮਾਂ ਰੁਕਦਾ ਨਹੀਂ ਤੇ ਨਾ ਹੀ ਉਸ ਨੂੰ ਰੁਕਣ ਦੀ ਜਾਂਚ ਆਉਂਦੀ ਹੈ। ਸਮਾਂ ਜੋ ਇਕ ਵਾਰ ਲੰਘ ਗਿਆ, ਉਹ ਮੁੜ ਕੇ ਆਉਂਦਾ ਨਹੀਂ ਹੈ। ਇਕ ਜਗ੍ਹਾ ਹੋਰ ਉਹ ਮਨੁੱਖ ਨੂੰ ਆਪਣੀ ਕਵਿਤਾ 'ਕੱਲ੍ਹ, ਅੱਜ ਤੇ ਭਲਕ' ਵਿਚ ਮਨੁੱਖ ਨੂੰ ਨਸੀਹਤ ਕਰਦੇ ਹਨ ਕਿ ਹੇ! ਮਨੁੱਖ ਸਮਾਂ ਉਡੀਂਦਾ ਜਾ ਰਿਹਾ ਹੈ, ਤੂੰ ਭੂਤਕਾਲ ਤੇ ਭਵਿੱਖਤ-ਕਾਲ ਦੀ ਚਿੰਤਾ ਨਾ ਕਰ ਕਿਉਂਕਿ ਭੂਤ-ਕਾਲ ਬੀਤ ਚੁੱਕਾ ਹੈ ਤੇ ਭਵਿੱਖਤ-ਕਾਲ ਅਜੇ ਆਉਣਾ ਹੈ। ਇਸ ਲਈ ਤੂੰ ਵਰਤਮਾਨ ਕਾਲ ਦੀ ਚਿੰਤਾ ਕਰ ਤੇ ਵਰਤਮਾਨ ਕਾਲ ਨੂੰ ਆਪਣੇ ਹੱਥੋਂ ਜਾਣ ਨਾ ਦੇ ਤੇ ਆਪਣੇ ਵਰਤਮਾਨ ਨੂੰ ਵਧੀਆ ਬਣਾ ਕੇ ਉਸ ਵਿਚ ਹੀ ਜੀਅ ਤੇ ਇਸ ਵਿਚ ਹੀ ਸਫਲਤਾ ਪ੍ਰਾਪਤ ਕਰ। ਇਹ ਤਾਂ ਹੀ ਤੇਰੇ ਵੱਸ ਵਿਚ ਰਹੇਗਾ ਜੇ ਤੂੰ ਸਮੇਂ ਦੀ ਕਦਰ ਕਰੇਂਗਾ। ਇਸ ਲਈ ਮਾਤਾ-ਪਿਤਾ ਨੂੰ ਬੱਚੇ ਨੂੰ ਸਮੇਂ ਦੀ ਕਦਰ ਕਰਨ ਦੀ ਸਿੱਖਿਆ ਦੇਣੀ ਚਾਹੀਦੀ ਹੈ ਤੇ ਆਪ ਵੀ ਸਮੇਂ ਦੀ ਕਦਰ ਕਰਨ ਦੀ ਆਦਤ ਰੱਖਣੀ ਚਾਹੀਦੀ ਹੈ, ਤਾਂ ਜੋ ਬੱਚਿਆਂ ਲਈ ਉਦਾਹਰਣ ਬਣ ਸਕੇ। ਇਸ ਨਾਲ ਉਹ ਵਧੀਆ ਤੇ ਇਕ ਕਾਮਯਾਬ ਇਨਸਾਨ ਬਣਨ ਵੱਲ

(ਬਾਕੀ ਅਗਲੇ ਸਫੇ ਤੇ)

# "ਵਿਰਾਸਤ ਤੇ ਵਾਤਾਵਰਣ" ਦਾ ਬੱਚਿਆਂ ਦੇ ਸਰਬ-ਪੱਖੀ ਵਿਕਾਸ ਤੇ ਪ੍ਰਭਾਵ

ਪ੍ਰੇਰਿਤ ਹੋਣਗੇ। ਇਕ ਪ੍ਰਗਤੀਸ਼ੀਲ ਮਨੁੱਖ ਬਣਨ ਲਈ ਸਮੇਂ ਦੀ ਕਦਰ ਕਰਨ ਦਾ ਗੁਣ ਹੋਣਾ ਬਹੁਤ ਜ਼ਰੂਰੀ ਹੈ।

**5. ਨਿਮਰਤਾ ਤੇ ਸੱਜਣਤਾ:-** ਨਿਮਰਤਾ, ਸੱਜਣਤਾ, ਸ਼ਿਸ਼ਟਾਚਾਰ, ਮਿੱਠਾ ਬੋਲਣਾ ਤੇ ਸ਼ਰਾਫਤ ਵਰਗੇ ਚੰਗੇ ਗੁਣਾਂ ਦੀ ਸਿੱਖਿਆ ਹੀ ਬੱਚਿਆਂ ਨੂੰ ਇਕ ਵਧੀਆ ਇਨਸਾਨ ਤੇ ਕਾਮਯਾਬ ਇਨਸਾਨ ਬਣਾ ਸਕਦੀਆਂ ਹਨ। ਇਸ ਤਰ੍ਹਾਂ ਦੇ ਬੱਚਿਆਂ ਵਿਚ ਭਰੇ ਗਏ ਗੁਣਾਂ ਕਾਰਨ ਹੀ ਉਹ ਦੂਸਰੇ ਮਨੁੱਖਾਂ ਦੁਆਰਾ ਸਲਾਹੇ ਜਾਂਦੇ ਹਨ ਤੇ ਜਦੋਂ ਬੱਚੇ ਇਸ ਤਰ੍ਹਾਂ ਆਪਣੀ ਸਿਫ਼ਤ ਸੁਣਦੇ ਹਨ ਤਾਂ ਉਹਨਾਂ ਨੂੰ ਪ੍ਰਸੰਨਤਾ ਮਿਲਦੀ ਹੈ। ਪਰਾਏ ਮਨੁੱਖ ਨੂੰ ਸੱਜਣਤਾ ਤੇ ਵਿਵਹਾਰਿਕਤਾ ਦਾ ਗੁਣ ਹੀ ਆਪਣਾ ਬਣਾ ਸਕਦਾ ਹੈ। ਜਿਹਨਾਂ ਪੁਰਸ਼ਾਂ ਵਿਚ ਨਿਮਰਤਾ ਤੇ ਸੱਜਣਤਾ ਦਾ ਗੁਣ ਨਹੀਂ ਹੁੰਦਾ, ਉਹ ਆਪਣਿਆਂ ਨੂੰ ਵੀ ਪਰਾਇਆ ਬਣਾ ਲੈਂਦੇ ਹਨ ਤੇ ਆਪਣੇ ਮਿੱਤਰਾਂ ਨੂੰ ਵੀ ਦੁਸ਼ਮਣ ਬਣਾ ਲੈਂਦੇ ਹਨ। ਜਿਹਨਾਂ ਵਿਚ ਨਿਮਰਤਾ ਤੇ ਸੱਜਣਤਾ ਦਾ ਇਹ ਗੁਣ ਹੁੰਦਾ ਹੈ, ਉਹ ਦੁਸ਼ਮਣ ਨੂੰ ਵੀ ਆਪਣਾ ਮਿੱਤਰ ਬਣਾ ਲੈਂਦੇ ਹਨ। ਉਹ ਦੁਸ਼ਮਣ ਇਸ ਗੁਣ ਅੱਗੇ ਨਿਮਰਤਾ ਸਹਿਤ ਝੁਕ ਜਾਂਦੇ ਹਨ। ਮਹਾਂਭਾਰਤ ਦੇ ਯੁੱਧ ਦਾ ਕਾਰਨ ਦ੍ਰੋਪਤੀ ਦੇ ਬੋਲੇ ਹੋਏ, ਦੁਰਯੋਧਨ ਨੂੰ ਦੁਸ਼ਟ ਬੋਲ ਹੀ ਕਾਰਨ ਬਣੇ ਸਨ। ਗੁਰੂ ਨਾਨਕ ਦੇਵ ਜੀ ਦੇ ਇਹ ਸ਼ਬਦ 'ਨਾਨਕ ਫਿਕਾ ਬੋਲੀਐ, ਤਨ ਮਨ ਫਿਕਾ ਹੋਇ। ਮਿਠੁਤ ਨੀਵੀਂ ਨਾਨਕਾ ਗੁਣ ਚੰਗਿਆਈਆਂ ਤੱਤ।' ਭਾਵ ਮਿੱਠਾ ਬੋਲਣਾ ਹੀ ਚੰਗੇ ਗੁਣਾਂ ਦਾ ਤੱਤ ਹੈ ਤੇ ਕੌੜਾ ਬੋਲਣ ਨਾਲ ਇਨਸਾਨ ਦਾ ਤਨ ਤੇ ਮਨ ਦੋਵੇਂ ਹੀ ਫਿੱਕੇ ਭਾਵ ਬੇਰਸੇ ਹੋ ਜਾਂਦੇ ਹਨ।

'ਨਾਗਰਿਕਤਾ ਘਰ ਤੋਂ ਹੀ ਸ਼ੁਰੂ ਹੁੰਦੀ ਹੈ।' ਘਰ ਇਕ ਵਿਦਿਆਲਾ ਹੈ, ਜਿੱਥੇ ਮਾਤਾ-ਪਿਤਾ ਇਹਨਾਂ ਗੁਣਾਂ ਦਾ ਬੱਚਿਆਂ ਵਿਚ ਨਿਰਮਾਣ ਕਰ ਸਕਦੇ ਹਨ ਅਤੇ ਇਹਨਾਂ ਗੁਣਾਂ ਦਾ ਅਭਿਆਸ ਬੱਚਿਆਂ ਨੂੰ ਬਚਪਨ ਤੋਂ ਹੀ ਕਰਾਉਣਾ ਆਰੰਭ ਕਰ ਦੇਣਾ ਚਾਹੀਦਾ ਹੈ। ਵੱਡੇ ਅਤੇ ਛੋਟੇ ਨਾਲ ਆਪ ਸ਼ਬਦ ਲਾ ਕੇ ਸੰਬੋਧਨ ਕਰਨਾ ਚਾਹੀਦਾ ਹੈ। ਇਸ ਨਾਲ ਸਭ ਵਿਚ ਖਾਸ ਕਰਕੇ ਬੱਚਿਆਂ ਵਿਚ ਸਨਮਾਨ ਦੀ ਭਾਵਨਾ ਪੈਦਾ ਹੁੰਦੀ ਹੈ। ਕਈ ਮਾਂ-ਬਾਪ ਬੱਚਿਆਂ ਦੀਆਂ ਛੋਟੀਆਂ-ਛੋਟੀਆਂ ਗਲਤੀਆਂ ਤੇ ਉਸ ਨੂੰ ਪ੍ਰੇਰਨਾ ਦੇਣ ਦੀ ਥਾਂ, ਧੀ ਦੀ , ਭੈਣ ਦੀ ਕਰਨਾ ਸ਼ੁਰੂ ਕਰ ਦਿੰਦੇ ਹਨ। ਇਸ ਨਾਲ ਮਾਤਾ-ਪਿਤਾ ਪ੍ਰਤੀ, ਬੱਚਿਆਂ ਵਿਚ ਗਲਤ ਪ੍ਰਭਾਵ ਜਾਂਦਾ ਹੈ। ਇਸ ਲਈ ਘਰ ਵਿਚ ਗਾਲੀ-ਗਲੋਚ ਦਾ ਵਾਤਾਵਰਣ ਨਹੀਂ ਹੋਣਾ ਚਾਹੀਦਾ। ਘਰ ਦਾ ਵਿਦਿਅਕ ਅਤੇ ਸਿੱਖਿਆਦਾਇਕ ਮਾਹੌਲ ਹੀ ਬੱਚੇ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੋ ਸਕਦਾ ਹੈ ਜੋ ਬੱਚੇ ਨੂੰ ਪੂਰਨ ਕਾਮਯਾਬ ਮਨੁੱਖ ਬਣਾ ਸਕਦਾ ਹੈ। ਬੱਚੇ ਦੇ ਗਲਤੀ ਕਰਨ ਤੇ ਉਸਨੂੰ ਤਾੜਨਾ ਵੀ ਕੀਤੀ ਜਾ ਸਕਦੀ ਹੈ, ਉਹ ਗਾਲ਼ਾਂ ਨਾਲ ਨਹੀਂ, ਤੇ ਨਾ ਹੀ ਬੱਚੇ ਨੂੰ ਡਰਾ ਧਮਕਾ ਕੇ, ਸਗੋਂ ਬੱਚੇ ਦੇ ਮਾਤਾ-ਪਿਤਾ ਉਸ ਦੇ ਚੰਗੇ ਮਿੱਤਰ ਬਣ ਕੇ, ਬੱਚੇ ਨੂੰ ਵਿਸ਼ਵਾਸ ਵਿਚ ਲੈ ਕੇ, ਪ੍ਰੇਰਨਾਦਾਇਕ ਤਰੀਕੇ ਨਾਲ ਸਮਝਾਇਆ ਜਾ ਸਕਦਾ ਹੈ ਤਾਂ ਜੋ ਉਹ ਦੁਬਾਰਾ ਗਲਤੀ ਨਾ ਕਰੇ। ਦੁਸ਼ਟਤਾ ਭਰੇ ਸ਼ਬਦਾਂ ਨਾਲ ਬੱਚੇ ਵਿਚ ਦੁਸ਼ਟਤਾ ਹੀ ਆਵੇਗੀ। ਬੱਚੇ ਕਈ ਵਾਰ ਮਾਤਾ-ਪਿਤਾ ਦੇ ਕਹੇ ਕੰਮ ਨੂੰ ਇਨਕਾਰ ਕਰ ਦਿੰਦੇ ਹਨ, ਅਜਿਹੇ ਮਾਹੌਲ ਵਿਚ ਵੀ ਮਾਤਾ-ਪਿਤਾ ਨੂੰ ਬੱਚੇ ਨੂੰ ਸਮਝਾਉਂਦਿਆਂ ਹੋਇਆਂ ਨਿਮਰ ਭਾਵਨਾ ਨਾਲ ਹੀ ਗੱਲ ਕਰਨੀ ਚਾਹੀਦੀ ਹੈ। ਜੇਕਰ ਬੱਚੇ ਨਾਲ ਕਿਸੇ ਗੱਲੋਂ ਵਿਵਾਦ ਹੋ ਵੀ ਜਾਂਦਾ ਹੈ ਤਾਂ ਵੀ ਸਾਨੂੰ ਬੱਚੇ ਦੇ ਮਨ ਨੂੰ ਤੇ ਉਸ ਦੇ ਸਨਮਾਨ ਨੂੰ ਠੇਸ ਨਾ ਪਹੁੰਚੇ, ਦਾ ਪੂਰਾ ਧਿਆਨ ਰੱਖਣਾ ਚਾਹੀਦਾ ਹੈ। ਇਸ ਤਰ੍ਹਾਂ ਦੀ ਚੰਗੀ ਵਿਰਾਸਤ ਹੀ ਬੱਚੇ ਦੇ ਸਰਬ-ਪੱਖੀ ਵਿਕਾਸ ਵਿਚ ਸਹਾਈ ਹੁੰਦੀ ਹੈ।

**6. ਚੰਗੇ ਵਾਤਾਵਰਣ ਦੀ ਉਸਾਰੀ:-** ਬੱਚੇ ਦੇ ਸਰਬ-ਪੱਖੀ ਵਿਕਾਸ ਵਿਚ ਜਿੱਥੇ ਅਮੀਰ ਵਿਰਸੇ ਦੀ ਜ਼ਰੂਰਤ ਹੈ, ਉਥੇ ਉਸ ਨੂੰ ਘਰੇਲੂ ਵਾਤਾਵਰਣ ਦੀ ਵੀ ਉਨੀ ਹੀ ਮਹਾਨਤਾ ਹੈ। ਅਕਸਰ ਵਿਰਸਾ ਤੇ ਵਾਤਾਵਰਣ ਦੋਵੇਂ ਹੀ ਬੱਚਿਆਂ ਦੇ ਸਰਬ-ਪੱਖੀ ਵਿਕਾਸ ਤੇ ਪ੍ਰਭਾਵ ਪਾਉਂਦੇ ਹਨ। ਬੱਚੇ ਘਰ ਦੇ ਤੇ ਬਾਹਰ ਦੇ ਵਾਤਾਵਰਣ ਤੋਂ ਬਹੁਤ ਕੁਝ ਸਿੱਖਦੇ ਹਨ। ਘਰ ਦਾ ਵਾਤਾਵਰਣ ਖਰਾਬ ਹੈ ਤਾਂ ਬੱਚੇ ਬੁਰਾਈਆਂ ਦੀ ਨਕਲ ਕਰਨਗੇ ਤੇ ਬੁਰੀਆਂ ਆਦਤਾਂ ਗ੍ਰਹਿਣ ਕਰਨਗੇ। ਘਰ ਤੋਂ ਬਾਹਰ ਬੱਚਿਆਂ ਨੂੰ ਚੰਗੇ ਬੱਚਿਆਂ ਦੀ ਸੰਗਤ ਮਿਲ ਜਾਵੇ ਤਾਂ ਉਹ ਚੰਗਿਆਈਆਂ ਸਿੱਖਣਗੇ, ਜੇਕਰ ਉਹਨਾਂ ਦੀ ਸੰਗਤ ਬੁਰੇ ਬੱਚਿਆਂ ਨਾਲ ਹੈ ਤਾਂ ਉਹ ਉਨ੍ਹਾਂ ਦੀਆਂ ਬੁਰਿਆਈਆਂ ਸਿੱਖਣਗੇ। ਇਸ ਲਈ ਮਾਤਾ ਪਿਤਾ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਵਿਰਸੇ ਦਾ ਧਿਆਨ ਵੀ ਰੱਖਣ ਤੇ ਬੱਚਿਆਂ ਦੀ ਬਾਹਰੀ ਸੰਗਤ ਦਾ ਧਿਆਨ ਵੀ ਰੱਖਣ ਤਾਂ ਜੋ ਬੱਚਾ ਬੁਰੀ ਸੰਗਤ ਵਿਚ ਨਾ ਪੈ ਜਾਵੇ। ਅੱਜ ਦੁਨੀਆਂ ਦੇ ਹਰ ਦੇਸ਼ ਵਿਚ ਸ਼ਰਾਬ ਤੇ ਹੋਰ ਕਈ ਪ੍ਰਕਾਰ ਦੇ ਨਸ਼ਿਆਂ ਦਾ ਚਲਨ ਇਤਨਾ ਵੱਧ ਗਿਆ ਹੈ ਕਿ ਸ਼ਾਇਦ ਥੋੜ੍ਹੇ ਪ੍ਰਤੀਸ਼ਤ ਲੋਕ ਇਸ ਦੀ ਮਾਰ ਤੋਂ ਬਚੇ ਹੋਣਗੇ। ਬੱਚੇ ਸਕੂਲਾਂ ਤੇ ਕਾਲਜਾਂ ਵਿਚ ਮਾਤਾ-ਪਿਤਾ ਤੋਂ ਚੋਰੀ ਨਸ਼ੇ ਕਰਦੇ ਹਨ ਤੇ ਬੁਰੀ ਸੰਗਤ ਵਿਚ ਫਸ ਜਾਂਦੇ ਹਨ। ਕੈਨੇਡਾ ਤੇ ਅਮਰੀਕਾ ਵਰਗੇ ਅਮੀਰ ਦੇਸਾਂ ਵਿਚ ਵੀ ਲੋਕ ਇਸ ਦੀ ਮਾਰ ਤੋਂ ਬਚ ਨਹੀਂ ਸਕੇ ਹਨ ਤੇ ਉਹ ਇੱਥੇ ਆ ਕੇ ਨਸ਼ੇ ਪੀਣਾ ਫਖਰ ਸਮਝਦੇ ਹਨ ਤੇ ਕਈ ਵਾਰ ਇਸ ਤਰ੍ਹਾਂ ਲੋਕ ਆਖਦੇ ਹਨ ਕਿ ਜੇਕਰ ਇੱਥੇ ਆ ਕੇ ਨਸ਼ੇ ਨਾ ਪੀਤੇ ਤਾਂ ਫਿਰ ਕਿੱਥੇ ਪੀਣੇ ਹਨ।' ਇਹ ਨੀਵੇਂ ਮਾਨਸਿਕ ਪੱਧਰ ਦੀਆਂ ਗੱਲਾਂ ਹਨ। ਇਸ ਤਰ੍ਹਾਂ ਦੇ ਮਾਨਸਿਕ ਪੱਧਰ ਦੇ ਲੋਕ ਬੱਚਿਆਂ ਨੂੰ ਸ਼ਰਾਬ ਆਦਿ ਦੇ ਨਸ਼ੇ ਕਰਨ ਤੋਂ ਕਿਵੇਂ ਰੋਕ ਸਕਦੇ ਹਨ। ਅਸੀਂ ਬੱਚਿਆਂ ਦੇ ਸਾਹਮਣੇ ਹੀ ਸ਼ਰਾਬ ਪੀਈ ਜਾਂਦੇ ਹਾਂ। ਸ਼ਰਾਬ ਪੀਂਦੇ ਸਮੇਂ, ਇਕ ਥਾਂ ਬੈਠੇ ਹੀ ਹੁਕਮ ਕਰੀ ਜਾਂਦੇ ਹਾਂ, ਬੇਟਾ ਸ਼ਰਾਬ ਦੀ ਬੋਤਲ ਫੜਾਈ, ਥੋੜ੍ਹਾ ਜਿਹਾ ਨਮਕੀਨ ਵੀ ਲਈ ਆਵੀਂ, ਗਲਾਸੀ ਵੀ ਧੋ ਕੇ ਲਿਆਈ ਤੇ ਆਪਣੀ ਮੰਮੀ ਨੂੰ ਆਖ ਕਿ ਉਹ ਸਲਾਦ ਹੀ ਕੱਟ ਦੇਵੇ ਆਦਿਕ? ਇਸ ਤਰ੍ਹਾਂ ਦੇ ਵਾਤਾਵਰਣ ਅਕਸਰ ਆਮ ਘਰਾਂ ਵਿਚ ਦੇਖਣ ਨੂੰ ਮਿਲ ਜਾਂਦੇ ਹਨ। ਆਪਣੇ ਦੋਸਤਾਂ-ਮਿੱਤਰਾਂ ਨੂੰ ਵੀ ਸੰਗਤ ਕਰਨ ਲਈ ਸੱਦ ਲਿਆ ਜਾਂਦਾ ਹੈ ਜਾਂ ਘਰ ਦੇ ਮੈਂਬਰ ਇਕੱਠੇ ਹੋ ਕੇ ਜਾਂ ਇਕੱਲੇ-ਇਕੱਲੇ ਬੱਚਿਆਂ ਦੇ ਸਾਹਮਣੇ ਹੀ ਗਲਾਸੀ ਖੜਕਾਉਂਦੇ ਹਨ ਤੇ ਕਾਫੀ ਰਾਤ ਗਏ ਤੱਕ ਇਸੇ ਤਰ੍ਹਾਂ ਜਸ਼ਨ ਚੱਲਦੇ ਹਨ। ਉਹ ਘਰ ਦੇ ਵਾਤਾਵਰਣ ਨੂੰ ਭੁੱਲ ਹੀ ਜਾਂਦੇ ਹਨ ਕਿ ਇਸ ਦੂਸ਼ਿਤ ਵਾਤਾਵਰਣ ਦਾ ਬੱਚਿਆਂ ਤੇ ਕੀ ਪ੍ਰਭਾਵ ਪਵੇਗਾ? ਬੱਚੇ ਮਾਤਾ ਪਿਤਾ ਦੇ ਕੰਮ ਤੇ ਆਦਤਾਂ ਦੀ ਨਕਲ ਬੜੀ ਜਲਦੀ ਕਰਦੇ ਹਨ। ਉਹ ਸ਼ਰਾਬ ਵਰਗੇ ਮਾਰੂ ਨਸ਼ੇ ਦੀ ਘਰ ਵਿਚ ਹੀ ਨਕਲ ਕਰਦਾ ਹੈ ਜਾਂ ਬਾਹਰੀ ਸੰਗਤ ਵਿਚ ਪੈ ਕੇ ਪਹਿਲਾਂ ਚੋਰੀ ਪੀਂਦਾ ਹੈ ਤੇ ਫਿਰ ਝਾਕਾ ਖੁੱਲ੍ਹ ਜਾਣ ਤੇ ਆਪਣੇ ਬਾਪ ਨਾਲ ਵੀ ਪੀਣ ਤੋਂ ਨਹੀਂ ਝਿਜਕਦਾ। ਅਕਸਰ ਜਦ ਕਦੇ ਪੁੱਛਿਆ ਜਾਂਦਾ ਹੈ ਕਿ ਸ਼ਰਾਬ ਕਿਉਂ ਪੀਂਦੇ ਹੋ ਤੇ ਰੋਜ਼ ਦੀ ਆਦਤ ਕਿਵੇਂ ਬਣ ਗਈ ਤਾਂ ਅੱਗੋਂ ਉਤਰ ਆਉਂਦਾ ਹੈ ਕਿ ਦਿਨ ਭਰ ਦੇ ਕੰਮ ਦਾ ਥਕੇਵਾਂ ਲਾਹੁਣ ਲਈ ਹੀ ਦੋ-ਤਿੰਨ ਪੈਗ ਲਾਈਦੇ ਹਨ। ਸ਼ਰਾਬ ਨੂੰ ਅੱਜ ਅਸੀਂ ਫੈਸ਼ਨ ਦੇ ਤੌਰ ਤੇ ਸੁਸਾਇਟੀ ਦੇ ਰੁਤਬੇ ਦੇ ਚਿੰਨ੍ਹ ਵਜੋਂ ਅਪਣਾ ਲਿਆ ਹੈ। ਇਹ ਅੱਜ ਦੇ ਮਨੁੱਖ ਦਾ ਸ਼ਰਾਬ ਸਬੰਧੀ ਪਾਲਿਆ ਹੋਇਆ ਭਰਮ ਹੀ ਹੈ? ਜੇ ਸ਼ਰਾਬ ਨਹੀਂ ਹੈ ਤਾਂ ਸ਼ਾਇਦ ਇਸ ਤੋਂ ਵਧੀਆ ਖਾਣ ਪੀਣ ਵਾਲੀ ਕੋਈ ਹੋਰ ਵਸਤੂ ਇਸ ਸੰਸਾਰ ਵਿਚ ਹੈ ਹੀ ਨਹੀਂ। ਸ਼ਰਾਬ ਦੇ ਨੁਕਸਾਨ ਅਸੀਂ ਭੁੱਲ ਹੀ ਜਾਂਦੇ ਹਾਂ। ਸ਼ਰਾਬ ਜੋ ਥਕੇਵਾਂ ਲਾਹੁਣ ਲਈ ਪੀਤੀ ਜਾਂਦੀ ਹੈ, ਉਸ ਦਾ



ਮਾਰੂ ਅਸਰ ਸਵੇਰੇ ਉੱਠਣ ਵੇਲੇ ਦੇਖਣ ਨੂੰ ਮਿਲ ਜਾਂਦਾ ਹੈ। ਅੱਧੀ ਰਾਤ ਨੂੰ ਜਦ ਸ਼ਰਾਬ ਦਾ ਨਸ਼ਾ ਉਤਰ ਜਾਂਦਾ ਹੈ ਤਾਂ ਸਰੀਰ ਨੂੰ ਤੋੜ ਲੱਗਦੀ ਹੈ ਤੇ ਸ਼ਰਾਬੀ ਉਸਲਵੱਟੇ ਮਾਰਦਾ, ਜਾਗਦਾ ਹੋਇਆ ਸਾਰੀ ਰਾਤ ਗੁਜ਼ਾਰ ਦਿੰਦਾ ਹੈ ਤੇ ਸਵੇਰੇ ਕੰਮ ਤੇ ਜਾਣ ਜੋਗਾ ਵੀ ਨਹੀਂ ਰਹਿੰਦਾ। ਸਿਹਤ ਖਰਾਬ ਹੁੰਦੀ ਹੈ, ਬਿਮਾਰੀਆਂ ਨੂੰ ਸੱਦਾ ਦਿੰਦਾ ਹੈ, ਲੀਵਰ ਖਰਾਬ ਹੁੰਦਾ ਹੈ ਤੇ ਪੈਸੇ ਦੀ ਬਰਬਾਦੀ ਵੀ ਹੁੰਦੀ ਹੈ, ਘਰ ਦਾ ਵਾਤਾਵਰਣ ਵੀ ਖਰਾਬ ਹੁੰਦਾ ਹੈ। ਡਾਕਟਰਾਂ ਦਾ ਇਹ ਸਿਧਾਂਤ ਕਿ ਇਕ-ਦੋ ਪੈਗ ਸ਼ਰਾਬ ਦੇ ਸਿਹਤ ਲਈ ਠੀਕ ਹੁੰਦੇ ਹਨ, ਨੂੰ ਸਹੀ ਨਹੀਂ ਮੰਨਿਆ ਜਾ ਸਕਦਾ। ਇਸ ਨਾਲ ਸ਼ਰਾਬ ਪੀਣ ਵਾਲਾ ਉਤਸ਼ਾਹਿਤ ਹੁੰਦਾ ਹੈ ਤੇ ਉਸ ਦੇ ਮਨ ਵਿਚ ਇਹ ਸੋਚ ਬਣ ਜਾਂਦੀ ਹੈ ਕਿ ਜੇ ਡਾਕਟਰ ਕਹਿੰਦਾ ਹੈ ਤਾਂ ਇਸ ਦਾ ਨੁਕਸਾਨ ਨਹੀਂ ਹੈ ਤੇ ਉਹ ਇਕ-ਦੋ ਪੈਗ ਦੀ ਥਾਂ ਤਿੰਨ, ਚਾਰ ਤੇ ਆਪਣੀ ਆਦਤ ਨੂੰ ਕਰ ਲੈਂਦੇ ਹੈ ਤੇ ਫਿਰ ਇਹ 'ਲਾਲ ਪਰੀ' ਸਾਡੀ ਮਾਨਸਿਕਤਾ ਨਾਲ ਪੱਕਿਆਂ ਹੀ ਜੁੜ ਜਾਂਦੀ ਹੈ। ਸ਼ਰਾਬੀ ਅਕਸਰ ਆਪਣੀ ਪਤਨੀ ਤੇ ਬੱਚਿਆਂ ਨੂੰ ਗਾਲੀ ਗਲੋਚ ਕਰਦੇ ਵੀ ਦੇਖੇ ਜਾ ਸਕਦੇ ਹਨ ਤੇ ਘਰ ਨੂੰ ਨਰਕ ਬਣਾ ਦਿੰਦੇ ਹਨ। ਬੱਚੇ ਤੇ ਔਰਤ ਉਸ ਦੇ ਮੂਹਰੇ ਬੋਲਣਾ ਤੇ ਮੁਕਾਬਲਾ ਕਰਨਾ ਸ਼ੁਰੂ ਕਰ ਦਿੰਦੇ ਹਨ। ਜੇ ਬੱਚੇ ਘਰ ਤੇ ਬਾਹਰ ਸ਼ਰਾਬ ਪੀਣੀ ਸ਼ੁਰੂ ਕਰ ਦੇਣ ਤਾਂ ਅਸੀਂ ਉਹਨਾਂ ਨੂੰ ਜ਼ੋਰ ਨਾਲ ਡਾਂਟ ਵੀ ਨਹੀਂ ਸਕਦੇ ਤੇ ਉਹ ਕਹਿ ਵੀ ਦਿੰਦੇ ਹਨ ਕਿ ਬਾਪੂ ਆਪ ਰੋਜ਼ ਪੀਂਦਾ ਹੈ? ਸਿਗਰਟ ਵੀ ਇਕ ਮਾਰੂ ਨਸ਼ਾ ਹੈ ਜੋ ਬੱਚੇ ਘਰੋਂ ਜਾਂ ਬਾਹਰੋਂ ਹੀ ਸਿੱਖਦੇ ਹਨ। ਇਸ ਤਰ੍ਹਾਂ ਘਰ ਵਿਚੋਂ ਪੜ੍ਹਾਈ ਕਰਨ ਦਾ ਮਾਹੌਲ ਖਤਮ ਹੋ ਜਾਂਦਾ ਹੈ ਤੇ ਬੱਚਿਆਂ ਦਾ ਸਰਬ ਪੱਖੀ ਵਿਕਾਸ ਰੁਕ ਜਾਂਦਾ ਹੈ। ਇੱਥੇ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਉਹ ਇਹਨਾਂ ਮਾਰੂ-ਪ੍ਰਵਿਰਤੀਆਂ ਨੂੰ ਆਪਣੇ ਘਰਾਂ ਵਿਚ ਤੇ ਬਾਹਰਲੇ ਬੱਚਿਆਂ ਦੇ ਵਾਤਾਵਰਣ ਵਿਚ ਪਨਪਣ ਨਾ ਦੇਣ।

**7. ਜ਼ਿਆਦਾ ਟੈਲੀਵਿਜ਼ਨ ਦੇਖਣ ਦੀ ਆਦਤ:-** ਟੀ. ਵੀ. ਵਿਗਿਆਨ ਦੀ ਇਕ ਵਧੀਆ ਖੋਜ ਹੈ। ਇਸ ਦੀ ਉਚਿਤ ਵਰਤੋਂ ਹੀ ਲਾਭਦਾਇਕ ਹੈ ਪਰ ਇਸ ਨੂੰ ਜ਼ਿਆਦਾ ਦੇਖਣ ਦੀ ਆਦਤ ਬੜੀ ਘਾਤਕ ਸਿੱਧ ਹੁੰਦੀ ਹੈ। ਸਾਰਾ ਦਿਨ ਇਸ ਮੂਹਰੇ ਬੈਠਣ ਨਾਲ ਸਰੀਰਕ ਮੋਟਾਪਾ ਆਉਂਦਾ ਹੈ। ਮੋਟਾਪਾ ਆਪਣੇ ਆਪ ਵਿਚ ਇਕ ਰੋਗ ਹੈ। ਸਰੀਰ ਦੀਆਂ ਸਰਗਰਮੀਆਂ ਘਟ ਜਾਂਦੀਆਂ ਹਨ, ਅੱਖਾਂ ਦੀ ਨਮੀ ਘੱਟ ਜਾਂਦੀ ਹੈ ਤੇ ਅੱਖਾਂ ਦੀ ਰੌਸ਼ਨੀ ਵੀ ਘਟ ਜਾਂਦੀ ਹੈ, ਐਨਕ ਲੱਗ ਕੇ ਪ੍ਰਸਨੈਲਟੀ ਵਿਚ ਵਿਗਾੜ ਆ ਜਾਂਦਾ ਹੈ, ਬੱਚਿਆਂ ਵਿਚ ਪੜ੍ਹਨ ਦੀ ਰੁਚੀ ਘੱਟ ਜਾਂਦੀ ਹੈ। ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਟੀ. ਵੀ. ਤੇ ਉਹ ਬੱਚਿਆਂ ਨੂੰ ਵਿਦਿਅਕ ਪ੍ਰੋਗਰਾਮ ਦੇਖਣ ਲਈ ਹੀ ਜ਼ਿਆਦਾ ਉਤਸ਼ਾਹਿਤ ਕਰਨ। ਜੇਕਰ ਕੋਈ ਅੱਛੀ ਸਿੱਖਿਆਦਾਇਕ ਫਿਲਮ ਜਾਂ ਸੀਰੀਅਲ ਹੈ ਤਾਂ ਉਸ ਨੂੰ ਵੀ ਦੇਖਣ ਦਾ ਕੋਈ ਹਰਜ਼ ਨਹੀਂ ਹੈ। ਇਹ ਦੇਖਣ ਉਪਰੰਤ ਮਾਤਾ-ਪਿਤਾ ਫਿਲਮ ਜਾਂ ਸੀਰੀਅਲ ਤੋਂ ਕੀ ਪ੍ਰੇਰਨਾ ਮਿਲਦੀ ਹੈ, ਬਾਰੇ ਬੱਚੇ ਨਾਲ ਗੱਲਬਾਤ ਕਰ ਸਕਦੇ ਹਨ। ਬੱਚਿਆਂ ਨੂੰ ਅੱਛੀਆਂ ਕਿਤਾਬਾਂ, ਰਸਾਲੇ ਤੇ ਅਖਬਾਰਾਂ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਇਹਨਾਂ ਵਿਚੋਂ ਪੜ੍ਹਨ ਨਾਲ, ਟੀ. ਵੀ. ਨਾਲੋਂ ਜ਼ਿਆਦਾ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਇੱਥੇ ਮਾਤਾ-ਪਿਤਾ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਘਰ ਵਿਚ ਵਿਦਿਅਕ ਮਾਹੌਲ ਸਿਰਜਣ ਤਾਂ ਜੋ ਬੱਚਾ ਅੱਜਕਲ੍ਹ ਦੇ ਮੁਕਾਬਲੇ ਦੇ ਯੁੱਗ ਵਿਚ ਗਿਆਨ ਪ੍ਰਾਪਤ ਕਰਕੇ ਇਸ ਯੁੱਗ ਦਾ ਹਾਣੀ ਬਣ ਸਕੇ।

**8. ਟੈਲੀਫੋਨ ਦੀ ਦੁਰਵਰਤੋਂ:-** ਟੈਲੀਫੋਨ ਵੀ ਅੱਜ ਦੇ ਵਿਗਿਆਨਕ ਯੁੱਗ ਵਿਚ ਇਕ ਅਹਿਮ ਜ਼ਰੂਰਤ ਬਣ ਗਿਆ ਹੈ। ਇਸ ਨੇ ਸਾਰੇ ਸੰਸਾਰ ਨੂੰ ਇਕ ਪਿੰਡ ਬਣਾ ਦਿੱਤਾ ਹੈ। ਜਿੱਥੇ ਇਸ ਦੇ ਅਨੇਕਾਂ ਲਾਭ ਹਨ, ਉਥੇ ਇਸ ਦੇ ਉਲਟ ਕਈ ਨੁਕਸਾਨ ਵੀ ਹਨ। ਅੱਜਕਲ੍ਹ ਬੱਚੇ ਸਾਰਾ-ਸਾਰਾ ਦਿਨ ਫੋਨ ਨਾਲ ਹੀ ਚਿੰਬੜੇ ਰਹਿੰਦੇ ਹਨ। ਇਸ ਵਿਚੋਂ ਨਿਕਲਣ ਵਾਲੀਆਂ ਤਰੰਗਾਂ ਦਿਮਾਗ ਲਈ ਬੜੀਆਂ ਘਾਤਕ ਬਿਮਾਰੀਆਂ ਨੂੰ ਜਨਮ ਦਿੰਦੀਆਂ ਹਨ। ਇਸ ਦੀ ਜ਼ਿਆਦਾ ਵਰਤੋਂ ਨਾਲ ਜਿੱਥੇ ਸਾਡੀ ਸੁਣਨ-ਸ਼ਕਤੀ ਤੇ ਅਸਰ ਪੈਂਦਾ ਹੈ, ਦਿਮਾਗੀ ਬਿਮਾਰੀਆਂ ਲੱਗਣ ਦਾ ਖਤਰਾ ਵੀ ਬਣਿਆ ਰਹਿੰਦਾ ਹੈ, ਉਥੇ ਕਈ ਅਪਰਾਧਿਕ ਪ੍ਰਵਿਰਤੀਆਂ ਨੂੰ ਵੀ ਜਨਮ ਦਿੰਦਾ ਹੈ। ਜਦੋਂ ਬੱਚੇ ਭੈੜੀ ਸੰਗਤ ਵਿਚ ਫਸ ਜਾਂਦੇ ਹਨ ਤਾਂ ਉਹਨਾਂ ਦੇ ਕੀਤੇ ਗਏ ਅਪਰਾਧਾਂ ਨੂੰ, ਟੈਲੀਫੋਨ ਹੀ ਸਾਹਮਣੇ ਲਿਆਉਣ ਦੀ ਗਵਾਹੀ ਬਣਦਾ ਹੈ। ਅਪਰਾਧਾਂ ਦੀ ਯੋਜਨਾ ਵੀ ਕਈ ਵਾਰ ਟੈਲੀਫੋਨ ਤੇ ਹੀ ਬਣਦੀ ਹੈ। ਨਿੰਦਿਆ-ਚੁਗਲੀ ਦੀ ਆਦਤ ਨੂੰ ਵੀ ਟੈਲੀਫੋਨ ਨੇ ਬਹੁਤ ਬੜਾਵਾ ਦਿੱਤਾ ਹੈ। ਬਹੁਤ ਘਰਾਂ ਵਿਚ ਟੈਲੀਫੋਨ ਤੇ ਕੀਤੀਆਂ ਗਈਆਂ ਚੁਗਲੀਆਂ ਘਰੇਲੂ ਲੜਾਈ ਕਲੇਸ਼ ਦਾ ਕਾਰਨ ਬਣ-ਦੀਆਂ ਹਨ। ਬੱਚਿਆਂ ਵਿਚ ਇਸ ਦੀ ਵਰਤੋਂ ਨੇ ਆਵਾਰਾਗਰਦੀ ਦੀ ਆਦਤ ਨੂੰ ਵਧਾਇਆ ਹੈ। ਇੱਥੇ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਇਸ ਦੇ ਹੋਣ ਵਾਲੇ ਨੁਕਸਾਨਾਂ ਦਾ, ਤੇ ਇਸ ਦੀ ਦੁਰਵਰਤੋਂ ਦਾ, ਨਾ ਸ਼ਿਕਾਰ ਹੋਣ ਦੀ ਸਿੱਖਿਆ ਦੇਣ।

**9. ਆਮ ਸੂਝ-ਬੂਝ ਦੀ ਘਾਟ:-** ਕਈ ਵਾਰ ਅਨਪੜ੍ਹਤਾ ਕਾਰਨ ਮਾਤਾ-ਪਿਤਾ ਨੂੰ ਆਮ ਸੂਝ-ਬੂਝ ਦੀ ਘਾਟ ਹੁੰਦੀ ਹੈ ਤੇ ਉਹ ਬੱਚਿਆਂ ਦੀਆਂ ਕਈ ਸਮੱਸਿਆਵਾਂ ਨੂੰ ਸਮਝ ਹੀ ਨਹੀਂ ਪਾਉਂਦੇ ਤੇ ਨਾ ਹੀ ਉਹਨਾਂ ਨੂੰ ਯੋਗ ਅਗਵਾਈ ਦੇਣ ਦੀ ਸਮਰੱਥਾ ਰੱਖਦੇ ਹਨ। ਇਹੀ ਕਾਰਨ ਵੀ ਹੈ ਜੋ ਬੱਚਿਆਂ ਦੇ ਸਰਬ-ਪੱਖੀ ਵਿਕਾਸ ਵਿਚ ਰੁਕਾਵਟ ਦਾ ਕਾਰਨ ਬਣਦਾ ਹੈ। ਇਸ ਘਾਟ ਕਾਰਨ ਉਹ ਬੱਚੇ ਨੂੰ ਵਧੀਆ ਜੀਵਨ ਜਾਂਚ ਤੇ ਉਸ ਦੀ ਪ੍ਰਗਤੀ ਲਈ ਸੇਧ ਨਹੀਂ ਦੇ ਸਕਦੇ। ਇਸ ਸਬੰਧੀ ਉਹ ਆਪਣੇ ਬੱਚਿਆਂ ਦੇ ਅਧਿਆਪਕਾਂ ਨਾਲ ਸਲਾਹ-ਮਸ਼ਵਰਾ ਕਰ ਸਕਦੇ ਹਨ, ਆਪਣੇ ਕਿਸੇ ਸੱਜਣ-ਮਿੱਤਰ ਤੋਂ ਵੀ ਸਲਾਹ ਲੈ ਸਕਦੇ ਹਨ। ਮਹਾਰਾਜਾ ਰਣਜੀਤ ਸਿੰਘ ਜੀ, ਛਤਰਪਤੀ ਸ਼ਿਵਾ ਜੀ ਤੇ ਬਾਦਸ਼ਾਹ ਅਕਬਰ ਅਨਪੜ੍ਹ ਸਨ ਤੇ ਉਹਨਾਂ ਨੇ ਆਪਣੇ ਨਾਲ ਆਪਣੇ ਅਮੀਰ-ਵਜ਼ੀਰ ਤੇ ਕਈ ਵਿਦਵਾਨ ਸਲਾਹਕਾਰ, ਸਲਾਹ ਕਰਨ ਲਈ ਨਾਲ ਜੋੜੇ ਹੋਏ ਸਨ। ਇਸ ਦੇ ਨਾਲ ਹੀ ਉਹਨਾਂ ਦੀ ਆਮ ਸੂਝ-ਬੂਝ ਇਤਨੀ ਤੇਜ਼ ਤੇ ਜਬਰਦਸਤ ਸੀ, ਜਿਸ ਕਾਰਨ ਉਹਨਾਂ ਦੇ ਆਪਣੇ ਰਾਜ-ਪਾਠ ਨੂੰ ਬੜੇ ਸੁਚੱਜੇ ਤਰੀਕੇ ਨਾਲ ਚਲਾਇਆ।

**10. ਵਿਗਿਆਨਕ ਦ੍ਰਿਸ਼ਟੀਕੋਣ ਦੀ ਜ਼ਰੂਰਤ-** ਹਰ ਮਾਤਾ-ਪਿਤਾ ਦਾ ਫਰਜ਼ ਬਣਦਾ ਹੈ ਕਿ ਉਹ ਬੱਚਿਆਂ ਦੇ ਸਰਬ-ਪੱਖੀ ਵਿਕਾਸ ਲਈ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਅਪਣਾਉਣ ਤੇ ਹਰ ਜੀਵਨ ਜਾਂਚ ਦੀ ਇਸੇ ਨਜ਼ਰੀਏ ਤੋਂ ਪੜਚੋਲ ਕਰਨ। ਐਵੇਂ ਕਬਰਾਂ, ਮੜ੍ਹੀਆਂ-ਮਸਾਣਾਂ, ਸਾਧਾਂ-ਫਕੀਰਾਂ ਤੇ ਮੂਰਤੀ ਪੂਜਾ ਦੇ ਚੱਕਰਾਂ ਵਿਚ ਨਾ ਪੈਣ ਤੇ ਨਾ ਹੀ ਬੱਚਿਆਂ ਲਈ ਇੱਥੋਂ ਕੁਝ ਮੰਗਣ। ਇੱਥੇ ਗੇੜੇ ਕੱਢਣ ਨਾਲ ਬੱਚਿਆਂ ਵਿਚ ਗਲਤ ਸੰਦੇਸ਼ ਜਾਂਦਾ ਹੈ। ਬੱਚਿਆਂ ਵਿਚ ਸੁਤੰਤਰ ਸੋਚ ਤੇ ਸਵੈ-ਸੰਘਰਸ਼ ਦੀ ਭਾਵਨਾ ਪੈਦਾ ਨਹੀਂ ਹੁੰਦੀ, ਸਗੋਂ ਉਹ ਮਿਹਨਤ ਕਰਨ ਦੀ ਬਜਾਏ ਹਰ ਚੀਜ਼ ਮੱਥੇ ਟੇਕ ਕੇ ਪ੍ਰਾਪਤ ਕਰਨ ਦੀ ਪ੍ਰਵਿਰਤੀ ਪਾਲ ਬੈਠਦਾ ਹੈ? ਜੋ ਉਸ ਦੇ ਜੀਵਨ ਵਿਚੋਂ ਸਾਰੀ ਉਮਰ ਨਹੀਂ ਨਿਕਲਦੀ ਤੇ ਉਹ ਸਰਬ-ਪੱਖੀ ਵਿਕਾਸ ਵਾਲਾ ਮਾਨਵ ਨਹੀਂ ਬਣ ਸਕਦਾ। ਉਸ ਵਿਚ ਹੀਣ ਭਾਵਨਾ ਦੀ ਪ੍ਰਵਿਰਤੀ ਵੀ ਇਸੇ ਅਣਵਿਗਿਆਨਕ ਸੋਚ ਨਾਲ ਹੀ ਪੈਦਾ ਹੁੰਦੀ ਹੈ।

ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਬੱਚਿਆਂ ਵਿਚ ਮੱਥੇ ਰਗੜਨ ਦੀ ਪ੍ਰਵਿਰਤੀ ਨੂੰ ਤਿਆਗ ਕੇ ਸੰਘਰਸ਼ ਦੇ ਰਾਹ ਪੈਣ ਦੀ ਸਿੱਖਿਆ ਦੇਵੇ, ਜਿਸ ਨਾਲ ਦੁਨੀਆਂ ਦੀ ਹਰ ਚੀਜ਼ ਪ੍ਰਾਪਤ ਕੀਤੀ ਜਾ ਸਕਦੀ ਹੈ। ਦੁਨੀਆਂ ਦੀਆਂ ਮਹਾਨ ਸ਼ਖਸੀਅਤਾਂ ਦੇ ਜੀਵਨ ਵੱਲ ਝਾਤ ਮਾਰੀਏ ਤਾਂ ਹਰ ਮਹਾਨ ਵਿਅਕਤੀ ਦੀ ਕਾਮਯਾਬੀ ਦੇ ਪਿੱਛੇ ਉਹਨਾਂ ਦੇ ਮਾਤਾ-ਪਿਤਾ ਦੀ ਯੋਗ ਅਗਵਾਈ ਤੇ ਸੰਘਰਸ਼ ਦੀ ਕਹਾਣੀ ਹੀ ਹੁੰਦੀ ਹੈ। ਇਸ ਸੰਘਰਸ਼ ਕਰਨ ਦੀ ਪ੍ਰਵਿਰਤੀ ਨੂੰ ਉਸ ਦੇ ਮਾਤਾ-ਪਿਤਾ ਨੇ ਹੀ ਜਾਗ ਲਾਉਣਾ ਹੁੰਦਾ ਹੈ ਜਾਂ ਵਾਤਾਵਰਣ ਵਿਚੋਂ ਹੀ ਉਹ ਕਿਸੇ ਸੰਘਰਸ਼ ਯੁਕਤ ਵਿਅਕਤੀ ਨੂੰ ਦੇਖ ਕੇ ਸੰਘਰਸ਼ ਕਰਨ ਲਈ ਪ੍ਰੇਰਿਤ ਹੁੰਦਾ ਹੈ।

ਘਰਾਂ ਵਿਚ ਹੀ ਬਣਾਏ ਗਏ ਪੂਜਾ ਕਰਨ ਦੇ ਸਥਾਨ, ਬੱਚਿਆਂ ਵਿਚ ਹੀਣ ਭਾਵਨਾ ਪੈਦਾ ਕਰਦੇ ਹਨ। ਉਹਨਾਂ ਪੂਜਾ ਸਥਾਨਾਂ ਵਿਚ ਰੱਖੀਆਂ ਗਈਆਂ ਸਾਧਾਂ-ਫਕੀਰਾਂ ਦੀਆਂ ਤਸਵੀਰਾਂ, ਮੂਰਤੀਆਂ ਤੇ ਟੰਗੇ ਗਏ ਕਲੰਡਰ ਮੂੰਹੋਂ ਬੱਚੇ ਨੂੰ ਜਾਂ ਕਿਸੇ ਵਿਅਕਤੀ ਨੂੰ ਮੂੰਹੋਂ ਬੋਲ ਕੇ ਕੋਈ ਉਪਦੇਸ਼ ਨਹੀਂ ਦਿੰਦੇ ਤੇ ਨਾ ਹੀ ਮੱਥਾ ਟੇਕਣ ਨੂੰ ਕਹਿੰਦੇ ਹਨ। ਇਹ ਮਾਤਾ-ਪਿਤਾ ਹੀ ਬੱਚੇ ਨੂੰ ਉਥੇ ਲਿਜਾ ਕੇ ਮੱਥੇ ਟਿਕਾਉਂਦੇ ਹਨ ਤੇ ਆਖਦੇ ਹਨ, 'ਇਹ ਬਾਬਾ ਜੀ ਹਨ, ਇਸ ਨੂੰ ਜੈ ਕਰੋ, ਇਹਨਾਂ ਤੋਂ ਜੋ ਚੀਜ਼ ਤੂੰ ਮੰਗੇਂਗਾ, ਇਹ ਤੇਰੀ ਉਹੀ ਮੁਰਾਦ ਪੂਰੀ ਕਰਨਗੇ।' ਬੱਸ ਇਹੋ ਮੱਥਾ ਟੇਕਣ ਦੀ ਸੋਚ ਬੱਚੇ ਦੇ ਮਨ ਵਿਚ ਘਰ ਕਰ ਜਾਂਦੀ ਹੈ ਤੇ ਉਹ ਮਿਹਨਤ ਨਹੀਂ, ਸਗੋਂ ਮੱਥੇ ਟੇਕ ਕੇ ਆਪਣੀ ਸਫਲਤਾ ਦੀ ਕਾਮਨਾ ਕਰਦਾ ਹੈ। ਬੱਸ ਇਹੀ ਸੋਚ ਬੱਚੇ ਦੇ ਸਰਬ-ਪੱਖੀ ਵਿਕਾਸ ਵਿਚ ਰੁਕਾਵਟ ਬਣਦੀ ਹੈ। ਇਹ ਕਿਰਿਆ ਬੱਚੇ ਦੀ ਧਾਰਮਿਕ ਪ੍ਰਵਿਰਤੀ ਦਾ ਹੀ ਵਿਕਾਸ ਕਰਦੀ ਹੈ। ਮਾਤਾ-ਪਿਤਾ ਨੂੰ ਚਾਹੀਦਾ ਹੈ ਕਿ ਉਹ ਉਸ ਮੂਰਤੀ ਵਾਲੇ ਮਹਾਂਪੁਰਸ਼ ਦੀ ਜੀਵਨੀ ਤੇ ਮਾਨਵਤਾ ਦੀ ਭਲਾਈ ਲਈ ਕੀਤੇ ਗਏ ਕੰਮਾਂ ਦੀ ਜਾਣਕਾਰੀ ਬੱਚੇ ਨੂੰ ਦੇਣ, ਜਿਸ ਤੋਂ ਉਹ ਮਹਾਨ ਵਿਅਕਤੀ ਬਣਨ ਦੀ ਪ੍ਰੇਰਨਾ ਲੈ ਸਕੇ, ਨਾ ਕਿ ਮੱਥੇ ਰਗੜ ਕੇ ਜੀਵਨ ਦੀ ਸਫਲਤਾ ਲਈ ਭੀਖ ਮੰਗੇ। ਮਾਤਾ-ਪਿਤਾ ਬੱਚਿਆਂ ਨੂੰ ਵਿਗਿਆਨਕ ਨਜ਼ਰੀਏ ਨਾਲ ਹੀ ਇਕ ਪ੍ਰਗਤੀਵਾਦੀ, ਵਧੀਆ ਸਰਬ-ਪੱਖੀ ਵਿਕਾਸ ਵਾਲਾ ਮਾਨਵ ਬਣਾ ਸਕਦੇ ਹਨ। ਤੜ੍ਹੀ ਨਾਲ ਗਰਦਨ ਉੱਚੀ ਕਰਕੇ ਜਿਊਣਾ ਹੀ ਅਸਲੀ ਜ਼ਿੰਦਗੀ ਹੈ। ਇਸ ਨਾਲ ਹੀ ਆਪਣੇ ਸਨਮਾਨ ਨੂੰ ਕਾਇਮ ਰੱਖਿਆ ਜਾ ਸਕਦਾ ਹੈ, ਧੌਣ ਨੀਵੀਂ ਕਰਕੇ, ਸ਼ਰਮਸਾਰੀ ਵਿਚ ਜਿਊਣਾ ਵੀ ਕੀ ਜਿਊਣਾ ਹੈ?

ਸਮੁੱਚੇ ਤੌਰ ਤੇ ਉਕਤ ਚਰਚਾ ਦਾ ਸਿੱਟਾ ਇਹ ਨਿਕਲਦਾ ਹੈ ਕਿ ਬੱਚਿਆਂ ਦੇ ਸਰਬ-ਪੱਖੀ ਵਿਕਾਸ ਵਿਚ ਬੱਚਿਆਂ ਦਾ ਵਿਰਸਾ ਤੇ ਵਾਤਾਵਰਣ ਬਹੁਤ ਯੋਗਦਾਨ ਪਾਉਂਦੇ ਹਨ। ਇਸ ਵਿਚ ਮਾਤਾ-ਪਿਤਾ ਦਾ ਫਰਜ਼ ਬਣ ਜਾਂਦਾ ਹੈ ਕਿ ਉਹ ਬੱਚਿਆਂ ਨੂੰ ਬਹੁਤ ਮਿਹਨਤ ਕਰਨ ਦੀ ਆਦਤ ਬਣਾਉਣ ਤਾਂ ਜੋ ਕੁਝ ਨਾ ਕੁਝ ਕਰਦੇ ਹੀ ਨਜ਼ਰ ਆਉਣ। ਇਸ ਨਾਲ ਉਹਨਾਂ ਨੂੰ ਆਪਣੀ ਮੰਜ਼ਿਲ ਤੇ ਵਧੀਆ ਸਰਬਪੱਖੀ ਇਨਸਾਨ ਬਣਨ ਲਈ ਸੰਘਰਸ਼ ਕਰਨ ਦੀ ਆਦਤ ਬਣੇਗੀ। ਬੱਚਿਆਂ ਵਿਚ ਉਦਾਰਤਾ ਦਾ ਗੁਣ ਭਰਨ, ਜਿਸ ਨਾਲ ਉਹ ਘਰ ਵਿਚ ਤੇ ਬਾਹਰੀ ਲੋਕਾਂ ਨਾਲ ਪ੍ਰੇਮ ਭਾਵਨਾ ਨਾਲ ਰਹਿ ਸਕਦਾ ਹੈ, ਜਿੱਥੇ ਉਹ ਆਪਣੀ ਮੰਜ਼ਿਲ ਪ੍ਰਾਪਤ ਕਰਨ ਲਈ ਸੰਘਰਸ਼ ਕਰਦਾ ਹੈ, ਉਥੇ ਉਹ ਪਰਸੁਆਰਥ ਲਈ ਵੀ ਕੰਮ ਕਰੇ, ਕਿਉਂਕਿ ਉਦਾਰਤਾ ਹੀ ਘਰ ਤੇ ਸੰਸਾਰ ਸ਼ਾਂਤੀ ਲਈ ਗਰੰਟੀ ਮੰਨੀ ਜਾਂਦੀ ਹੈ। ਸਫਾਈ ਤੇ ਸਾਦਗੀ ਦੀ ਆਦਤ ਵੀ ਬੱਚੇ ਦੇ ਸਰਬਪੱਖੀ ਵਿਕਾਸ ਵਿਚ ਸਹਾਈ ਹੁੰਦੀ ਹੈ।

ਸਾਦਗੀ ਨਾਲ ਜੀਵਨ ਬਤੀਤ ਕਰਦਿਆਂ ਤੇ ਉੱਚੇ ਖਿਆਲ ਰੱਖਦਿਆਂ ਜਦੋਂ ਅਸੀਂ ਆਪਣਾ ਜੀਵਨ ਬਤੀਤ ਕਰਦੇ ਹਾਂ ਤਾਂ ਬੜੀ ਪ੍ਰਸੰਨਤਾ ਮਿਲਦੀ ਹੈ। ਦਿਖਾਵਾ ਤੇ ਅਡੰਬਰ ਭਰਿਆ ਜੀਵਨ ਕਈ ਮੁਸ਼ਕਿਲਾਂ ਦਾ ਸਾਹਮਣਾ ਕਰਦਾ ਹੈ। ਉੱਚੇ ਚਰਿੱਤਰਵਾਨ ਲੋਕ ਉੱਚੇ ਵਿਚਾਰ ਰੱਖਣ ਤੇ ਸਾਦਗੀ ਨੂੰ ਹੀ ਮਹੱਤਤਾ ਦਿੰਦੇ ਹਨ। ਸਮੇਂ ਦੀ ਕਦਰ ਕਰਨ ਦਾ ਗੁਣ ਹਰ ਵਿਅਕਤੀ ਨੂੰ ਸਨਮਾਨ ਤੇ ਸਤਿਕਾਰ ਦੁਆਉਂਦਾ ਹੈ। ਇਸ ਨਾਲ ਮਨੁੱਖ ਦੁਨੀਆਂ ਦੇ ਉੱਚੇ ਤੋਂ ਉੱਚੇ ਰੁਤਬੇ ਤੇ ਆਪਣੀ ਮੰਜ਼ਿਲ ਨੂੰ ਪ੍ਰਾਪਤ ਕਰ ਲੈਂਦਾ ਹੈ।

ਇਸ ਨਾਲ ਲਗਾਤਾਰਤਾ ਦੀ ਭਾਵਨਾ ਆਉਂਦੀ ਹੈ ਤੇ ਮਨੁੱਖ ਆਪਣੇ ਕਿਸੇ ਵੀ ਕੰਮ ਨੂੰ ਅਧੂਰਾ ਨਹੀਂ ਛੱਡਦਾ। ਨਿਮਰਤਾ, ਸੱਜਣਤਾ, ਸ਼ਿਸ਼ਟਾਚਾਰ, ਮਿੱਠਾ ਬੋਲਣਾ ਤੇ ਸ਼ਰਾਫਤ ਭਰੀ ਜ਼ਿੰਦਗੀ ਬਤੀਤ ਕਰਨ, ਵਰਗੇ ਗੁਣ ਹੀ ਬੱਚਿਆਂ ਨੂੰ ਮਹਾਨ ਇਨਸਾਨ ਬਣਾ ਸਕਦੇ ਹਨ। ਇਹੀ ਗੁਣ ਉਸ ਨੂੰ ਮਾਨਸਿਕ ਖੁਸ਼ੀ ਪ੍ਰਾਪਤ ਕਰਨ ਵਿਚ ਸਹਾਈ ਹੋ ਸਕਦੇ ਹਨ। ਇਹਨਾਂ ਗੁਣਾਂ ਨਾਲ ਹੀ ਦੁਸ਼ਮਣਾਂ ਨੂੰ ਵੀ ਸੱਜਣ ਬਣਾਇਆ ਜਾ ਸਕਦਾ ਹੈ। ਇਸ ਦੇ ਨਾਲ ਹੀ ਜਿੱਥੇ ਮਾਤਾ6ਪਿਤਾ ਆਪਣੇ ਵਿਰਸੇ 'ਚੋਂ ਬੱਚਿਆਂ ਨੂੰ ਵਧੀਆ ਸਿੱਖਿਆ ਦਿੰਦੇ ਹਨ, ਉਸ ਦੇ ਨਾਲ ਹੀ ਉਹ ਬੱਚਿਆਂ ਲਈ ਵਧੀਆ ਵਾਤਾਵਰਣ ਵੀ ਸਿਰਜ ਸਕਦੇ ਹਨ। ਬੱਚਿਆਂ ਨੂੰ ਚੰਗੀ ਸੰਗਤ ਕਰਨ ਲਈ ਤੇ ਨਾਲ ਹੀ ਆਪਣੇ ਚੌਗਿਰਦੇ ਵਿਚੋਂ ਚੰਗਿਆਈਆਂ ਪ੍ਰਾਪਤ ਕਰਨ ਲਈ ਪ੍ਰੇਰਨਾ ਦੇ ਸਕਦੇ ਹਨ।

ਅਸੀਂ ਚੰਗੇ ਮਾਤਾ-ਪਿਤਾ ਤਾਂ ਹੀ ਬਣ ਸਕਦੇ ਹਾਂ ਜੇਕਰ ਅਸੀਂ ਆਪਣੇ ਵਿਰਸੇ ਵਿਚੋਂ ਬੱਚਿਆਂ ਨੂੰ ਚੰਗੇ ਗੁਣ ਦੇ ਸਕਦੇ ਹਾਂ ਤੇ ਉਹਨਾਂ ਲਈ ਇਕ ਵਧੀਆ ਵਾਤਾਵਰਣ ਸਿਰਜ ਸਕਦੇ ਹਾਂ। ਚੰਗੇ ਗੁਣ ਪੈਸਿਆਂ ਨਾਲ ਨਹੀਂ ਖਰੀਦੇ ਜਾ ਸਕਦੇ। ਸਿਰਫ ਮਾਤਾ-ਪਿਤਾ ਵੱਲੋਂ ਬੱਚਿਆਂ ਨੂੰ ਦੱਸੇ ਗਏ ਚੰਗੇ ਉਕਤ ਗੁਣਾਂ ਦੀ ਆਪ ਉਦਾਹਰਣ ਬਣ ਕੇ ਹੀ ਦਿੱਤੇ ਜਾ ਸਕਦੇ ਹਨ। ਵਿਦੇਸ਼ਾਂ ਵਿਚ ਰਹਿੰਦਿਆਂ ਮਾਤਾ-ਪਿਤਾ ਦੀ ਹੋਰ ਵੀ ਜ਼ਿੰਮੇਵਾਰੀ ਵੱਧ ਜਾਂਦੀ ਹੈ ਕਿ ਉਹ ਇੱਥੋਂ ਦੇ ਖੁੱਲ੍ਹੇ ਮਾਹੌਲ ਨੂੰ ਦੇਖਦਿਆਂ, ਆਪਣੇ ਬੱਚਿਆਂ ਨੂੰ ਆਪਣੀ ਸੰਸਕ੍ਰਿਤੀ, ਭਾਸ਼ਾ ਤੇ ਸਭਿਆਚਾਰ ਤੋਂ ਪੂਰੀ ਤਰ੍ਹਾਂ ਜਾਣੂ ਕਰਵਾਉਣ ਤਾਂ ਜੋ ਉਹਨਾਂ ਦੇ ਬੱਚੇ ਵਿਗੜੇ ਹੋਏ ਮਾਹੌਲ ਵਿਚ ਵੀ, ਉਹਨਾਂ ਦੇ ਬਣੇ ਰਹਿਣ ਤੇ ਉਹਨਾਂ ਦਾ ਸਰਬਪੱਖੀ ਵਿਕਾਸ ਵੀ ਹੋਵੇ।

# ਲੋਕ ਵਿਰਸਾ

## "ਕਥਾਵਾਂ ਬਿਸਤ ਦੁਆਬ ਦੀਆਂ"

"ਕਥਾਵਾਂ ਬਿਸਤ ਦੁਆਬ ਦੀਆਂ" ਡਾ. ਜਸਵੰਤ ਰਾਏ ਦਾ ਲੋਕ-ਕਥਾਵਾਂ ਸਬੰਧੀ ਪਲੇਠਾ ਲੋਕ-ਕਥਾ ਸੰਗ੍ਰਹਿ ਹੈ। ਇਹਨਾਂ ਕਥਾਵਾਂ ਦੀ ਚੀਰ-ਫਾੜ ਕਰਦਿਆਂ ਉਸਨੇ ਕੁਰੂਕਸ਼ੇਤਰਾ ਯੂਨੀਵਰਸਿਟੀ ਤੋਂ ਪੀ. ਐਚ. ਡੀ. ਦੀ ਡਿਗਰੀ ਹਾਸਲ ਕੀਤੀ ਹੈ। ਲੋਕ ਕਥਾਵਾਂ ਸਾਡੀ ਸੰਸਕ੍ਰਿਤੀ ਦਾ ਅਮੁੱਲ ਖ਼ਜ਼ਾਨਾ ਹਨ। ਇਸ ਪੁਸਤਕ ਵਿਚ ਸ਼ਾਮਿਲ ਲੋਕ-ਕਥਾਵਾਂ ਦੁਆਬੇ ਦੇ ਬਜੁਰਗਾਂ ਕੋਲੋਂ ਸੁਣ ਕੇ ਲਿਖੀਆਂ ਗਈਆਂ ਹਨ। ਲੋਕ-ਕਥਾਵਾਂ ਪੜ੍ਹਦਿਆਂ ਸਾਨੂੰ ਇੰਜ ਲਗਦਾ ਹੈ ਜਿਵੇਂ ਅਸੀਂ ਆਪਣੇ ਦਾਦਾ-ਦਾਦੀ, ਨਾਨਾ-ਨਾਨੀ ਪਾਸੋਂ ਕਹਾਣੀ ਸੁਣ ਰਹੇ ਹੋਈਏ। ਅੱਜ ਦੇ ਭੱਜ-ਦੌੜ, ਅਨੈਤਿਕ ਅਤੇ ਅਮਾਨਵੀ ਵਰਤਾਰੇ ਵਾਲੀ ਜ਼ਿੰਦਗੀ ਵਿਚ ਇਹ ਕਥਾਵਾਂ ਪੜ੍ਹ ਕੇ ਸਕੂਨ ਮਿਲਦਾ ਹੈ।

ਅਦਾਰਾ "ਦੇਸ਼ ਦੁਆਬਾ", ਇਸ ਪੁਸਤਕ ਨੂੰ ਛਾਪ ਕੇ ਮਾਣ ਮਹਿਸੂਸ ਕਰ ਰਿਹਾ ਹੈ। "ਦੇਸ਼ ਦੁਆਬਾ" ਦੇ ਪਾਠਕਾਂ ਲਈ ਅਸੀਂ ਆਉਣ ਵਾਲੇ ਅੰਕਾਂ ਵਿਚ ਲੋਕ ਕਥਾ ਦੀ ਮਹੱਤਤਾ ਨੂੰ ਦੇਖਦੇ ਹੋਏ ਇਸ ਪੁਸਤਕ ਦੀ ਭੂਮਿਕਾ ਤੇ ਮੁਖਬੰਦ ਅਤੇ ਵਿਰਸੇ ਦੀ ਪੇਸ਼ਕਾਰੀ ਕਰਦੀਆਂ ਲੋਕ-ਕਥਾਵਾਂ ਲਗਾਤਾਰ ਛਾਪਣ ਜਾ ਰਹੇ ਹਾਂ ।ਇਸ ਅੰਕ ਵਿਚ, ਅਸੀਂ ਡਾ. ਰੌਣਕੀ ਰਾਮ ਜੀ ਦੀ ਸੰਖੇਪ ਟਿਪਣੀ ਅਤੇ "ਕਥਾਵਾਂ ਬਿਸਤ ਦੁਆਬ ਦੀਆਂ" ਵਿਚੋਂ 'ਵਿਸਵਾਸ' ਨਾਲ ਸ਼ੁਰੂਆਤ ਕਰ ਰਹੇ ਹਾਂ:

**– ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ ਹਫਤਾਵਾਰੀ "ਦੇਸ਼ ਦੁਆਬਾ"**




## ਡਾ. ਰੌਣਕੀ ਰਾਮ ਦੀ ਸੰਖੇਪ ਟਿੱਪਣੀ



ਡਾ. ਜਸਵੰਤ ਰਾਏ ਨੇ ਦੁਆਬੇ ਦੀਆਂ ਲੋਕ ਕਥਾਵਾਂ ਨੂੰ ਸਾਂਭ ਕੇ ਬਹੁਤ ਵਧੀਆ ਉਪਰਾਲ਼ਾ ਕੀਤਾ ਹੈ, ਜਿਸਦੀ ਇਸ ਖਿੱਤੇ ਦੇ ਲੋਕਾਂ ਵਿਚ ਹੀ ਨਹੀਂ ਬਲਕਿ ਵੱਖ-ਵੱਖ ਸਥਾਨਾਂ ਵਿਚ ਚਰਚਾ ਅਜਿਹੀ ਸੋਚ ਨੂੰ ਉਤਸ਼ਾਹਿਤ ਕਰੇਗੀ। ਇਸ ਪੁਸਤਕ ਨੂੰ ਪੂਰਨ ਹੋਣ ਵਿਚ ਪ੍ਰੇਮ ਕੁਮਾਰ ਚੁੰਬਰ ਜੋ ਕਿ ਸੈਕਰਾਮੈਂਟੋ (ਕੈਲੇਫੋਰਨੀਆ) (ਅਮਰੀਕਾ) ਵਿਚ ਦੁਆਬੇ ਦੀ ਧਰਤੀ ਤੋਂ ਉੱਠ ਕੇ ਵਸੇ ਹੋਏ ਹਨ ਨੇ ਮਾਲੀ ਮੱਦਦ ਰਾਹੀਂ ਯੋਗਦਾਨ ਪਾਇਆ ਹੈ। ਉਹਨਾਂ ਦਾ ਅਜਿਹਾ ਉਦਮ ਤੇ ਡਾ. ਜਸਵੰਤ ਰਾਏ ਵਲੋਂ ਮਾਰਿਆ ਇਹ ਵੱਡਾ ਹੰਭਲਾ ਆਉਣ ਵਾਲੇ ਸਮੇਂ ਵਿਚ ਇਸ ਤਰ੍ਹਾਂ ਦੀਆਂ ਹੋਰ ਵਧੀਆ ਕਿਰਤਾਂ ਨੂੰ ਉਜਾਗਰ ਹੋਣ ਵਿਚ ਮੱਦਦਗਾਰ ਸਿੱਧ ਹੋਵੇਗਾ। ਪ੍ਰੇਮ ਕੁਮਾਰ ਚੁੰਬਰ ਅਤੇ ਡਾ. ਜਸਵੰਤ ਰਾਏ ਬਹੁਤ-ਬਹੁਤ ਵਧਾਈ ਦੇ ਹੱਕਦਾਰ ਹਨ। ਮੈਂ ਉਮੀਦ ਕਰਦਾ ਹਾਂ ਕਿ ਉਨ੍ਹਾਂ ਦੀ ਇਸ ਪੁਸਤਕ ਨੂੰ ਬਹੁਤ ਵੱਡਾ ਲੋਕ ਹੁੰਗਾਰਾ ਮਿਲੇਗਾ..।"

## "ਕਥਾਵਾਂ ਬਿਸਤ ਦੁਆਬ ਦੀਆਂ" ਦੀ ਪਹਿਲੀ ਕਿਸ਼ਤ

# ਵਿਸ਼ਵਾਸ

ਇਕ ਵਾਰ ਇਕ ਹਿੰਦੂ ਅਤੇ ਮੁਸਲਮਾਨ ਵਿਚ ਝਗੜਾ ਹੋ ਗਿਆ। ਉਹ ਕਹਿੰਦਾ ਮੇਰਾ ਰੱਬ ਸੱਚਾ ਤੇ ਮੁਸਲਮਾਨ ਕਹਿੰਦਾ ਮੇਰਾ ਰੱਬ ਸੱਚਾ। ਦੋਵੇਂ ਪੈਰਾਂ ਤੇ ਪਾਣੀ ਨਾ ਪੈਣ ਦੇਣ। ਲਾਗੇ ਈ ਇਕ ਪਿੱਪਲ ਦਾ ਦਰੱਖਤ ਸੀ। ਦੋਹਾਂ ਨੇ ਸ਼ਰਤ ਲਾ ਲਈ। ਬਈ ਅਸੀਂ ਆਪਣੇ ਆਪਣੇ ਰੱਬ ਨੂੰ ਧਿਆ ਕੇ ਇਸ ਪਿੱਪਲ ਦੇ ਦਰੱਖਤ ਤੋਂ ਛਾਲ ਮਾਰਾਂਗੇ। ਦੋਹਾਂ ਵਿਚੋਂ ਛਾਲ ਮਾਰਨ ਤੋਂ ਬਾਅਦ ਜਿਹੜਾ ਸਹੀ ਸਲਾਮਤ ਬਚਿਆ ਉਸਦਾ ਰੱਬ ਸੱਚਾ ਮੰਨਿਆ ਜਾਵੇਗਾ।

ਪਹਿਲ ਮੁਸਲਮਾਨ ਦੀ ਆ ਗਈ। ਮੁਸਲਮਾਨ ਦਰੱਖਤ ਤੇ ਚੜ੍ਹਿਆ। ਆਪਣੇ ਮੁਰਸ਼ਦ ਨੂੰ ਯਾਦ ਕੀਤਾ। ਅਖੇ ਜਾ ਅੱਲ੍ਹਾ ਮੇਰੀ ਰੱਖਿਆ ਕਰੀਂ, ਕਹਿ ਕੇ ਛਾਲ ਮਾਰ ਦਿੱਤੀ। ਮੁਸਲਮਾਨ ਨੂੰ ਕੁਝ ਨਾ ਹੋਇਆ। ਉਹ ਨੌਂ ਬਰ ਨੌਂ ਉਠ ਕੇ ਖੜ੍ਹਾ ਹੋ ਗਿਆ।

ਫਿਰ ਵਾਰੀ ਆ ਗਈ ਹਿੰਦੂ ਦੀ। ਹਿੰਦੂ ਪਿੱਪਲ ਦੇ ਦਰੱਖਤ ਤੇ ਚੜ੍ਹਿਆ। ਅੱਖਾਂ ਬੰਦ ਕਰਕੇ, ਹੱਥ ਜੋੜ ਕੇ ਕਹਿਣ ਲੱਗਾ, "ਹੇ ਰਾਮ ਮੇਰੀ ਰੱਖਿਆ ਕਰੀਂ, ਹੇ ਕ੍ਰਿਸ਼ਨ ਮੇਰੀ ਰੱਖਿਆ ਕਰੀਂ, ਹੇ ਮਾਤਾ ਮੇਰੀ ਰੱਖਿਆ ਕਰੀਂ। ਇੰਨਾ ਕਹਿ ਕੇ ਹਿੰਦੂ ਨੇ ਵੀ ਛਾਲ ਮਾਰ ਦਿੱਤੀ। ਜਿਉਂ ਹੀ ਹਿੰਦੂ ਧਰਤੀ ਉਤੇ ਡਿੱਗਿਆ ਉਸਦੀਆਂ ਦੋਵੇਂ ਲੱਤਾਂ ਟੁੱਟ ਗਈਆਂ। ਸਿਗਾ ਹਿੰਦੂ ਵੀ ਬੜਾ ਭਗਤ। ਉਸਨੇ ਫਿਰ ਪ੍ਰਮਾਤਮਾ ਅੱਗੇ ਅਰਦਾਸ ਕੀਤੀ, ਹੇ ਪ੍ਰਮਾਤਮਾ! ਇਹ ਮੇਰੇ ਨਾਲ ਅੱਜ ਕੀ ਹੋਇਆ। ਮੁਸਲਮਾਨ ਨੇ ਅੱਲ੍ਹਾ ਕਿਹਾ ਉਸਦਾ ਬਚਾਅ ਹੋ ਗਿਆ ਤੇ ਮੇਰੇ ਨਾਲ ਤੇਰਾ ਨਾਂ ਲੈਣ ਦੇ ਬਾਵਜੂਦ ਇਹ ਹਾਲ ਹੋਇਆ।"

ਪ੍ਰਮਾਤਮਾ ਹਿੰਦੂ ਦੀ ਗੱਲ ਸੁਣ ਕੇ ਆਪ ਹਾਜ਼ਰ ਹੋ ਗਿਆ। ਪ੍ਰਮਾਤਮਾ ਕਹਿਣ ਲੱਗਾ, "ਓ ਮੂਰਖ ਮੈਂ ਤੇਰੀ ਪ੍ਰਾਰਥਨਾ ਤੇ ਵੀ ਆਉਣ ਲੱਗਾ ਸੀ। ਮੈਂ ਪਹਿਲਾਂ ਰਾਮ ਵਾਲੇ ਕੱਪੜੇ ਪਹਿਨੇ, ਤੂੰ ਹੇ ਕ੍ਰਿਸ਼ਨ ਕਹਿ ਦਿੱਤਾ। ਮੈਂ ਕ੍ਰਿਸ਼ਨ ਦੇ ਭੇਸ 'ਚ ਆਉਣ ਲੱਗਾ। ਤੂੰ ਫਿਰ ਹੇ ਮਾਤਾ ਆਖ ਕੇ ਮਾਤਾ ਨੂੰ ਯਾਦ ਕਰ ਲਿਆ। ਹੁਣ ਮਾਤਾ ਦੇ ਭੇਸ 'ਚ ਮੈਨੂੰ ਸਾੜ੍ਹੀ ਬੰਨ੍ਹਣ ਨੂੰ ਤਾਂ ਸਮਾ ਲੱਗਣਾ ਹੀ ਸੀ। ਤੂੰ ਜਦ ਨੂੰ ਛਾਲ ਮਾਰ ਦਿੱਤੀ। ਹੁਣ ਤੂੰ ਹੀ ਦੱਸ ਤੇਰਾ ਵਿਸ਼ਵਾਸ ਹੀ ਇਕ ਥਾਂ ਨਹੀਂ ਟਿਕਿਆ ਤੇ ਮੈਂ ਤੇਰੀ ਮਦਦ ਕਿਸ ਤਰ੍ਹਾਂ ਕਰਦਾ।"

**– ਡਾ. ਜਸਵੰਤ ਰਾਏ**



# ਦੁਆਬੇ ਦੇ ਲੋਕ-ਗੀਤ ਅਤੇ ਡਾ. ਕਰਮਜੀਤ ਸਿੰਘ



ਡਾ.ਕਰਮਜੀਤ ਸਿੰਘ

ਦੁਆਬੇ ਦੇ ਲੋਕ ਗੀਤਾਂ ਤੇ ਨਿੱਠ ਕੇ ਕੰਮ ਕਰਨ ਵਾਲਾ ਡਾ. ਕਰਮਜੀਤ ਸਿੰਘ ਵੱਡਾ ਵਿਦਵਾਨ ਹੈ। ਉਸ ਦੀ ਵਿਦਵਤਾ ਦਾ ਪਤਾ ਇੱਥੋਂ ਲਗਦਾ ਹੈ ਕਿ ਉਸ ਕੋਲੋਂ 125 ਵਿਦਿਆਰਥੀ ਐੱਮ. ਫਿੱਲ. ਅਤੇ 30 ਵਿਦਿਆਰਥੀ ਪੀ. ਐੱਚ. ਡੀ. ਦੀਆਂ ਡਿਗਰੀਆਂ ਪ੍ਰਾਪਤ ਕਰਕੇ ਸਿਖਣ ਸਿਖਾਉਣ ਦੀਆਂ ਪ੍ਰਕਿਰਿਆਵਾਂ ਵਿਚ ਆਪਣਾ ਯੋਗਦਾਨ ਪਾ ਰਹੇ ਹਨ। ਦੁਆਬੇ ਦੇ ਲੋਕ ਗੀਤ ਇਕੱਤਰ ਕਰਨ ਲਈ ਡਾ. ਸਾਹਿਬ ਦੁਆਬੇ ਦੇ ਪਿੰਡ ਪਿੰਡ ਵਿਚ ਫੱਕਰਾਂ ਦੀ ਤਰ੍ਹਾਂ ਘੁੰਮੇ ਹਨ।

ਇਸ ਸਖਤ ਮਿਹਨਤ ਨਾਲ ਉਹਨਾਂ ਨੇ ਦੁਆਬੇ ਦੇ ਢਾਈ ਹਜ਼ਾਰ ਦੇ ਲਗਭਗ ਲੋਕ ਗੀਤਾਂ ਨੂੰ ਰਿਕਾਰਡ ਕਰਕੇ ਛਪਵਾ ਕੇ ਪਾਠਕਾਂ ਦੇ ਹੱਥਾਂ ਵਿਚ ਪਹੁੰਚਾਇਆ ਹੈ। ਇੰਨਾ ਹੀ ਨਹੀਂ ਇਹਨਾਂ ਲੋਕ ਗੀਤਾਂ ਦੀਆਂ ਧੁੰਨਾਂ ਨੂੰ ਵੀ ਸੰਭਾਲਿਆ ਹੈ। ਕਿਉਂਕਿ ਧੁੰਨਾਂ ਨਾਲ ਹੀ ਲੋਕ ਗੀਤ ਦੇ ਅਸਲ ਰੰਗ ਦਾ ਪਤਾ ਲਗਦਾ ਹੈ।

ਲੋਕ ਗੀਤ ਸਾਡੀਆਂ ਭਾਵਨਾਵਾਂ ਦੀ ਤਰਜ਼ਮਾਨੀ ਕਰਦੇ ਹਨ। ਇਹਨਾਂ ਵਿਚ ਸਾਡਾ ਸਾਰਾ ਸਭਿਆਚਾਰ ਸਮੋਇਆ ਹੋਇਆ ਹੈ। ਕਿਸੇ ਨੇ ਠੀਕ ਹੀ ਕਿਹਾ ਕਿ ਤੁਸੀਂ ਮੈਨੂੰ ਕਿਸੇ ਦੇਸ਼ ਦੇ ਸਾਰੇ ਲੋਕ ਗੀਤ ਲਿਆ ਕੇ ਦੇ ਦਿਓ ਮੈਂ ਇਹਨਾਂ ਲੋਕ ਗੀਤਾਂ ਤੋਂ ਉਸ ਦੇਸ਼ ਦਾ ਇਤਿਹਾਸ ਲਿਖ ਦਿਆਂਗਾ।

ਇਸ ਅੰਕ ਤੋਂ ਹਫਤਾਵਾਰੀ ਅਖ਼ਬਾਰ "ਦੇਸ਼ ਦੁਆਬਾ" ਆਪਣੇ ਹਰ ਅੰਕ ਵਿਚ ਡਾ. ਕਰਮਜੀਤ ਸਿੰਘ ਦੁਆਰਾ ਦੁਆਬੇ ਦੇ ਇਕੱਠੇ ਕੀਤੇ ਲੋਕ ਗੀਤਾਂ ਵਿਚੋਂ ਇਕ ਇਕ ਗੀਤ ਸਮੀਖਿਆ ਸਹਿਤ ਛਾਪਣ ਦੀ ਖ਼ੁਸ਼ੀ ਲੈ ਰਿਹਾ ਹੈ।

ਮੈਨੂੰ ਪੂਰੀ ਆਸ ਹੈ ਕਿ ਜਦੋਂ ਤੁਸੀਂ ਇਹਨਾਂ ਲੋਕ ਗੀਤਾਂ ਨੂੰ ਪੜ੍ਹੋਗੇ, ਗੁਣਗੁਣਾਓਗੇ ਤਾਂ ਸੱਤ ਸਮੁੰਦਰੋਂ ਪਾਰ ਬੈਠੇ ਵੀ ਆਪਣੇ ਪਿੰਡ ਦੀਆ ਸੱਥਾਂ, ਰੀਤਾਂ ਰਿਵਾਜ਼ਾਂ, ਕਲਚਰ ਨਾਲ ਜੁੜੋਗੇ। ਇਸ ਅੰਕ ਵਿਚ ਅਸੀਂ ਸ਼ੁਰੂਆਤ ਡਾ. ਕਰਮਜੀਤ ਸਿੰਘ ਹੁਰਾਂ ਦੇ ਆਪਣੇ ਸ਼ਬਦਾਂ ਨਾਲ ਕਰਨ ਜਾ ਰਹੇ ਹਾਂ:

**– ਡਾ ਜਸਵੰਤ ਰਾਏ**

## ਲੋਕ ਗੀਤਾਂ ਦੇ ਨਾਲ ਤੁਰਦਿਆਂ

### ਪੁਸਤਕ ਬਾਰੇ ਸੰਖੇਪ ਟਿੱਪਣੀ

ਲੋਕ ਗੀਤਾਂ ਦੀਆਂ ਪੈੜਾਂ ਨੱਪਦਿਆਂ ਅਤੇ ਆਪਣੇ ਅਨੁਭਵ ਪਾਠਕਾਂ ਨਾਲ ਸਾਂਝੇ ਕਰਦਿਆਂ ਕਈ ਸਾਲ ਪਹਿਲਾਂ ਜੀਵੇ ਅਨੁਭਵਾਂ ਨੂੰ ਦੁਬਾਰਾ ਜੀਉਣ ਦਾ ਮੌਕਾ ਬਣਿਆ। ਮੇਰੇ ਲਈ ਇਹ ਪਲ ਇਕ ਵੱਖਰੀ ਤਰ੍ਹਾਂ ਦੀ ਸਿਰਜਣਾ ਦੇ ਪਲ ਸਨ। ਇਹਨਾਂ ਗੀਤਾਂ ਦੇ ਅਨੁਭਵਾਂ ਨੂੰ ਪੁਨਰ-ਸਿਰਜਣ ਸਮੇਂ ਲੋਕ ਗੀਤਾਂ ਦੇ ਅਨੇਕਾਂ ਪੱਖ ਵੀ ਸਾਹਮਣੇ ਆਏ। ਆਰਥਿਕਤਾ ਕਿਵੇਂ ਭਾਵਨਾਵਾਂ ਤੱਕ ਨੂੰ ਪ੍ਰਭਾਵਿਤ ਕਰਦੀ ਹੈ? ਇਤਿਹਾਸ ਕਿਵੇਂ ਲੋਕ ਮਾਨਸਿਕਤਾ ਦਾ ਹਿੱਸਾ ਬਣਦਾ ਹੈ? ਸਮਾਜ ਦੀਆਂ ਜਾਤੀਗਤ ਤੇ ਹੋਰ ਅਨੇਕਾਂ ਵਿਰੋਧਤਾਈਆਂ ਕਿਵੇਂ ਨਵੇਂ-ਨਵੇਂ ਰੂਪ ਧਾਰਨ ਕਰ ਕੇ ਸਾਹਮਣੇ ਆਉਂਦੀਆਂ ਹਨ? ਕਿਵੇਂ ਅਨੁਕੂਲਿਤ (ਕੰਡੀਸ਼ਨਡ) ਹੋਣ ਕਾਰਨ ਲੋਕ ਆਪਣੇ ਵਿਰੋਧੀ ਵਿਚਾਰਾਂ ਨੂੰ ਵੀ ਆਤਮਸਾਤ ਕਰ ਲੈਂਦੇ ਹਨ? ਤੇ ਕਿਵੇਂ ਲੋਕ ਕਾਵਿ-ਬਿਰਤਾਂਤ ਦੂਸਰੇ ਬਿਰਤਾਂਤ ਤੋਂ ਵੱਖਰਾ ਹੈ? ਆਦਿ ਪ੍ਰਸ਼ਨ ਅਤੇ ਇਹਨਾਂ ਦੇ ਜਵਾਬ ਲੋਕ ਗੀਤਾਂ ਦੀਆਂ ਪੈੜਾਂ ਲੱਭਦਿਆਂ ਮੇਰਾ ਪਿੱਛਾ ਕਰਦੇ ਹਨ।

"ਲੋਕ ਗੀਤਾਂ ਦੀ ਪੈੜ" ਛਪਣ ਤੋਂ ਬਾਅਦ ਮੈਂ ਇਹ ਮਹਿਸੂਸ ਕੀਤਾ ਕਿ ਅਜੇ ਵੀ ਬਹੁਤ ਸਾਰੇ ਬਿਰਤਾਂਤ ਗੀਤ ਵਿਚਾਰ ਦੇ ਮੁਹਤਾਜ ਹਨ, ਜਿਹਨਾਂ ਨੂੰ ਮੈਂ ਖੇਤਰੀ ਕਾਰਜ ਸਮੇਂ ਇਕੱਤਰ ਕੀਤਾ ਸ। ਇਸੇ ਵਿਚਾਰ ਨੂੰ ਸਾਕਾਰ ਕਰਦਿਆਂ ਮੈਂ ਪ੍ਰਸਤੁਤ ਦੇ ਤੇਈ ਲੇਖ ਲਿਖਣ ਵਿਚ ਸਫਲ ਹੋਇਆ ਹਾਂ। ਪਾਠਕਾਂ ਸਾਹਮਣੇ ਇਨ੍ਹਾਂ ਨੂੰ ਪੇਸ਼ ਕਰਦਿਆਂ ਮੈਨੂੰ ਅਤਿਅੰਤ ਪ੍ਰਸੰਨਤਾ ਹੋ ਰਹੀ ਹੈ। ਲੋਕ ਗੀਤਾਂ ਦੀ ਪੈੜ ਵਿਚ ਲੋਕ ਗੀਤਾਂ ਦੇ ਨਾਲ-ਨਾਲ, ਇਨ੍ਹਾਂ ਦੇ ਨਾਲ ਜੁੜੇ ਖੱਟੇ ਮਿੱਠੇ ਅਨੁਭਵਾਂ ਨੂੰ ਵੀ ਮੈਂ ਪਿੱਠ-ਭੂਮੀ ਵਜੋਂ ਲਿਖ ਦਿੱਤਾ ਸੀ ਤਾਂ ਕਿ ਖੇਤਰੀ ਕਾਰਜ ਦੀਆਂ ਦੁਸ਼ਵਾਰੀਆਂ ਦਾ ਵੀ ਕੁਝ ਅੰਦਾਜ਼ਾ ਲਗਾਇਆ ਜਾ ਸਕੇ। ਇਸ ਪੁਸਤਕ ਵਿਚ ਵੀ ਮੈਂ ਖੇਤਰੀ ਕਾਰਜ ਸਮੇਂ ਦੇ ਕੁਝ ਵੇਰਵੇ ਦੇਣ ਦਾ ਮੋਹ ਤਿਆਗ ਨਹੀਂ ਸਕਿਆ। ਪ੍ਰੰਤੂ ਇਹ ਲੇਖ ਗੀਤ ਦੇ ਇਕ-ਇਕ ਸ਼ਬਦ ਦੇ ਇਕ-ਇਕ ਪੰਗਤੀ ਦੇ ਨਾਲ-ਨਾਲ ਆਪਣਾ ਸਫਰ ਕਰਦਿਆਂ ਸਮੁੱਚੇ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗਾਂ ਨੂੰ ਵਿਚਾਰ ਅਧੀਨ ਲਿਆਉਂਦੇ ਤੇ ਕਿਸੇ ਨਤੀਜੇ 'ਤੇ ਪਹੁੰਚਦੇ ਹਨ। ਵਿਸ਼ਲੇਸ਼ਣ ਦੀ ਇਹ ਵਿਧੀ ਅਸਲ ਵਿਚ ਪਿਛਲੇ ਕਈ ਸਾਲਾਂ ਦੇ ਪੰਜਾਬੀ ਆਲੋਚਨਾਤਮਕ ਵਾਤਾਵਰਣ ਦੀ ਦੇਣ ਹੈ।

ਪਿਛਲੇ ਕੁਝ ਦਹਾਕਿਆਂ ਤੋਂ ਮਾਰਕਸਵਾਦੀ ਚਿੰਤਨ ਤੇ ਨਵੀਆਂ ਆਲੋਚਨਾਤਮਕ ਪ੍ਰਣਾਲੀਆਂ ਦਾ ਟਕਰਾਅ ਰਿਹਾ ਹੈ। ਇਸ ਟਕਰਾਅ ਵਿਚੋਂ ਦੋਹਾਂ ਧਿਰਾਂ ਦਾ ਵਿਕਾਸ ਹੋਇਆ ਹੈ। ਬਿਨਾਂ ਆਪਣੀਆਂ-ਆਪਣੀਆਂ ਪੁਜ਼ੀਸ਼ਨਾਂ ਛੱਡੀਆਂ। ਜਿਹਨਾਂ ਆਪਣੀਆਂ ਪੁਜ਼ੀਸ਼ਨਾਂ ਛੱਡ ਦਿੱਤੀਆਂ ਹਨ ਉਹ ਘਰ ਦੇ ਰਹੇ ਹਨ ਨਾ ਘਾਟ ਦੇ। ਮੈਂ ਮੂਲ ਰੂਪ ਵਿਚ ਮਾਰਕਸਵਾਦੀ ਵਿਚਾਰਾਂ ਨਾਲ ਜੁੜਿਆ ਹੋਇਆ ਹਾਂ। ਪ੍ਰੰਤੂ ਨਵੀਨ ਪ੍ਰਣਾਲੀਆਂ ਦੇ ਨਿਕਟਵਰਤੀ ਅਧਿਐਨ ਤੋਂ ਮੈਂ ਬਹੁਤ ਕੁਝ ਸਿੱਖਿਆ ਹੈ। ਪ੍ਰੰਤੂ ਮੈਂ ਨਿਕਟਵਰਤੀ ਅਧਿਐਨ ਕਰਨ ਸਮੇਂ ਸਮਾਜਿਕ ਸਰੋਕਾਰਾਂ, ਸਭਿਆਚਾਰਕ ਪ੍ਰਸੰਗਾਂ ਤੇ ਵਿਚਾਧਾਰਕ ਵਿਰੋਧਾਂ ਨੂੰ ਹਮੇਸ਼ਾ ਧਿਆਨ ਵਿਚ ਰੱਖਿਆ ਹੈ।

ਨਵੀਆਂ ਵਿਧੀਆਂ ਇਨ੍ਹਾਂ ਸਾਰੇ ਸਰੋਕਾਰਾਂ ਨੂੰ ਡੂੰਘਾਈ ਵਿਚ ਸਮਝਣ ਵਿਚ ਸਹਾਈ ਹੋ ਸਕਦੀਆਂ ਹਨ। ਆਪਣੇ ਆਪ ਵਿਚ ਇਹਨਾਂ ਵਿਧੀਆਂ ਦਾ ਅਧਿਐਨ ਮਕਾਨਕੀ ਕਸਰਤ ਤੋਂ ਇਲਾਵਾ ਹੋਰ ਕੁਝ ਨਹੀਂ। ਸਮਾਜ ਸਭਿਆਚਾਰਕ ਪ੍ਰਸੰਗਾਂ ਤੋਂ ਬਗੈਰ ਅਧਿਐਨ ਨਿਪੁੰਸਕ ਹੈ ਜੋ ਆਪਣੀ ਸਮਾਜ-ਸਭਿਆਚਾਰਕ ਭੂਮਿਕਾ ਪਛਾਨਣ ਤੋਂ ਅਸਮਰੱਥ ਹੈ ਜਾਂ ਫਿਰ ਉਹ ਕਿਸੇ ਹੋਰ ਵਿਚਾਰਧਾਰਾ ਦੀ ਝੋਲੀ ਵਿਚ ਜਾ ਪਿਆ ਹੈ। ਜੋ ਸਮਾਜ ਸਭਿਆਚਾਰ ਦੇ ਪ੍ਰਗਤੀਸ਼ੀਲ ਅੰਸ਼ਾਂ ਨੂੰ ਮਲੀਆਮੇਟ ਕਰਨਾ ਚਾਹੁੰਦੀ ਹੈ। ਇਹਨਾਂ ਵਿਚਾਰਧਾਰਕ ਪ੍ਰਸੰਗਾਂ ਵਿਚ ਹੀ ਮੈਂ ਲੋਕ ਗੀਤਾਂ ਦੇ ਨਾਲ ਨਾਲ ਤੁਰਨ ਦਾ ਯਤਨ ਕੀਤਾ ਹੈ।

ਮੈਂ ਇਸ ਗੱਲ ਤੋਂ ਸੰਤੁਸ਼ਟ ਹਾਂ ਕਿ ਅਜਿਹਾ ਕਰਦਿਆਂ ਪੰਜਾਬੀ ਲੋਕ ਗੀਤਾਂ ਦੇ ਬਹੁਤ ਸਾਰੇ ਪੱਖ ਸਾਹਮਣੇ ਆਏ ਹਨ। ਇੱਥੇ ਕੁਝ ਇਕ ਦਾ ਜ਼ਿਕਰ ਕਰਨਾ ਚਾਹਾਂਗਾ। ਇਹਨ੍ਹਾਂ ਗੀਤਾਂ ਤੋਂ ਬਾਰ ਬਾਰ ਇਹ ਪ੍ਰਮਾਣਿਤ ਹੁੰਦਾ ਹੈ ਕਿ ਜੋ ਰਿਸ਼ਤੇ ਜਾਇਦਾਦੀ ਰਿਸ਼ਤਿਆਂ ਤੋਂ ਉਪਰ ਹਨ, ਉਹਨਾਂ ਵਿਚ ਹੀ ਮਾਨਵੀ ਮੋਹ ਦੀ ਖੁਸ਼ਬੂ ਵਧੇਰੇ ਹੈ। ਆਰਥਿਕ ਪ੍ਰਸਥਿਤੀਆਂ ਕਿੰਨੀਆਂ ਵੀ ਵਿਕਟ ਕਿਉਂ ਨਾ ਹੋਣ, ਲੋਕਾਂ ਦੀਆਂ ਰੰਗੀਨ ਕਲਪਨਾ ਸ਼ਕਤੀਆਂ ਨੂੰ ਕਦੇ ਵੀ ਬੰਨ੍ਹ ਨਹੀਂ ਲਾਇਆ ਜਾ ਸਕਦਾ। ਅਜਿਹੀਆਂ ਰੰਗੀਨ ਤੇ ਅਮੋੜ ਕਲਪਨਾਵਾਂ ਦਾ ਸੁਹਜ ਇਹਨਾਂ ਗੀਤਾਂ ਵਿਚ ਥਾਂ-ਥਾਂ ਬਿਖਰਿਆ ਪਿਆ ਹੈ। ਇਹਨਾਂ ਲੋਕ ਗੀਤਾਂ ਦੀ ਸਿਰਜਕ ਔਰਤ ਸਿਰੜੀ ਤੇ ਮਿਹਨਤੀ ਹੈ ਜੋ ਕਿਸੇ ਨਾ ਕਿਸੇ ਆਹਰੇ ਲੱਗੀ ਹੋਈ ਹੈ। ਉਹ ਪਾਣੀ ਲਿਆਉਂਦੀ, ਕੱਤਦੀ, ਸੀਂਦੀ-ਪਰੋਂਦੀ, ਤਣਦੀ-ਬੁਣਦੀ, ਆਟਾ ਛਾਣਦੀ-ਪੀਂਹਦੀ ਤੇ ਹੋਰ ਜੀਵਨ ਨਿਰਬਾਹ ਦੇ ਕੰਮ-ਧੰਦਿਆਂ ਵਿਚ ਜੁਟੀ ਹੋਈ ਨਜ਼ਰ ਆਉਂਦੀ ਹੈ।

ਲੋਕ ਗੀਤਾਂ ਵਿਚ ਸਭਿਆਚਾਰਕ ਵੇਰਵੇ, ਪਾਤਰਾਂ ਦੇ ਦੁੱਖਾਂ ਸੁੱਖਾਂ, ਖੁਸ਼ੀਆਂ-ਗਮੀਆਂ ਨਾਲ ਮਿਲ ਕੇ ਬਿਲਕੁਲ ਵੱਖਰੀ ਤਰ੍ਹਾਂ ਦਾ ਸੁਹਜ ਸਿਰਜਦੇ ਹਨ। ਪਲੰਗ ਰੰਗੀਲੇ ਤੋਂ ਲੈ ਕੇ ਡੋਰੀਏ ਤੱਕ ਦੇ ਵੇਰਵੇ ਲੋਕ ਗੀਤ ਬਿਰਤਾਂਤਾਂ ਵਿਚ ਝਗੜਿਆਂ-ਮਨੇਵਿਆਂ ਦਾ ਕਾਰਨ ਬਣਦੇ ਨਜ਼ਰ ਆਉਂਦੇ ਹਨ। ਸਮੂਹਿਕ ਅਵਚੇਤਨ ਨਾਲ ਜੁੜੇ ਹੋਣ ਕਾਰਨ ਲੋਕ ਗੀਤ, ਲੋਕ ਮਨ ਨੂੰ ਪੜ੍ਹਨ ਦਾ ਸਭ ਤੋਂ ਭਰੋਸੇਯੋਗ ਸਰੋਤ ਹਨ। ਸੌਕਣਾਂ ਵਰਗੇ ਪਾਤਰਾਂ ਦੀ ਮਾਨਸਿਕਤਾ ਨੂੰ ਸਮਝਣਾ ਹੋਵੇ ਤਾਂ ਲੋਕ ਗੀਤਾਂ ਤੋਂ ਵਧੇਰੇ ਵਿਸ਼ਵਾਸਯੋਗ ਟੈਕਸਟ ਹੋਰ ਕੋਈ ਨਹੀਂ। ਲੋਕ ਗੀਤਾਂ ਰਾਹੀਂ ਰਿਸ਼ਤੇਦਾਰੀ ਪ੍ਰਬੰਧ ਦੇ ਅਨੇਕਾਂ ਰੰਗ ਉਘੜਦੇ ਹਨ। ਲੋਕ ਗੀਤਾਂ ਵਿਚ ਲੋਕਾਂ ਨੇ ਆਦਰਸ਼ਵਾਦੀ ਨਾਇਕਾਂ ਨੂੰ ਯਥਾਰਥਵਾਦੀ ਧਰਾਤਲ 'ਤੇ ਲਿਆ ਕੇ ਪੇਸ਼ ਕੀਤਾ ਹੈ, ਭਾਵੇਂ ਉਹ ਆਦਰਸ਼ ਪਾਤਰ ਸ਼ਿਵਜੀ ਹੀ ਕਿਉਂ ਨਾ ਹੋਵੇ।

ਇਨ੍ਹਾਂ ਗੀਤਾਂ ਦੇ ਵਿਸ਼ਲੇਸ਼ਣ ਸਮੇਂ ਇਹ ਤੱਥ ਵਾਰ-ਵਾਰ ਪ੍ਰਮਾਣਿਤ ਹੁੰਦਾ ਹੈ ਕਿ ਕਈ ਵਾਰ ਝੂਠੀ ਚੇਤਨਾ ਨਾਲ ਜੁੜੀਆਂ ਭਾਵਨਾਵਾਂ ਨੂੰ ਵੀ ਮਾਨਸਿਕਤਾ ਦਾ ਹਿੱਸਾ ਬਣਾ ਦਿੱਤਾ ਜਾਂਦਾ ਹੈ ਤੇ ਇਹ ਕੰਮ ਸੱਤਾਧਾਰੀ ਹਾਕਮਾਂ ਤੋਂ ਲੈ ਕੇ ਪਾਦਰੀ ਪਰੋਹਿਤ ਸਦੀਆਂ ਦੇ ਪ੍ਰਚਾਰ ਨਾਲ ਕਰਦੇ ਹਨ। ਇਹੀ ਭਾਵਨਾਵਾਂ ਅਨੇਕਾਂ ਰੂਪਾਂ ਵਿਚ ਵੀ ਆ ਪ੍ਰਗਟ ਹੁੰਦੀਆਂ ਹਨ। ਇੱਥੇ ਮਰਦ ਵੱਲੋਂ ਸਦੀਆਂ ਤੋਂ ਕੀਤੇ ਜਾਂਦੇ ਪ੍ਰਚਾਰ ਨੂੰ ਔਰਤ ਵੀ ਸੱਚ ਮੰਨ ਲੈਂਦੀ ਹੈ ਕਿ ਮੁੰਡੇ ਨਾਲ ਹੀ ਜਹਾਨ ਵਿਚ ਜੜ੍ਹ ਹਰੀ ਰਹਿੰਦੀ ਹੈ। ਕਦੇ ਕੋਈ ਨਹੀਂ ਪੁੱਛਦਾ ਕਿ ਲੜਕੀ ਵੀ ਮਰਦ ਦੇ ਬੀਜ ਦੀ ਪੈਦਾਵਾਰ ਹੈ, ਫਿਰ ਉਸ ਨਾਲ ਉਸ ਦੀ ਜੜ੍ਹ ਕਿਉਂ ਨਹੀਂ ਲੱਗਦੀ?

ਲੋਕ ਗੀਤ ਬਾਹਰੀ ਦਬਾਵਾਂ ਨੂੰ ਝੱਲਣ ਲਈ ਪ੍ਰਮੁੱਖ ਤੌਰ 'ਤੇ ਦੋ ਤਰ੍ਹਾਂ ਦੇ ਤਰੀਕੇ ਅਪਣਾਉਂਦੇ ਹਨ। ਪਹਿਲਾ ਗਹਿਰ ਗੰਭੀਰ ਵਿਸ਼ਿਆਂ ਰਾਹੀਂ ਮਨ ਦਾ ਕਥਾਰਸਿਸ ਕਰਕੇ ਪ੍ਰਸਥਿਤੀਆਂ ਨੂੰ ਸਹਿਣਯੋਗ ਬਣਾਇਆ ਜਾਂਦਾ ਹੈ। ਦੂਸਰਾ ਤਰੀਕਾ ਹੈ ਪ੍ਰਸਥਿਤੀਆਂ ਨੂੰ ਮਜ਼ਾਕ ਵਿਚ ਉਡਾ ਦੇਣਾ। ਸਦੀਆਂ ਦੀਆਂ ਦਬਾਅ ਵਾਲੀਆਂ ਪ੍ਰਸਥਿਤੀਆਂ ਨੂੰ ਪੰਜਾਬੀ ਲਤੀਫਿਆਂ ਰਾਹੀਂ, ਆਪਣੇ ਉਪਰ ਹੱਸ ਕੇ ਸਹਿਣਯੋਗ ਬਣਾਉਂਦੇ ਆ ਰਹੇ ਹਨ। ਔਰਤ ਸਮਾਜਿਕ ਦਬਾਵਾਂ ਨੂੰ ਸਿੱਠਣੀਆਂ ਰਾਹੀਂ ਤੇ ਢੋਲਕ ਗੀਤਾਂ ਰਾਹੀਂ ਗਾ ਕੇ ਸਹਿੰਦੀ ਹੈ। ਇਹ ਤੇ ਹੋਰ ਬਹੁਤ ਸਾਰੇ ਵਿਚਾਰ ਇਹਨਾਂ ਗੀਤਾਂ ਦੇ ਵਿਸ਼ਲੇਸ਼ਣ ਤੋਂ ਬਾਅਦ ਸਾਡੇ ਸਾਹਮਣੇ ਆਉਂਦੇ ਹਨ, ਜਿਨ੍ਹਾਂ ਦੇ ਰੂਬਰੂ ਪਾਠਕ ਇਸ ਪੁਸਤਕ ਨੂੰ ਪੜ੍ਹਨ ਸਮੇਂ ਹੋਣਗੇ।

ਲੰਬੇ ਲੋਕ ਗੀਤਾਂ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ ਵੱਖਰੀ ਭਾਂਤ ਦਾ ਬਿਰਤਾਂਤ ਹੈ। ਇਨ੍ਹਾਂ ਲੋਕ ਗੀਤਾਂ ਦੇ ਬਿੰਬ ਤੇ ਪ੍ਰਤੀਕ ਬੜੇ ਮੌਲਿਕ ਤੇ ਸਿੱਧੇ ਲੋਕ ਜੀਵਨ ਨਾਲ ਜੁੜੇ ਹੋਏ ਹਨ। ਜਦੋਂ ਮੱਖੀਆਂ ਦਾ ਉਡਣਾ ਕੁੜੀਆਂ ਦੇ ਸਹੁਰੇ ਜਾਣ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਹੈ ਤਾਂ ਸਰੋਤਾ ਲੋਕ ਕਵਿੱਤ੍ਰੀਆਂ ਦੀ ਸੂਝ ਦੀ ਦਾਦ ਦਿੱਤੇ ਬਗੈਰ ਨਹੀਂ ਰਹਿ ਸਕਦਾ। ਇਵੇਂ ਹੀ 'ਚਿੜੀਆਂ ਦੇ ਦੁੱਧ' ਦੀ ਮੰਗ ਤੇ 'ਸੱਪਾਂ ਦੀ ਪੀਂਘ ਪਾਉਣ' ਦੀ ਇੱਛਾ ਆਦਿ ਤੋਂ ਅਮੀਰ ਕਲਪਨਾ ਦੇ ਝਲਕਾਰੇ ਦੇਖੇ ਜਾ ਸਕਦੇ ਹਨ।




ਇੱਥੇ ਪਾਠਕਾਂ ਦੀ ਉਤਸੁਕਤਾ ਨੂੰ ਜਗਾਉਣ ਦੀ ਇੱਛਾ ਕਾਰਨ ਕੁਝ ਪੱਖ ਦਿੱਤੇ ਗਏ ਹਨ। ਬਾਕੀ ਦੇ ਪੱਖ ਉਹ ਮੇਰੇ ਵਾਂਗ ਲੋਕ ਗੀਤਾਂ ਦੇ ਨਾਲ ਨਾਲ ਤੁਰਦਿਆਂ ਦੇਖ ਸਕਣਗੇ। ਮੈਨੂੰ ਉਮੀਦ ਹੈ ਕਿ ਜਿਵੇਂ ਲੋਕ ਗੀਤਾਂ ਦੀ ਪੈੜ ਨੂੰ ਪਾਠਕਾਂ ਨੇ ਭਰਵਾਂ ਹੁੰਗਾਰਾ ਭਰਿਆ ਹੈ, ਇਵੇਂ ਹੀ ਉਹ ਇਸ ਪੁਸਤਕ ਵਿਚ ਵੀ ਦਿਲਚਸਪੀ ਲੈਣਗੇ ਅਤੇ ਆਪਣੀਆਂ ਰਾਵਾਂ ਨਾਲ ਵੀ ਜਾਣੂ ਕਰਵਾਉਣਗੇ।

ਅੰਤ ਵਿਚ ਮੈਂ ਬੇਹੱਦ ਧੰਨਵਾਦੀ ਹਾਂ ਡਾ. ਜੋਗਿੰਦਰ ਸਿੰਘ ਕੈਰੋਂ ਹੋਰਾਂ ਦਾ ਜਿਹਨਾਂ ਨੇ ਇਸ ਪੁਸਤਕ ਦੇ ਦੋ ਸ਼ਬਦ ਲਿਖਣੇ ਸਵੀਕਾਰ ਕੀਤੇ ਅਤੇ ਇਹਨਾਂ ਸ਼ਬਦਾਂ ਰਾਹੀਂ ਇਸ ਪੁਸਤਕ ਬਾਰੇ ਕੀਮਤੀ ਰਾਇ ਵੀ ਦਿੱਤੀ।

**– ਕਰਮਜੀਤ ਸਿੰਘ**
**ਪੰਜਾਬੀ ਵਿਭਾਗ, ਕੁਰੂਕਸ਼ੇਤਰਾ ਯੂਨੀਵਰਸਿਟੀ**

# ਬਾਬਾ ਸੋਹਣ ਸਿੰਘ ਭਕਨਾ

## (4 ਜਨਵਰੀ 1870 ਤੋਂ 20 ਦਸੰਬਰ 1968)



ਗਦਰ ਪਾਰਟੀ ਦੇ ਮੁਖੀ ਅਤੇ ਬਾਨੀ ਬਾਬਾ ਸੋਹਣ ਸਿੰਘ ਭਕਨਾ ਜਿਹਨਾਂ ਨੇ ਸੈਂਕੜੇ ਯੋਧਿਆਂ ਦੇ ਮਨਾਂ ਵਿਚ ਦੇਸ਼ ਭਗਤੀ ਦਾ ਬੀਜ ਬੀਜਿਆ ਅਤੇ ਇਸ ਨੂੰ ਅੱਗੇ ਵਧਾਇਆ। ਬਾਬਾ ਸੋਹਨ ਸਿੰਘ ਭਕਨਾ ਦਾ ਨੌਜਵਾਨਾਂ ਨੂੰ ਸੰਦੇਸ਼ ਪ੍ਰੋਫੈਸਰ ਮਾਲਵਿੰਦਰ ਸਿੰਘ ਦੁਆਰਾ ਭੇਜੀ ਪੁਸਤਕ ਹਾਲ ਹੀ ਵਿਚ ਮੈਨੂੰ ਮਿਲੀ। ਬਾਬਾ ਸੋਹਣ ਸਿੰਘ ਭਕਨਾ ਦਾ ਜੀਵਨ ਸੰਘਰਸ਼ ਭਰਿਆ ਅਤੇ ਆਮ ਸਧਾਰਨ ਪਰਿਵਾਰ ਨਾਲ ਸਬੰਧਤ ਹੋਣ ਕਾਰਨ ਉਹਨਾਂ ਨੇ ਬਚਪਨ ਤੋਂ ਅਖੀਰ ਤੱਕ ਜੂਝਣ ਦਾ ਤਜਰਬਾ ਹੀ ਹਾਸਲ ਕੀਤਾ। ਬਚਪਨ ਤੋਂ ਅਖੀਰ ਤਕ ਜੂਝਣ ਦਾ ਤਜਰਬਾ ਹੀ ਹਾਸਿਲ ਕੀਤਾ। ਚੜ੍ਹਦੀ ਜਵਾਨੀ ਵੇਲੇ ਹੀ ਓਹ ਮੁਹਾਵੇ ਵਾਲੇ ਨਾਮਧਾਰੀ ਇਨਕਲਾਬੀ ਬਾਬਾ ਕੇਸਰ ਹੁਰਾਂ ਦੀ ਸੰਗਤ ਸਦਕਾ ਹੀ ਏਧਰ ਤੁਰੇ ਅਤੇ ਫਿਰ ਅਮਰੀਕਾ ਸੀ ਜਾਂ ਹਿੰਦੁਸਤਾਨ ਓਹਨਾਂ ਨੇ ਪਿਛੇ ਮੁੜ ਕੇ ਨਾ



ਵੇਖਿਆ। 1914 ਵਿਚ **'ਕਾਮਾ ਗਾਟਾ ਮਾਰੂ'** ਜਹਾਜ਼ ਭਾਰਤ ਮੁੜਣ ਦੌਰਾਨ ਬਾਬਾ ਭਕਨਾ ਦੀ ਅਗਵਾਈ ਹੇਠ ਪਹੁੰਚੇ ਬਹੁਤ ਸਾਰੇ ਗਦਰੀਆਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਹੋਰ ਸਾਥੀਆਂ ਨਾਲ ਓਹਨਾਂ ਨੂੰ ਵੀ ਫਾਂਸੀ ਦੀ ਸਜ਼ਾ ਹੋਈ ਜੋ ਬਾਅਦ ਵਿਚ ਉਮਰ-ਕੈਦ ਵਿਚ ਵਟ ਗਈ ਅਤੇ ਓਹ ਕਾਲੇਪਾਣਿਆਂ ਦੀ ਨਰਕੀ ਸੈਲੂਲਰ ਜੇਲ੍ਹ ਵਿਚ ਬੰਦ ਕਰ ਦਿੱਤੇ ਗਏ । ਅਗੋਂ ਜੋ ਓਹਨਾਂ ਅਤੇ ਓਹਨਾਂ ਦੇ ਸਾਥੀਆਂ ਤੇ ਬਣੀਆਂ ਓਹ ਹੁਣ ਇਤਿਹਾਸ ਹੈ, ਜੋ ਪ੍ਰੋ: ਮਲਵਿੰਦਰ ਜੀਤ ਸਿੰਘ ਵੜੈਚ ਹੁਰਾਂ ਵਲੋਂ ਬਾਬਾ ਜੀ ਬਾਰੇ ਸੰਪਾਦਿਤ ਪੁਸਤਕ "ਜੀਵਨ ਸੰਗਰਾਮ" ਵਿਚੋਂ ਲੜੀਵਾਰ ਲੇਖ **ਹਫਤਾਵਾਰੀ ਅਖਬਾਰ 'ਦੇਸ਼ ਦੁਆਬਾ'** ਵਿਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ!

**– ਪਸ਼ੌਰਾ ਸਿੰਘ ਢਿੱਲੋਂ**

### (ਦੂਜੀ ਕਿਸ਼ਤ)

### ਬਾਬਾ ਕੇਸਰ (ਕੇਸਰ ਸਿੰਘ) ਦੀ ਸੰਗਤ

ਇਹ ਮਹਾਂ ਪੁਰਸ਼ ਪਿੰਡ ਮਹਾਵਾ (ਅਟਾਰੀ ਸ਼ਾਮ ਸਿੰਘ ਲਾਗੇ) ਜ਼ਿਲ੍ਹਾ ਅੰਮ੍ਰਿਤਸਰ ਦੇ ਵਸਨੀਕ ਸਨ ਅਤੇ ਬਾਬਾ ਰਾਮ ਸਿੰਘ ਦੀ ਚਲਾਈ ਨਾਮਧਾਰੀ ਲਹਿਰ ਦੇ ਪੈਰੋਕਾਰ ਸਨ। ਪਰ ਹੁਣ ਉਹ ਮਜ਼ਹਬੀ ਰੀਤਾਂ ਤੇ ਮੱਤਾਂ ਦੇ ਦਾਇਰਿਆਂ ਤੋਂ ਉਪਰ ਉਠ ਚੁੱਕੇ ਸਨ। ਉਹ ਸੱਚੇ ਅਧਿਆਤਮਕਵਾਦੀ ਤੇ ਏਕਤਾ ਦੀ ਮੂਰਤੀ ਸਨ। ਹਿੰਦੂ, ਸਿੱਖ, ਮੁਸਲਿਮ, ਇਸਾਈ, ਉਹਨਾਂ ਲਈ ਇਨਸਾਨ ਹੋਣ ਦੇ ਨਾਤੇ ਸਭ ਇਕੋ ਜਿਹੇ ਸਨ। ਉਹ ਸਾਰਿਆਂ ਨਾਲ ਕਿਸੇ ਛੂਤ-ਛਾਤ ਦੇ ਪਰਹੇਜ਼ ਬਿਨਾਂ ਸੱਚਾ ਵਰਤਾਓ ਕਰਦੇ ਸਨ। ਆਪ ਗ੍ਰੰਥ ਸਾਹਿਬ ਦੀ ਬਾਣੀ ਦੇ ਅੱਛੇ ਵਿਦਵਾਨ ਵੀ ਸਨ। ਪੂਜਾ ਤੇ ਪਾਖੰਡ ਦੇ ਵਿਰੋਧੀ ਸਨ। ਉਚੇ ਦਰਜੇ ਦੇ ਤਿਆਗੀ ਤੇ ਦਇਆਵਾਨ ਸਨ। ਮਜ਼ਹਬੀ ਰੀਤਾਂ ਤੋਂ ਰਹਿਤ ਹੁੰਦਿਆਂ ਹੋਇਆਂ ਵੀ ਨਾਮਧਾਰੀਆਂ ਵਿਚ ਉਹਨਾਂ ਦੀ ਬੜੀ ਇੱਜ਼ਤ ਸੀ, ਤੇ ਅਜੇ ਤੱਕ ਹੈ। ਸੰਨ 1896 ਦੇ ਸ਼ੁਰੂ ਵਿਚ ਇਕ ਵਾਰੀ ਉਹ ਸਾਡੇ ਪਿੰਡ ਆਏ। ਉਹਨਾਂ ਦੇ ਨਾਲ ਰਾਗੀ ਵੀ ਸਨ, ਜੋ ਬਾਬਾ ਜੀ ਦੀ ਸੰਗਤ ਨਾਲ ਉਹਨਾਂ ਦੇ ਵਿਚਾਰ ਗ੍ਰਹਿਣ ਕਰ ਚੁੱਕੇ ਸਨ। ਉਹ ਬਗੈਰ ਲਾਲਚ ਦੇ ਆਪਣਾ ਫਰਜ਼ ਸਮਝ ਕੇ ਕੀਰਤਨ ਕਰਦੇ। ਮੈਂ ਆਪਣੀ ਆਦਤ ਅਨੁਸਾਰ ਗਰਮੀ ਦੀ ਰੁੱਤੇ ਸ਼ਾਮ ਨੂੰ ਬਾਹਰ ਜਾਂਦਾ ਧਰਮਸ਼ਾਲਾ ਪਾਸੋਂ ਲੰਘਿਆ ਤਾਂ ਉਥੇ ਦੀਵਾਨ ਸਜਿਆ ਹੋਇਆ ਸੀ। ਮੈਂ ਅਯਾਸ਼ੀ ਗਾਣੇ ਤਾਂ ਮਰਾਸੀਆਂ ਕੋਲੋਂ ਲੱਗਭੱਗ ਹਰ ਰੋਜ਼ ਹੀ ਸੁਣਦਾ ਰਿਹਾ ਹੋਵਾਂਗਾ, ਪਰ ਇਹ ਮੇਰੇ ਲਈ ਇਕ ਨਵਾਂ ਤਜਰਬਾ ਸੀ। ਇਹ ਰਾਗੀ ਫਰੀਦ ਜੀ ਦੇ ਸਲੋਕ ਐਸੇ ਵੈਰਾਗ ਨਾਲ ਗਾ ਰਹੇ ਸਨ ਕਿ ਮੇਰੇ ਦਿਲ ਨੇ ਅੱਗੋਂ ਤੁਰਨੋਂ ਨਾਂਹ ਕਰ ਦਿੱਤੀ ਅਤੇ ਮੈਂ ਦੀਵਾਨ ਵਿਚ ਜਾ ਬੈਠਾ। ਜਦ ਦੀਵਾਨ ਸਮਾਪਤ ਹੋਇਆ ਤਾਂ ਬਾਬਾ ਜੀ ਨੇ ਆਪਣੇ ਵਿਚਾਰ ਸਪਸ਼ਟ ਕੀਤੇ ਜਿਹੜੇ ਕਿ ਮਜ਼ਹਬੀ ਫਿਰਕਾਪ੍ਰਸਤੀ ਤੇ ਦੂਸਰੇ ਧਾਰਮਿਕ ਵਹਿਮਾਂ ਤੋਂ ਰਹਿਤ ਸਨ, ਏਕਤਾ ਤੇ ਪ੍ਰੇਮ ਵੱਲ ਲਿਜਾਣ ਵਾਲੇ ਸਨ, ਮੇਰੇ ਦਿਲ ਲੱਗੇ।

ਮੈਂ ਅਰਜ਼ ਕੀਤੀ, "ਬਾਬਾ ਜੀ ਅੱਜ ਰਾਤ ਭੋਜਨ ਸਾਡੇ ਪਾਸ ਕਰੋ।" ਉਹਨਾਂ ਮੰਨ ਲਿਆ। ਪਰਸ਼ਾਦ ਪਿੱਛੋਂ ਸਾਡੇ ਘਰ ਹੀ ਦੀਵਾਨ ਲੱਗਿਆ। ਸਾਰਾ ਪਿੰਡ ਹੁੰਮ-ਹੁੰਮਾ ਕੇ ਇਕੱਠਾ ਹੋਇਆ ਕਿ ਇਹ ਉਲਟੀ ਗੰਗਾ ਕਿੱਧਰ ਨੂੰ ਚੱਲਣ ਲੱਗ ਪਈ ਹੈ? ਦੀਵਾਨ ਦੀ ਸਮਾਪਤੀ ਤੇ ਪਿੰਡ ਦੇ ਬਜ਼ੁਰਗਾਂ ਤੇ ਮੇਰੀ ਧਰਮ ਮਾਤਾ ਜੀ ਨੇ ਬਾਬਾ ਜੀ ਨੂੰ ਅਰਜ਼ ਕੀਤੀ ਕਿ "ਮਹਾਰਾਜ! ਜੇ ਕਿਤੇ ਸੋਹਣ ਸਿੰਘ ਸੁਧਰ ਜਾਵੇ ਤਾਂ ਸਮਝੋ ਸਾਰਾ ਪਿੰਡ ਹੀ ਸੁਧਰ ਗਿਆ।" ਬਾਬਾ ਜੀ ਨੇ ਸਭ ਨੂੰ ਧੀਰਜ ਦਿੱਤਾ।

ਅਗਲੀ ਸਵੇਰ ਮੈਂ ਬਾਬਾ ਜੀ ਨੂੰ ਵਿਦਾ ਕਰਨ ਗਿਆ ਤਾਂ ਬਾਬਾ ਜੀ ਨੇ ਕਿਹਾ, "ਪੁੱਤਰ ਇਹ ਨਾ ਸਮਝੀਂ ਕਿ ਮੈਂ ਤੈਨੂੰ ਸ਼ਰਾਬ ਪੀਣ ਜਾਂ ਮਾਸ ਖਾਣ ਤੋਂ ਜਾਂ ਹੋਰ ਕਿਸੇ ਆਦਤ ਤੋਂ ਰੋਕਾਂਗਾ। ਬੇਸ਼ੱਕ ਕਰਦਾ ਰਹੁ। ਪਰ ਕਦੇ-ਕਦੇ ਮਿਲਦਾ ਰਿਹਾ ਕਰ, ਹਾਂ, ਜੇ ਇਹਨਾਂ ਆਦਤਾਂ ਨੂੰ ਦਿਲੀ-ਨਫਰਤ ਹੋ ਜਾਣ ਕਰਕੇ ਛੱਡ ਦੇਵੇਂ ਤਾਂ ਤੇ ਠੀਕ ਹੈ ਨਾ?" ਬਾਬਾ ਜੀ ਦੀ ਇਸ ਸਚਾਈ ਨੇ ਮੇਰੇ ਦਿਲ ਨੂੰ ਪ੍ਰਭਾਵਿਤ ਕੀਤਾ। ਜੇ ਉਹ ਸ਼ਰਾਬ ਵਗੈਰਾ ਛੱਡਣ ਲਈ ਕਹਿੰਦੇ ਤਾਂ ਸ਼ਾਇਦ ਮੇਰੇ ਤੇ ਇੰਨਾ ਅਸਰ ਨਾ ਹੁੰਦਾ।

ਇਕ ਹਫਤੇ ਪਿੱਛੋਂ ਬਾਬਾ ਜੀ ਨੇ ਫਿਰ ਦਰਸ਼ਨ ਦਿੱਤੇ। ਤੀਜੇ ਪਹਿਰ ਜਦ ਉਹ ਜੰਗਲ ਸ਼ੌਚ ਲਈ ਬਾਹਰ ਵੱਲ ਗਏ ਤਾਂ ਮੈਂ ਵੀ ਨਾਲ ਗਿਆ। ਵਿਹਲੇ ਹੋ ਕੇ ਇਕ ਰੁੱਖ ਹੇਠ ਇਕਾਂਤ ਵਿਚ ਜਾ ਬੈਠੇ। ਬਾਬਾ ਜੀ ਨੇ ਆਵਾਜ਼ ਦਿੱਤੀ। ਮੈਂ ਜਾ ਕੇ ਸਾਹਮਣੇ ਬੈਠ ਗਿਆ। ਬਾਬਾ ਜੀ ਛੇਤੀ ਹੀ ਦੂਸਰੇ ਨੂੰ ਸਮਝ ਜਾਂਦੇ ਸਨ। ਉਹਨਾਂ ਦੀ ਬੁੱਧੀ ਤੇਜ਼ ਤੇ ਸਾਫ ਸੀ ਤੇ ਸੱਚੇ ਗਿਆਨੀ ਤੇ ਨਿਰਸਵਾਰਥ ਸਨ। ਉਹਨਾਂ ਮੈਨੂੰ ਪਹਿਲਾ ਸਵਾਲ ਕੀਤਾ, "ਪੁੱਤਰ, ਕੀ ਤੂੰ ਇਸ ਸਰੀਰ ਨੂੰ ਨਿੱਤ ਮੰਨਦਾ ਹੈਂ? ਮੈਂ ਜਵਾਬ ਦਿੱਤਾ ਕਿ ਨਹੀਂ, ਇਹ ਅਨਿੱਤ (ਨਾਸ਼ਵਾਨ) ਹੈ।

(ਨੋਟ:- ਐਸ਼-ਪ੍ਰਸਤਾਂ ਕੋਲ ਕਈ ਐਸੇ ਸਾਧ ਫਕੀਰ ਵੀ ਆਉਂਦੇ ਹਨ ਜਿਹਨਾਂ ਨੂੰ ਸ਼ਰਾਬ ਦੀ ਆਦਤ ਹੁੰਦੀ ਹੈ। ਉਹ ਆਪਣੇ ਆਪ ਨੂੰ ਛੁਪਾਉਣ ਲਈ ਮਾਅਰਫਤ (ਬ੍ਰਹਮ ਗਿਆਨ) ਦੀਆਂ ਗੱਲਾਂ ਬਾਤਾਂ ਵੀ ਕਰਦੇ ਹਨ। ਇਸ ਲਈ ਮੈਨੂੰ ਮਾਅਰਫਤ ਦੀਆਂ ਰਮਜ਼ਾਂ ਦਾ ਵੀ ਕੁਝ ਭੇਤ ਸੀ।)

ਬਾਬਾ ਜੀ ਦੀ ਕਥਨੀ ਸਾਫ, ਸਪਸ਼ਟ ਅਤੇ ਸਮਝਾਉਣ ਦਾ ਢੰਗ ਬਹੁਤ ਸਾਦਾ ਸੀ। ਉਹਨਾਂ ਨੇ ਐਸੇ ਸਾਦੇ ਤੇ ਸਾਫ ਤਰੀਕੇ ਨਾਲ ਸਮਝਾਇਆ ਕਿ ਮੇਰੀ ਆਤਮਾ ਨੇ ਪ੍ਰਵਾਨ ਕਰ ਲਿਆ ਕਿ ਸੱਚਮੁਚ ਇਹ ਰਸਤਾ ਤਬਾਹੀ ਦਾ ਹੈ। ਮੈਨੂੰ ਸਮਝ ਆ ਗਈ ਕਿ ਇਹ 'ਯਾਰ ਲੋਕ' ਮੇਰੇ ਦੋਸਤ ਨਹੀਂ ਵੈਰੀ ਹਨ।

ਬਾਬਾ ਜੀ ਤਾਂ ਚਲੇ ਗਏ ਪਰ ਉਸ ਦਿਨ ਤੋਂ ਮੇਰੀ ਪਿਛਲੀ ਸੰਗਤ ਮੇਰੇ ਦਿਲੋਂ ਲਹਿਰ ਗਈ। ਮੈਂ ਫੈਸਲਾ ਕਰ ਲਿਆ ਕਿ ਅੱਜ ਤੋਂ ਇਸ ਮੰਡਲੀ ਵਿਚ ਨਹੀਂ ਜਾਵਾਂਗਾ ਤੇ ਨਾ ਹੀ ਸ਼ਰਾਬ ਪੀਵਾਂਗਾ। ਮੇਰੇ ਵਿਚ ਇਕ ਆਦਤ ਸ਼ੁਰੂ ਤੋਂ ਰਹੀ ਹੈ ਕਿ ਮੈਂ ਦੁਫਸਲਾ ਨਹੀਂ ਰਹਿ ਸਕਦਾ। ਜਿਸ ਨੂੰ ਇਕ ਵਾਰ ਠੀਕ ਸਮਝ ਲਿਆ, ਬੱਸ ਸਮਝ ਲਿਆ। ਅਗਲੇ ਦਿਨ ਮੈਂ ਸ਼ਰਾਬਖ਼ਾਨੇ ਨਾ ਗਿਆ। ਸ਼ਰਾਬੀ ਦੋਸਤ ਆਏ ਤੇ ਪੁੱਛਣ ਲੱਗੇ, "ਗੱਲ ਕੀ ਹੈ, ਤੁਸੀਂ ਕੱਲ੍ਹ ਆਏ ਨਹੀਂ? ਅੱਜ ਵੀ ਅਸੀਂ ਉਡੀਕਦੇ ਰਹੇ ਫਿਰ ਸੋਚਿਆ ਕਿ ਪਤਾ ਤਾਂ ਕਰੀਏ।"

ਮੈਂ ਜਵਾਬ ਵਿਚ ਕੁਝ ਨਾ ਕਿਹਾ। ਪਰ ਘਰੋਂ ਜਾ ਕੇ ਅੱਧੀ ਬੋਤਲ ਸ਼ਰਾਬ ਦੀ, ਜੋ ਬਚੀ ਪਈ ਸੀ, ਲੈ ਆਇਆ ਤੇ ਉਹਨਾਂ ਦੇ ਸਾਹਮਣੇ ਜ਼ਮੀਨ ਤੇ ਮਾਰ ਕੇ ਤੋੜ ਦਿੱਤੀ। ਮੈਂ ਰੁੱਖੇ ਤੇ ਦ੍ਰਿੜ੍ਹ ਭਾਵ ਨਾਲ ਕਿਹਾ, "ਮੈਂ ਅੱਜ ਤੋਂ ਸ਼ਰਾਬ ਪੀਣੀ ਛੱਡ ਦਿੱਤੀ ਹੈ। ਤੁਸੀਂ ਮੈਨੂੰ ਕਦੇ ਬੁਲਾਉਣ ਨਹੀਂ ਆਉਣਾ" ਸਭ ਹੈਰਾਨ ਤੇ ਨਿਰਾਸ਼ ਹੋ ਕੇ ਮੁੜ ਗਏ।"

ਸਾਡੀ ਢਾਣੀ ਵਿਚ ਇਕ ਸੀ ਜੱਗੂ ਬਾਹਮਣ। ਉਹ ਕੋਹਰੀਆਂ ਦਾ ਮਸ਼ਹੂਰ ਡਾਕੂ ਸੀ ਤੇ ਪੁਲਿਸ ਕਲੋਂ ਮਫਰੂਰ ਹੋਇਆ ਮੇਰੇ ਕੋਲ ਰਹਿੰਦਾ ਸੀ। ਕਹਿਣ ਲੱਗਾ, "ਸਰਦਾਰ ਜੀ, ਤੁਸਾਂ ਬਹੁਤ ਚੰਗਾ ਕੀਤੈ।" ਸੋ ਬੁਰੇ ਆਦਮੀਆਂ ਵਿਚ ਭਲੇ ਵੀ ਹੁੰਦੇ ਹਨ। ਬੁਰੇ ਆਦਮੀ ਤੋਂ ਘ੍ਰਿਣਾ ਨਹੀਂ ਕਰਨੀ ਚਾਹੀਦੀ। ਉਸ ਨਾਲ ਅਜਿਹਾ ਵਰਤਾਓ ਕਰੀਏ ਜਿਵੇਂ ਬਾਬਾ ਜੀ ਨੇ ਮੇਰੇ ਨਾਲ ਕੀਤਾ। ਪਰ ਮੈਂ ਇਹ ਨਹੀਂ ਕਹਿੰਦਾ ਕਿ ਨਿਰਾ ਉਪਦੇਸ਼ ਹੀ ਸਾਰੇ ਬੰਦਿਆਂ ਨੂੰ ਸੁਧਾਰ ਸਕਦਾ ਹੈ। ਜੇ ਇੰਝ ਹੁੰਦਾ ਤਾਂ ਅੰਗਰੇਜ਼ ਸਾਮਰਾਜੀਏ ਬਹੁਤ ਚਿਰ ਪਹਿਲਾਂ ਹੀ ਭਾਰਤ ਛੱਡ ਜਾਂਦੇ। ਫਿਰ ਵੀ ਬੇਗ਼ਰਜ਼ ਪਿਆਰ ਤੇ ਸੁੱਚੀ ਦਲੀਲ ਕਈ ਵਾਰ ਕਾਟ ਕਰ ਜਾਂਦੀ ਹੈ।

ਇਹ ਦੂਸਰਾ ਪਲਟਾਅ ਬਾਬਾ ਜੀ ਦੀ ਸੰਗਤ ਤੇ ਕ੍ਰਿਪਾ ਨਾਲ ਮੇਰੇ ਜੀਵਨ ਵਿਚ ਆਇਆ। ਹੁਣ ਬਾਬਾ ਜੀ ਦੇ ਜੀਵਨ ਦੀਆਂ ਕੁਝ ਅੱਖੀਂ ਡਿੱਠੀਆਂ ਮਿਸਾਲਾਂ ਤੁਹਾਡੇ ਸਾਹਮਣੇ ਰੱਖਣੀਆਂ ਹਨ ਤਾਂ ਕਿ ਹਰ ਪਾਠਕ ਨੂੰ ਪਤਾ ਲੱਗ ਸਕੇ ਕਿ ਮਹਾਂਪੁਰਸ਼ਾਂ ਦੇ ਲੱਛਣ ਕੀ ਹੁੰਦੇ ਹਨ। ਉਹ ਕਿਸ ਤਰ੍ਹਾਂ ਖੁਸ਼ੀ ਅਤੇ ਗ਼ਮੀ ਵਿਚ ਇਕਸਾਰ ਰਹਿੰਦੇ ਹਨ ਤੇ ਮਾਇਆਧਾਰੀਆਂ ਦੀ ਕੁੜਿੱਕੀ ਤੋਂ ਕਿਵੇਂ ਬਚਦੇ ਹਨ। ਗਰੀਬਾਂ ਨਾਲ ਸੱਚਾ ਪਿਆਰ ਕਰਦੇ ਹੋਏ ਫਿਰਕਾ-ਪ੍ਰਸਤੀ, ਛੂਤ-ਛਾਤ ਤੋਂ ਉਪਰ ਉਠ ਕੇ ਕਿਸ ਤਰ੍ਹਾਂ ਉਹ ਸਰਕਾਰ ਦੀਆਂ ਚਾਲਾਂ, ਇੱਜ਼ਤ, ਲਾਲਚ ਤੇ ਦਬਾਅ ਦਾ ਮੁਕਾਬਲਾ ਕਰਦੇ ਹਨ।

**ਪਹਿਲੀ–** ਨਾਮਧਾਰੀ ਲਹਿਰ ਵਿਚ ਅੰਗਰੇਜ਼ਾਂ ਦਾ ਪੂਰਾ ਬਾਈਕਾਟ ਸੀ, ਵਿਦੇਸ਼ੀ ਮਾਲ ਦਾ ਹੀ ਨਹੀਂ ਬਲਕਿ ਅੰਗਰੇਜ਼ੀ ਡਾਕਖਾਨੇ ਦਾ ਵੀ। ਬਾਬਾ ਜੀ, ਇਸ ਬਾਈਕਾਟ ਦੇ ਪੂਰਨ ਹਾਮੀ ਹੁੰਦਿਆਂ ਇਸ ਦਾ ਪਾਲਨ ਕਰਦੇ ਤੇ ਕਰਾਉਂਦੇ ਸਨ।

**ਦੂਸਰੀ–** ਬਾਬਾ ਜੀ ਦੀ ਸੰਗਤ ਵਿਚ ਹਿੰਦੂ, ਸਿੱਖ-ਈਸਾਈ ਆਦਿ ਸਾਰੇ ਸ਼ਾਮਲ ਹੁੰਦੇ। ਉਹ ਬਗੈਰ ਕਿਸੇ ਛੂਤ-ਛਾਤ ਦੇ ਵਿਚਾਰ ਦੇ ਹਰ ਇਕ ਦੇ ਘਰੋਂ ਖਾ ਲੈਂਦੇ। ਇਕ ਵਾਰ ਦੀ ਗੱਲ ਹੈ, ਬਾਬਾ ਜੀ ਕਿਤੋਂ ਬਾਹਰੋਂ ਆਪਣੇ ਪਿੰਡ (ਮਹਾਵਾ) ਵੱਲ ਆ ਰਹੇ ਸਨ। ਬਰਸਾਤ ਦਾ ਮੌਸਮ ਸੀ। ਬਰਸਾਤ ਦੇ ਦਿਨੀਂ ਮਹਾਵੇ ਦੀ ਰੋਹੀ ਵਿਚ ਬਹੁਤ ਪਾਣੀ ਚੜ੍ਹ ਜਾਂਦਾ ਹੈ। ਜਦ ਬਾਬਾ ਜੀ ਰੋਹੀ ਦੇ ਕੰਢੇ ਨੇੜੇ ਪਹੁੰਚੇ ਤਾਂ ਕੀ ਦੇਖਦੇ ਹਨ ਕਿ ਇਕ 'ਅਛੂਤ' ਛੇੜੂ ਮੁੰਡਾ ਰੋਹੀਉਂ ਪਾਰ ਇਕ ਰੁੱਖ ਹੇਠਾਂ ਬੁਖਾਰ ਨਾਲ ਬੇਹੋਸ਼ ਪਿਆ ਹੈ। ਬਾਬਾ ਜੀ ਨੇ ਉਹਨੂੰ ਮੋਢਿਆਂ ਤੇ ਚੁੱਕ ਲਿਆ ਤੇ ਉਹਦੇ ਘਰ ਛੱਡ ਆਏ।

ਬਾਬਾ ਜੀ ਦੇ ਘਰ ਮੁੜਨੋਂ ਪਹਿਲਾਂ ਹੀ ਕਿਸੇ ਨੇ ਦੱਸਿਆ ਕਿ ਅੱਜ ਬਾਬਾ ਜੀ ਇਕ ਅਛੂਤ ਮੁੰਡੇ ਨੂੰ ਮੋਢਿਆਂ ਤੇ ਚੱਕ ਕੇ ਲਿਆਏ ਹਨ। ਜਦ ਬਾਬਾ ਜੀ ਘਰ ਆਏ ਤਾਂ ਘਰ ਵਾਲਿਆਂ ਨੇ ਪੁੱਛਿਆ, "ਕੀ ਤੁਸੀਂ ਇਸ਼ਨਾਨ ਕਰੋਗੇ?" ਬਾਬਾ ਜੀ ਨੇ ਪੁੱਛਿਆ, "ਕਿਉਂ ਕੀ ਗੱਲ ਹੈ?"

ਜਵਾਬ ਮਿਲਿਆ "ਤੁਸੀਂ ਇਕ ਅਛੂਤ ਬੱਚੇ ਨੂੰ ਚੁੱਕ ਕੇ ਲਿਆਏ ਹੋ" ਬਾਬਾ ਜੀ ਨੇ ਹੱਸ ਕੇ ਕਿਹਾ, "ਇਸ਼ਨਾਨ ਕਰਨ ਦੀ ਕੀ ਲੋੜ ਹੈ? ਮੈਂ ਤਾਂ ਇਕ ਬਿਮਾਰ ਬੱਚੇ ਨੂੰ ਚੁੱਕ ਕੇ ਲਿਆਇਆ ਹਾਂ ਤੇ ਪਵਿੱਤਰ ਹੋ ਗਿਆ ਹਾਂ ਨਾ ਕਿ ਭਰਿਸ਼ਠ।"

ਤੀਸਰੀ ਮਿਸਾਲ– ਜਿਸ ਤਰ੍ਹਾਂ ਬਾਬਾ ਜੀ ਦਾ ਤਿਆਗ ਉਚ ਕੋਟੀ ਦਾ ਸੀ ਉਸੇ ਤਰ੍ਹਾਂ ਹੀ ਰਾਜਨੀਤੀ ਵਿਚ ਵੀ ਤਾਕ ਸਨ। ਇਕ ਵਾਰੀ ਅੰਗਰੇਜ਼ ਡਿਪਟੀ ਕਮਿਸ਼ਨਰ (ਅੰਮ੍ਰਿਤਸਰ) ਬਾਬਾ ਜੀ ਦੀ ਮਸ਼ਹੂਰੀ ਬਣ ਕੇ ਉਹਨਾਂ ਨੂੰ ਵੇਖਣ ਲਈ ਆਇਆ। ਸਿਆਲ ਦੇ ਦਿਨ ਸੀ।

ਬਾਬਾ ਜੀ ਧੁੱਪੇ ਬੈਠੇ ਸਰੀਰ ਦੀ ਮਾਲਿਸ਼ ਅਤੇ ਧੁੱਪ-ਇਸ਼ਨਾਨ ਕਰ ਰਹੇ ਸਨ। ਉਹਦੇ ਨਾਲ ਤਹਿਸੀਲਦਾਰ, ਜ਼ੈਲਦਾਰ ਅਤੇ ਹੋਰ ਵੀ ਕਾਫੀ ਅਮਲਾ ਸੀ। ਬਾਬਾ ਜੀ ਨੂੰ ਬਿਨਾਂ ਪੁਸ਼ਾਕ ਵੇਖ ਕੇ ਉਹ ਥੋੜ੍ਹੀ ਦੂਰ ਖੜ੍ਹੇ ਹੋ ਗਏ। ਮੈਂ ਵੀ ਉਥੇ ਹੀ ਸਾਂ ਤੇ ਉਹਨਾਂ ਦੀ ਝਿਜਕ ਨੂੰ ਸਮਝ ਕੇ ਕਿਹਾ, "ਝਿਜਕਣ ਦੀ ਕੋਈ ਲੋੜ ਨਹੀਂ। ਬਾਬਾ ਜੀ ਤਾਂ ਆਪਣੀ ਮੌਜ ਵਿਚ ਬੈਠੇ 'ਸਨ ਬਾਥ' (ਧੁੱਪ-ਇਸ਼ਨਾਨ) ਲੈ ਰਹੇ ਹਨ। ਜੋ ਗੱਲ ਕਰਨੀ ਹੈ ਬੇਸ਼ੱਕ ਕਰ ਲਵੋ।" ਇਹ ਸੁਣ ਕੇ ਡੀ. ਸੀ. ਘੋੜੇ ਤੋਂ ਉਤਰਿਆ ਤੇ ਟੋਪੀ ਲਾਹ ਕੇ ਹੱਥ ਵਿਚ ਫੜ ਲਈ।

ਕੋਲ ਜਾ ਕੇ ਉਹਨੇ ਪਹਿਲਾ ਸਵਾਲ ਕੀਤਾ, "ਬਾਬਾ ਜੀ ਆਪ ਕੇ ਚੇਲੇ ਕਿਤਨੇ ਹੈਂ?"

ਬਾਬਾ ਜੀ ਨੇ ਜਵਾਬ ਦਿੱਤਾ, "ਕੋਈ ਭੀ ਨਹੀਂ। ਯਿਹ ਸਭ ਮੇਰੇ ਸਾਥੀ ਹੈਂ ਔਰ ਮੈਂ ਖੁਦ ਚੇਲਾ ਹੂੰ।"

ਕੁਝ ਚਿਰ ਚੁੱਪ ਰਹਿਣ ਪਿੱਛੋਂ ਉਹਨੇ ਕਿਹਾ, "ਬਾਬਾ ਜੀ ਅਗਰ ਆਪ ਪਸੰਦ ਕਰੇਂ ਤੋਂ ਮੈਂ ਆਪ ਕੇ ਲੜਕੋਂ ਕੋ ਜ਼ਮੀਨ ਕੇ ਮੁਰੱਬੇ ਦੇ ਸਕਤਾ ਹੂੰ।"

ਬਾਬਾ ਜੀ ਨੇ ਜਵਾਬ ਦਿੱਤਾ, "ਆਪ ਮੇਰੇ ਬੱਚੋਂ ਕਾ ਫਿਕਰ ਨਾ ਕਰੇਂ। ਉਨ ਲੋਗੋਂ ਕਾ ਖਿਆਲ ਕਰੇਂ ਜਿਨ ਕੇ ਪਾਸ ਜੋਤਨੇ ਕੇ ਲੀਏ ਜ਼ਮੀਨ ਨਹੀਂ ਹੈ।"

ਡਿਪਟੀ ਕਮਿਸ਼ਨਰ ਚੁੱਪ ਹੋ ਗਿਆ ਤੇ ਸਲਾਮ ਕਰਕੇ ਚਲਦਾ ਹੋਇਆ।

**ਕੁਝ ਹੋਰ ਮਿਸਾਲਾਂ–** ਕਈ ਮਾਇਆਧਾਰੀ ਰੁਪਏ ਰੱਖ ਕੇ ਮੱਥਾ ਟੇਕਣ ਦੀ ਕੋਸ਼ਿਸ਼ ਕਰਦੇ ਕਿ ਇਹ ਲੰਗਰ ਲਈ ਹਨ। ਪਰ ਬਾਬਾ ਜੀ ਨੇ ਕਿਸੇ ਦਾ ਰੁਪਿਆ ਨਹੀਂ ਲਿਆ। ਉਹਨਾਂ ਦੇ ਲੜਕੇ ਖੇਤੀ ਕਰਦੇ ਤੇ ਉਸ ਤੋਂ ਆਉਣ ਜਾਣ ਵਾਲਿਆਂ ਦਾ ਅਨੰਦ ਪਾਣੀ ਚਲਦਾ। ਉਹਨਾਂ ਦਾ ਜੀਵਨ ਬਹੁਤ ਸਾਦਾ ਸੀ। ਇਕ ਛੋਟੀ ਜਿਹੀ ਕੱਚੀ ਕੁਟੀਆ ਜੋ ਬਾਹਰ ਖੇਤਾਂ ਵਿਚ ਸੀ, ਉਹਦੇ ਵਿਚ ਰਹਿੰਦੇ ਤੇ ਬਗੈਰ ਨਮਕ ਦੇ ਦਾਲ ਭਾਜੀ ਖਾਂਦੇ। ਮੈਂ ਵੀ ਬਾਬਾ ਜੀ ਦੀ ਸੰਗਤ ਕਰਕੇ 12 ਸਾਲ ਨਮਕ ਨਹੀਂ ਖਾਧਾ। ਇਹ ਕੋਈ ਅਸਚਰਜ ਦੀ ਗੱਲ ਨਹੀਂ ਹੈ। ਕਿਉਂਕਿ ਜਦ ਤਿੰਨ ਚਾਰ ਮਹੀਨੇ ਬਗੈਰ ਨਮਕ ਦੇ ਦਾਲ ਭਾਜੀ ਖਾਈਏ ਤਾਂ ਫਿਰ ਦਾਲਾਂ ਤੇ ਭਾਜੀਆਂ ਵਿਚਲਾ ਕੁਦਰਤੀ ਨਮਕ ਹੀ ਨਮਕ ਵਰਗਾ ਲੱਗਣ ਲੱਗ ਪੈਂਦਾ ਹੈ।




ਬਾਬਾ ਜੀ ਹਰ ਵਕਤ ਇੰਨੇ ਖੁਸ਼ ਰਹਿੰਦੇ ਤੇ ਸਾਥੀਆਂ ਨੂੰ ਵੀ ਇੰਨਾ ਖੁਸ਼ ਰੱਖਦੇ ਕਿ ਉਹਨਾਂ ਤੋਂ ਵਿਛੜਨ ਨੂੰ ਦਿਲ ਨਹੀਂ ਕਰਦਾ ਸੀ।

ਇਕ ਵਾਰੀ 1896-97 ਵਿਚ ਪਲੇਗ ਦੀ ਬਿਮਾਰੀ ਪੈਣ ਨਾਲ ਘਰਾਂ ਦੇ ਘਰ ਖਾਲੀ ਹੋ ਗਏ। ਬਾਬਾ ਜੀ ਦੇ ਪਰਿਵਾਰ ਦੀਆਂ ਸਭ ਇਸਤਰੀਆਂ ਪਲੇਗ ਦੀ ਭੇਟਾ ਹੋ ਗਈਆਂ। ਸਿਰਫ ਉਹਨਾਂ ਦੀ ਇਕ ਪੋਤਰੀ ਬਚੀ ਜਿਸਨੂੰ ਮੇਰੀ ਪਤਨੀ ਨੇ ਲੈ ਕੇ ਪਾਲਿਆ। (ਅੱਜ ਉਹ ਲੜਕੀ ਪੁੱਤਰਾਂ ਪੋਤਰਿਆਂ ਵਾਲੀ ਹੈ ਤੇ ਸਾਡੇ ਨਾਲ ਪੂਰਾ ਪਿਆਰ ਕਰਦੀ ਹੈ।) ਜਿਸ ਦਿਨ ਬਾਬਾ ਜੀ ਦੇ ਘਰ ਰੋਟੀ ਪਕਾਉਣ ਵਾਲੀ ਕੋਈ ਇਸਤਰੀ ਨਾ ਰਹੀ, ਉਸ ਦਿਨ ਵੀ ਮੈਂ ਬਾਬਾ ਜੀ ਨੂੰ ਸਦਾ ਵਾਂਗ ਖੁਸ਼ ਵੇਖਿਆ। ਮੇਰੇ ਤੇ ਬਹੁਤ ਪ੍ਰਭਾਵ ਪਿਆ ਕਿ ਸੱਚਮੁਚ ਹੀ ਇਹ ਉਹੀ ਮਹਾਂਪੁਰਸ਼ ਹਨ, ਜਿਹਨਾਂ ਦੀ ਉਪਮਾ ਗੁਰੂ ਗ੍ਰੰਥ ਸਾਹਿਬ ਵਿਚ ਕੀਤੀ ਗਈ ਹੈ।

'ਹਰਖ ਸੋਗ ਤੇ ਰਹੇ ਅਤੀਤਾ
ਤਿਨ ਜਗ ਤੱਤ ਪਛਾਣਾ।'

ਅੱਜ ਮੈਂ ਜੋ ਜ਼ਿੰਦਗੀ ਭੋਗ ਰਿਹਾ ਹਾਂ, ਇਹ ਉਹਨਾਂ ਹੀ ਮਹਾਂਪੁਰਸ਼ਾਂ ਦੀ ਕਿਰਪਾ ਹੈ। ਨਹੀਂ ਤਾਂ ਦੋਸਤੀ ਦੇ ਲਿਬਾਸ ਵਿਚ ਦੁਸ਼ਮਣ ਛੇਤੀ ਹੀ ਮੇਰੀ ਜ਼ਿੰਦਗੀ ਖਤਮ ਕਰ ਦੇਂਦੇ।

ਬਾਬਾ ਜੀ ਦੇ ਹੁਕਮ ਅਨੁਸਾਰ ਹੋਲੇ ਦਾ ਤਿਉਹਾਰ ਗੈਰ ਮਜ਼ਹਬੀ ਢੰਗ ਨਾਲ ਭਕਨੇ ਵਿਚ ਮਨਾਇਆ ਜਾਂਦਾ ਸੀ। ਇਸ ਵਿਚ ਹਰ ਮਜ਼ਹਬ ਦੇ ਅਧਿਆਤਮਵਾਦੀ ਤੇ ਏਕਤਾ ਦੇ ਉਪਾਸ਼ਕ ਮਨੁੱਖੀ ਸ਼ੁਭ ਗੁਣਾਂ ਦਾ ਪ੍ਰਚਾਰ ਕਰਦੇ ਸਨ। ਇਹਨਾਂ ਹੋਲਿਆਂ ਦਾ ਭਾਰ ਜ਼ਿਆਦਾਤਰ ਮੈਂ ਹੀ ਚੁੱਕਦਾ ਰਿਹਾ। ਖਰਚ ਹੁੰਦਿਆਂ-ਹੁੰਦਿਆਂ ਸਾਰੀ ਜ਼ਮੀਨ ਗਹਿਣੇ ਪੈ ਗਈ। ਬਲਕਿ ਇਸ ਤੋਂ ਇਲਾਵਾ 3000 ਰੁਪਏ ਹੱਥ ਉਧਾਰ ਵੀ ਹੋ ਗਏ। ਦੁਕਾਨਾਂ ਤੋਂ ਉਧਾਰ ਮਿਲਣਾ ਵੀ ਬੰਦ ਹੋ ਗਿਆ। ਪਰ ਸੰਗਤ ਦਾ ਪ੍ਰਵਾਹ ਉਸੇ ਤਰ੍ਹਾਂ ਹੀ ਚਲਦਾ ਰਿਹਾ।

ਜਦ ਆਰਥਿਕ ਹਾਲਤ ਕਮਜ਼ੋਰ ਹੋ ਗਈ ਤਾਂ ਆਤਮਕ ਸ਼ਾਂਤੀ ਵੀ ਜਵਾਬ ਦੇਣ ਲੱਗੀ, ਤਦ ਮੈਂ ਇਕ ਦੋਸਤ ਰਾਹੀਂ ਅਮਰੀਕਾ ਤੋਂ ਪਤਾ ਕੀਤਾ। ਅਮਰੀਕਾ ਵਾਲੇ ਮਿੱਤਰ ਨੇ ਭਰੋਸਾ ਦਿਵਾਇਆ ਕਿ ਜੇ ਆਉਣਾ ਚਾਹੋ ਤਾਂ ਆ ਜਾਓ, ਮੈਂ ਤੁਹਾਡੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ। *(ਚਲਦਾ)*

# ਯੂਬਾ ਸਿਟੀ ਵਿਖੇ ਸ੍ਰੀ ਗੁਰੂ ਰਵਿਦਾਸ ਜੀ ਦਾ 638ਵਾਂ ਗੁਰਪੁਰਬ ਸ਼ਰਧਾ ਪੂਰਵਕ ਮਨਾਇਆ

(ਪਹਿਲੇ ਸਫੇ ਦੀ ਬਾਕੀ)

ਯੂਬਾ ਸਿਟੀ (ਕੈਲੇਫੋਰਨੀਆ) ਦੇ ਪ੍ਰਬੰਧਕਾਂ 'ਚ ਪ੍ਰਧਾਨ ਸ੍ਰੀ ਪ੍ਰੇਮ ਸੌਂਧੀ ਜੀ, ਸ੍ਰੀ ਸੋਹਣ ਲਾਲ ਸਹੋਤਾ ਰਿਟਾਇਰਡ ਬੀ. ਡੀ. ਓ. ਆਦਿ ਨੇ ਹਾਜ਼ਰੀ ਭਰੀ। ਸਾਰਾ ਦਿਨ ਜਿੱਥੇ ਗੁਰੂ ਘਰ 'ਚ ਕੀਰਤਨ ਦੀਵਾਨ ਤੇ ਬੁਲਾਰੇ ਆਪੋ ਆਪਣੇ ਵਿਚਾਰਾਂ ਨਾਲ ਸਤਿਗੁਰਾਂ ਦੀ ਮਹਿਮਾ ਦਾ ਗਾਇਨ ਕਰ ਰਹੇ ਸਨ, ਇੱਧਰ ਨਾਲ ਨਾਲ ਲੰਗਰ ਹਾਲ 'ਚ ਗੁਰੂ ਦੇ ਅਤੁੱਟ ਲੰਗਰ, ਮਠਿਆਈ, ਗਰਮ ਗਰਮ ਪਕੌੜੇ, ਚਾਹ, ਜਲੇਬੀਆਂ ਆਦਿ ਵਰਤਾਏ ਜਾ ਰਹੇ ਸਨ ਤਾਂ ਬਾਹਰ ਪ੍ਰਧਾਨ ਸ਼ਿੰਗਾਰਾ ਸਿੰਘ ਰੱਲ੍ਹ ਅਤੇ ਦਿਲਵਿੰਦਰ ਰੱਲ੍ਹ ਕੈਸ਼ੀਅਰ ਜੀ ਦੇ ਪਰਿਵਾਰਾਂ ਵੱਲੋਂ ਗਰਮਾ-ਗਰਮ ਛੋਲੇ ਭਟੂਰੇ, ਗੋਲ-ਗੱਪਿਆਂ ਦੇ ਸਟਾਲ ਲਗਾਏ ਗਏ ਸਨ। ਸੰਗਤਾਂ ਬਹੁਤ ਹੀ ਆਨੰਦਮਈ ਸ਼ਬਦ ਗਾਇਨ ਸਰਵਣ ਦੇ ਨਾਲ ਛਕ ਰਹੀਆਂ ਸਨ। ਲੰਗਰ ਹਾਲ 'ਚ ਗਰਮ-ਗਰਮ ਮੱਕੀ ਦੀਆਂ ਰੋਟੀਆਂ, ਸਰ੍ਹੋਂ ਦੇ ਸਾਗ ਨਾਲ ਵਰਤਾਈਆਂ ਜਾ ਰਹੀਆਂ ਹਨ। ਸਰਵ ਸ੍ਰੀ ਜਸਵਿੰਦਰ ਬੰਗਾ, ਵਿਨੋਦ ਚੁੰਬਰ ਅਤੇ ਕਰਮ ਸਿੰਘ ਬੰਗੜ ਜੀ ਨੇ ਸਮੂਹ ਸੰਗਤ ਨੂੰ ਨਿਮਰਤਾ ਸਹਿਤ ਬੇਨਤੀਆਂ ਕੀਤੀਆਂ ਕਿ ਇਸ ਤਰ੍ਹਾਂ ਪਿਆਰ ਸਤਿਕਾਰ ਸਹਿਤ ਬੇ-ਏਰੀਆ, ਫਰਿਜ਼ਨੋ ਤੇ ਸੈਕਰਾਮੈਂਟੋ ਵੀ ਦਰਸ਼ਨ ਦੇਣ ਦੀ ਕਿਰਪਾਲਤਾ ਕਰਨਾ ਜੀ। ਇਸ ਦੇ ਨਾਲ ਹੀ ਸਭ ਨੇ ਇੱਕਜੁਟਤਾ ਨਾਲ ਸੰਗਤਾਂ ਨੂੰ ਬੇਨਤੀ ਕੀਤੀ। ਬੇ-ਏਰੀਆ ਗੁਰੂ ਘਰ ਲਈ ਵੱਧ ਤੋਂ ਵੱਧ ਮਾਇਆ ਦਾ ਦਾਨ ਕਰੋ ਜੀ। ਸਟੇਜ ਸਕੱਤਰ ਸ੍ਰੀ ਰਾਮ ਸੇਵਕ ਭਾਟੀਆ ਜੀ ਨੇ ਅਖੰਡ ਪਾਠ ਦੇ ਭੋਗ ਪਾਏ ਜਾਣ ਅਤੇ ਸਮਾਪਤੀ ਮੌਕੇ ਸਮੂਹ ਗੁਰੂ ਪਿਆਰੀ ਸੰਗਤਾਂ ਦਾ ਨਿਮਰਤਾ ਸਹਿਤ ਧੰਨਵਾਦ ਕੀਤਾ ਕਿ ਤੁਸੀਂ ਸਭ ਨੇ ਜੋ ਪਿਆਰ ਸਤਿਕਾਰ ਨਾਲ ਗੁਰੂ ਘਰ ਗੁਰਪੁਰਬ ਦਿਹਾੜੇ ਤੇ ਹਾਜ਼ਰੀਆਂ ਭਰੀਆਂ ਤੇ ਸ਼ਾਂਤਮਈ ਕੀਰਤਨ ਦਰਬਾਰ 'ਚ ਸ਼ਬਦ ਗਾਇਨ ਕੀਤਾ ਤੇ ਬੁਲਾਰਿਆਂ ਨੂੰ ਸੁਣਿਆ, ਤੁਹਾਡਾ ਇਕ ਵਾਰ ਫਿਰ ਬਹੁਤ-ਬਹੁਤ ਧੰਨਵਾਦ ਕੀਤਾ ਜਾਂਦਾ ਹੈ। ਉਹਨਾਂ ਸਮੂਹ ਪ੍ਰਬੰਧਕ ਕਮੇਟੀ ਵੱਲੋਂ ਸਭ ਦਾਨੀ ਮਹਾਂਪੁਰਸ਼ਾਂ ਜਿਹਨਾਂ ਜਿਹਨਾਂ ਪਰਿਵਾਰਾਂ ਨੇ ਜਿਸ ਵੀ ਢੰਗ ਨਾਲ ਗੁਰਪਰਬ ਦਿਹਾੜੇ ਦੇ ਮੌਕੇ ਸੇਵਾ ਕੀਤੀ, ਸਭ ਦਾ ਕੋਟਿਨ ਕੋਟਿ ਧੰ-ਨਵਾਦ ਕਰਦੇ ਹਾਂ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਰਵਿਦਾਸ ਸਭਾਵਾਂ ਸੈਕਰਾਮੈਂਟੋ, ਬੇ-ਏਰੀਆ, ਪਿਟਸਬਰਗ ਤੇ ਫਰਿਜ਼ਨੋ ਤੋਂ ਮਹਾਂਰਿਸ਼ੀ ਵਾਲਮੀਕ ਸਭਾ ਯੂ. ਐਸ. ਏ. (ਯੂਬਾ ਸਿਟੀ, ਕੈਲੇਫੋਰਨੀਆ) ਆਦਿ ਸਭਾਵਾਂ ਦਾ, ਉਹਨਾਂ ਦੇ ਆਏ ਪ੍ਰਧਾਨ, ਚੇਅਰਮੈਨ, ਵਾਈਸ ਚੇਅਰਮੈਨ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ ਰਾਗੀ, ਢਾਡੀ ਜਥਿਆਂ ਦਾ ਵੀ ਸਿਰੋਪਾਓ ਨਾਲ ਸਨਮਾਨ ਕੀਤਾ ਜਿਹਨਾਂ ਨੇ ਅੱਜ ਦੇ ਦੀਵਾਨਾਂ ਵਿਚ ਸ਼ਬਦ ਗਾਇਨ ਤੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਤਰ੍ਹਾਂ ਸਮੂਹ ਮੀਡੀਆ ਦਾ ਵੀ ਕਮੇਟੀ ਨੇ ਸਿਰੋਪਾਓ ਨਾਲ ਸਨਮਾਨ ਕੀਤਾ, ਜਿਹਨਾਂ-ਜਿਹਨਾਂ ਪੱਤਰਕਾਰਾਂ ਨੇ ਹਾਜ਼ਰੀਆਂ ਭਰੀਆਂ, ਉਹਨਾਂ ਵਿਚ ਸਰਵਸ੍ਰੀ ਹਰਪਾਲ ਸਿੰਘ (ਸਾਡੇ ਲੋਕ, ਗੁਰਜਤਿੰਦਰ ਸਿੰਘ ਰੰਧਾਵਾ (ਪੰਜਾਬ ਮੇਲ), ਇੰਦਰਜੀਤ ਸਿੰਘ ਰੰਧਾਵਾ (ਖੁਸ਼ਬੂ ਪੰਜਾਬ ਦੀ) ਅਤੇ ਪ੍ਰੇਮ ਕੁਮਾਰ ਚੁੰਬਰ (ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ) ਆਦਿ ਤੋਂ ਇਲਾਵਾ ਫੋਟੋਗ੍ਰਾਫੀ ਦੇ ਮਾਹਿਰ ਇਕਬਾਲ ਜੀ ਦਾ ਵੀ ਸਿਰੋਪਾਓ ਨਾਲ ਸਨਮਾਨ ਕੀਤਾ।

# ਪਰਤ-ਦਰ-ਪਰਤ ਖੁੱਲ੍ਹਦਾ ਨਾਵਲ- ਨਿਪੱਤਾ ਰੁੱਖ



ਪ੍ਰਿੰਸੀਪਲ ਮਲੂਕ ਚੰਦ 'ਕਲੇਰ'
ਸਰੀ, ਬੀ. ਸੀ. ਕੈਨੇਡਾ
778-321-6139

ਨਾਵਲਕਾਰ ਨਦੀਮ ਪਰਮਾਰ ਹੁਰਾਂ ਦਾ 'ਨਿਪੱਤਾ ਰੁੱਖ' ਲਿਖਿਆ ਛੇਵਾਂ ਨਾਵਲ ਹੈ। ਇਸ ਤੋਂ ਪਹਿਲਾਂ ਇਸੇ ਕਾਲਮ ਤੋਂ ਚਿੱਟੀ ਮੌਤ, ਇੰਦਰਜਲ, ਪੇਸ਼ੀ, ਸਪੌਂਰਸ਼ਿਪ ਅਤੇ ਰੇਪ ਲਿਖੇ ਜਾ ਚੁੱਕੇ ਨਾਵਲ ਹਨ, ਜਿਹਨਾਂ ਨੂੰ ਪਾਠਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ ਅਤੇ ਸਾਹਿਤਕ ਹਲਕਿਆਂ ਵਿਚ ਇਹਨਾਂ ਨਾਵਲਾਂ ਦੀ ਕਾਫੀ ਚਰਚਾ ਵੀ ਹੋਈ ਹੈ।

ਨਦੀਮ ਪਰਮਾਰ ਹੁਰੀਂ ਜਿੱਥੇ ਇਕ ਸਫਲ ਨਾਵਲਕਾਰ ਹਨ, ਉਥੇ ਇਕ ਸਥਾਪਤ ਗਜ਼ਲਗੋ ਵੀ ਹਨ। ਲੇਖਕ ਨੇ ਕੇਵਲ ਗਜ਼ਲਾਂ ਹੀ ਨਹੀਂ ਲਿਖੀਆਂ ਸਗੋਂ ਗਜ਼ਲ ਦੀ ਵਿਆਕਰਣ (ਆਲੋਚਨਾ) ਨਾਂ ਦੀ ਪੁਸਤਕ ਵੀ ਲਿਖੀ ਹੈ ਜੋ ਕਿ ਨਵੇਂ ਲਿਖਾਰੀਆਂ ਵਾਸਤੇ ਬਹੁਤ ਹੀ ਲਾਹੇਵੰਦ ਹੈ।

ਲੇਖਕ ਦਾ ਲਿਖਿਆ ਹੱਥਲਾ ਨਾਵਲ (ਨਿਪੱਤਾ ਰੁੱਖ' ਦੀ ਸ਼ੁਰੂਆਤ ਨਾਟਕੀ ਢੰਗ ਲਾਹੌਰ ਅਪ੍ਰੈਲ 1945, ਵਾਢੀਆਂ ਦੀ ਰੁੱਤ ਅਤੇ ਦੁਨੀਆਂ ਦੀ ਦੂਜੀ ਲੜਾਈ ਜਿਹੜੀ ਹਾਲੇ ਵੀ ਜਾਰੀ ਸੀ, ਨਾਲ ਹੁੰਦੀ ਹੈ। ਨਾਵਲ ਵਿਚਲੀਆਂ ਘਟਨਾਵਾਂ ਲਾਹੌਰ, ਫਗਵਾੜਾ ਤਹਿਸੀਲ ਦਾ ਇਕ ਪਿੰਡ ਅਤੇ ਦਿੱਲੀ ਵਿਖੇ ਵਾਪਰਦੀਆਂ ਹਨ।

ਲੇਖਕ ਨਾਵਲ ਵਿਚ ਜ਼ਿਕਰ ਕਰਦਾ ਹੈ ਕਿ ਤਹਿਸੀਲ ਫਗਵਾੜਾ ਦੇ ਪਿੰਡ ਦਾ ਇਕ ਨੌਜਵਾਨ ਜਿਸ ਦਾ ਨਾਂ (ਅੰਬੇਰ ਸਿੰਘ' ਹੈ। ਸਿੱਖ ਨੈਸ਼ਨਲ ਕਾਲਜ ਲਾਹੌਰ ਵਿਚ ਪੜ੍ਹਦਾ ਹੈ। ਇਸ ਕਾਲਜ ਦਾ ਪ੍ਰਿੰਸੀਪਲ ਨਰਿੰਜਨ ਸਿੰਘ ਹੈ ਜੋ ਉਸ ਵੇਲੇ ਦੇ ਪ੍ਰਸਿੱਧ ਅਕਾਲੀ ਲੀਡਰ ਮਾਸਟਰ ਤਾਰਾ ਸਿੰਘ ਦਾ ਸਕਾ ਭਰਾ ਹੈ। ਪ੍ਰਿੰਸੀਪਲ ਬਹੁਤ ਹੀ ਸਖਤ ਨਿਯਮਾਂ ਵਾਲਾ ਹੈ।

ਅੰਬੇਰ ਕਾਲਜ ਦੀ ਫੁੱਟਬਾਲ ਟੀਮ ਦਾ ਕੈਪਟਨ ਹੈ। ਇਸ ਕਰਕੇ ਉਸਨੂੰ ਫੀਸਾਂ ਅਤੇ ਹੋਸਟਲ ਦਾ ਖਰਚ ਮਾਫ ਹੈ।

ਅੰਬੇਰ ਦੇ ਮਨ ਵਿਚ ਭਾਰਤੀ ਹਵਾਈ ਸੈਨਾ ਵਿਚ ਪਾਇਲਟ ਬਣਨ ਦੀ ਤਮੰਨਾ ਹੈ। ਛੁੱਟੀਆਂ ਕੱਟਣ ਪਿੰਡ ਆਉਂਦਾ ਹੈ। ਅੰਬੇਰ ਆਪਣੀ ਮਾਂ ਈਸ਼ਰੋ ਨਾਲ ਪਾਇਲਟ ਬਣਨ ਦੀ ਗੱਲ ਸਾਂਝੀ ਕਰਦਾ ਹੈ, ਪਰ ਮਾਂ ਨੰਨੀ ਨਹੀਂ ਭਰਦੀ ਕਿਉਂਕਿ ਉਹ ਵਿਧਵਾ ਹੈ। ਉਸ ਦੇ ਦੋ ਵੱਡੇ ਪੁੱਤਰ ਰਣਬੀਰ ਸਿੰਘ ਅਤੇ ਰਣਧੀਰ ਸਿੰਘ ਪਹਿਲਾਂ ਹੀ ਫੌਜ ਵਿਚ ਭਰਤੀ ਹਨ ਅਤੇ ਉਹਨਾਂ ਦੀ ਕੋਈ ਉਘ-ਸੁੱਘ ਵੀ ਨਹੀਂ ਹੈ।

ਅੰਬੇਰ ਦੀ ਤਾਈ ਨੰਦੀ ਉਸ ਨੂੰ ਆਪਣੀ ਜ਼ਮੀਨ ਜਾਇਦਾਦ ਸਾਂਭਣ ਲਈ ਕਹਿੰਦੀ ਹੈ। ''ਅੰਬੇਰ ਹੁਣ ਤੂੰ ਆਪਣੀ ਜ਼ਿੰਮੇਵਾਰੀ ਸੰਭਾਲ। ਸਾਂਭ ਆਪਣੀ ਜਗੀਰ ਖੇਤ-ਬੰਨੇ ਗੇੜਾ ਮਾਰ।''

ਪਿੰਡ ਵਿਚ ਅੰਬੇਰ ਹੁਰਾਂ ਦਾ ਟੱਬਰ 'ਬਾਬੂਆਂ ਦਾ ਟੱਬਰ' ਕਰਕੇ ਜਾਣਿਆ ਜਾਂਦਾ ਹੈ। ਇਸੇ ਲਈ ਪਿੰਡ ਵਿਚ ਜੋ ਵੀ ਅੰਬੇਰ ਨੂੰ ਮਿਲਦਾ 'ਛੋਟਾ ਬਾਬੂ' ਆਖ ਕੇ ਹੀ ਬੁਲਾਉਂਦਾ ਹੈ। ਲੇਖਕ ਨਾਵਲ ਵਿਚ ਜ਼ਿਕਰ ਕਰਦਾ ਹੈ ਕਿ ਬਾਬੂਅ ਨੂੰ ਪਿੰਡ ਵਿਚ ਪਹਿਲਾਂ ਠਾਕੁਰ ਕਹਿ ਕੇ ਬੁਲਾਉਂਦੇ ਸਨ ਪਰ ਅੰਗਰੇਜ਼ਾਂ ਦੀ ਨੌਕਰੀ ਕਰਨ ਲਈ ਠਾਕੁਰ ਨਹੀਂ ਸਿੱਖ ਲਿਖਵਾਉਣ ਨਾਲ ਭਰਤੀ ਕੀਤਾ ਜਾਂਦਾ ਸੀ। ਇਸ ਵਿਚ ਵੀ ਅੰਗਰੇਜ਼ਾਂ ਦੀ ਇਕ ਗੁੱਝੀ ਅਤੇ ਗਿਣੀ ਮਿੱਥੀ ਚਾਲ ਹੀ ਸੀ। ਜਿਸਦਾ ਜ਼ਿਕਰ ਵੀ ਲੇਖਕ ਨਾਵਲ ਵਿਚ ਕਰਦਾ ਹੈ। ਸੋ ਨੌਕਰ ਭਰਤੀ ਹੋ ਕੇ ਸਾਰੇ ਬਾਬੂ ਅਖਵਾਉਣ ਲੱਗ ਪੈਂਦੇ ਹਨ। ਜਾਂ ਲੋਕ ਆਪੇ ਸੱਦਣ ਲੱਗ ਪੈਂਦੇ ਸਨ।

ਅੰਬੇਰ ਆਪਣੀ ਜ਼ਮੀਨ ਜਾਇਦਾਦ ਵੱਲ ਸਵੇਰ-ਸ਼ਾਮ ਗੇੜਾ ਮਾਰਦਾ ਹੈ। ਜ਼ਮੀਨ ਲੱਗਭੱਗ ਪੰਝੀ ਤੀਹ ਏਕੜ ਸਾਂਝੀ ਹੈ। ਵਿਚ ਬਾਗ, ਵਿਚ ਵੰਨ-ਸੁਵੰਨੇ ਫੁੱਲ ਬੂਟੇ ਅਤੇ ਫਲਾਂ ਦੇ ਪੌਦੇ। ਉਤੋਂ ਉਹਦੀ ਭਰਵੀਂ ਜਵਾਨੀ। ਜ਼ਮੀਨ ਵਿਚ ਗੇੜਾ ਮਾਰਦੇ ਦੇ ਪੈਰ ਆਪੇ ਮੱਲੋ-ਮੱਲੀ ਜ਼ਮੀਨ ਤੋਂ ਉਠ ਪੈਂਦੇ। ਮਨ ਵਿਚ ਜਗੀਰਦਾਰਾਂ ਵਾਲੀ ਜਾਗੀਰੂ ਸੋਚ ਵੀ ਭਾਰੂ ਹੁੰਦੀ।

ਇਕ ਦਿਨ ਅੰਬੇਰ ਦਾ ਚਾਚਾ ਗੁਲਾਬਾ ਪੂਰਾ ਹੋ ਜਾਂਦਾ ਹੈ। ਕਾਲਜ ਵਿਚੋਂ ਵੀ ਚਿੱਠੀ ਆ ਜਾਂਦੀ ਹੈ। ਪ੍ਰਿੰਸੀਪਲ ਦੀ ਸਖਤ ਤਾੜਨਾ ਹੈ। ਮਾਂ ਏਅਰ ਫੋਰਸ ਵਿਚ ਭਰਤੀ ਨਾ ਹੋਣ ਬਾਰੇ ਕਹਿੰਦੀ ਹੈ ਅਤੇ ਮੰਗੇਤਰ ਗਗਨਦੀਪ ਉਰਫ ਜੀ ਡੀ ਬਾਰੇ ਦੱਸਦੀ ਹੈ ਜੋ ਕੈਨੇਡਾ ਰਹਿੰਦੀ ਹੈ ਅਤੇ ਉਸ ਦੀ ਆਪਣੀ ਨੂੰਹ ਰੱਤੋ ਦੇ ਚਾਚੇ ਦੀ ਧੀ ਹੈ। ਅੰਬੇਰ ਨੂੰ ਇਸ ਮੰਗੇਤਰ ਬਾਰੇ ਪਤਾ ਵੀ ਨਹੀਂ ਹੁੰਦਾ। ਮਾਂ ਈਸ਼ਰੋ ਅੰਬੇਰ ਨੂੰ ਇਹ ਵੀ ਕਹਿੰਦੀ ਹੈ ਕਿ ਉਹ ਸਾਂਝੇ ਪੈਸਿਆਂ ਵਿਚੋਂ ਜੋ ਉਸ ਦੇ ਬਾਪ ਮਲਕੀਤ ਸਿੰਘ ਨੇ ਮਰਨ ਤੋਂ ਪਹਿਲਾਂ ਹੀ ਡਾਕਘਰ ਵਿਚ ਅੰਬੇਰ ਦੀ ਪੜ੍ਹਾਈ ਵਾਸਤੇ ਰੱਖੇ ਹੋਏ ਸਨ, ਕਢਵਾ ਲਵੇ, ਪਾਸਪੋਰਟ ਬਣਵਾ ਲਵੇ, ਕਿਰਾਇਆ ਖਰਚੇ, ਕੈਨੇਡਾ ਚਲੇ ਜਾਵੇ। ਮਾਂ ਤਾਂ ਇਹ ਵੀ ਸਮਝਾਉਂਦੀ ਹੈ ਕਿ ਭਰਾਵਾਂ ਦੀ ਨੀਅਤ ਦਾ ਕੋਈ ਪਤਾ ਨਹੀਂ, ਕੱਲ੍ਹ ਨੂੰ ਕੀ ਹੋਵੇ?

ਅੰਬੇਰ ਰੋਜ਼ ਅਖਬਾਰ ਪੜ੍ਹਦਾ ਹੈ। ਲੜਾਈ ਜਾਰੀ ਹੈ, ਦੀ ਜਦੋਂ ਉਹ ਖਬਰ ਪੜ੍ਹਦਾ ਹੈ ਤਾਂ ਪਾਇਲਟ ਬਣਨ ਦੀ ਆਸ ਬੱਝਦੀ ਪਰ ਜਦੋਂ ਕਿਤੇ ਜੰਗਬੰਦੀ ਦੀਆਂ ਖਬਰਾਂ ਆਉਂਦੀਆਂ ਹਨ ਤਾਂ ਆਸ ਖੰਭ ਲਾ ਕੇ ਉਡ ਜਾਂਦੀ ਹੈ। ਕਿਸੇ ਨੂੰ ਮਾਂਹ ਬਾਦੀ, ਕਿਸੇ ਨੂੰ ਸਵਾਦੀ। ਇਹੋ ਜਿਹੀ ਸੀ ਹਾਲਾਤਾਂ ਦੀ ਘੁੰਮਣ ਘੇਰੀ। ਏਅਰ ਫੋਰਸ ਵਿਚੋਂ ਅੰਬੇਰ ਨੂੰ ਇਕ ਰਜਿਸਟਰੀ ਆਉਂਦੀ ਹੈ। ਚਿੱਠੀ ਅੰਗਰੇਜ਼ੀ ਵਿਚ ਹੈ। ਜਿਸ ਦਾ ਸਾਰ ਅੰਸ਼ ਕੁਝ ਇਸ ਤਰ੍ਹਾਂ ਸੀ-

''ਸਾਨੂੰ ਸਾਰਿਆਂ ਨੂੰ ਇਹ ਦੱਸਦਿਆਂ ਬਹੁਤ ਖੁਸ਼ੀ ਹੁੰਦੀ ਹੈ ਕਿ ਤੂੰ ਪਾਇਲਟ ਦੇ ਹਰ ਇਮਤਿਹਾਨ ਵਿਚੋਂ ਪਾਸ ਹੋ ਗਿਆ ਹੈਂ। ਪਰ ਸਾਨੂੰ ਇਹ ਲਿਖਦਿਆਂ ਬਹੁਤ ਦੁੱਖ ਤੇ ਅਫਸੋਸ ਹੈ ਕਿ ਅਸੀਂ ਤੈਨੂੰ ਇਮਤਿਹਾਨ ਵਿਚੋਂ ਪਾਸ ਹੋਣ ਦੇ ਬਾਵਜੂਦ ਵੀ ਹਵਾਈ ਫੌਜ ਵਿਚ ਨਹੀ ਲੈ ਸਕਦੇ ਕਿਉਂਕਿ ਤੇਰੇ ਦੱਸਣ ਮੁਤਾਬਕ ਦੋ ਸਕੇ ਭਰਾ ਤੇ ਦੋ ਚਾਚੇ ਦੇ ਪੁੱਤ ਲੜਾਈ ਵਿਚ ਪਹਿਲਾਂ ਹੀ ਲਾਪਤਾ ਹਨ, ਅਸੀਂ ਇਸ ਗੱਲ ਲਈ ਖਿਮਾ ਦੇ ਜਾਚਕ ਹਾਂ।''

ਜਦੋਂ ਅੰਬੇਰ ਮਾਂ ਨੂੰ ਦੱਸਦਾ ਹੈ ਕਿ ਮੈਂ ਪਾਇਲਟ ਵਾਸਤੇ ਨਹੀਂ ਚੁਣਿਆ ਗਿਆ ਤਾਂ ਉਸ ਦੇ ਬੋਲ ਵਿਚ ਰੁਦਨ ਸੀ। ''ਚੱਲ ਚੰਗਾ ਹੋਇਆ।'' ਉਸ ਦੀ ਮਾਂ ਸਹਿਜ ਸੁਭਾਅ ਹੀ ਸੁੱਖ ਦਾ ਸਾਹ ਲੈਂਦੀ ਬੋਲੀ। ਕੋਲ ਖੜ੍ਹੀਆਂ ਭਰਜਾਈਆਂ ਵੀ ਅੰਦਰੋਂ ਅੰਦਰੀਂ ਲੱਡੂ ਭੋਰ ਰਹੀਆਂ ਸਨ। ਇਸੇ ਕਰਕੇ ਉਹਨਾਂ ਦੇ ਮੂੰਹ ਤੇ ਖੇੜਾ ਸੀ। ਸ਼ਰੀਕ ਤਾਂ ਸ਼ਰੀਕ ਹੀ ਹੁੰਦਾ ਹੈ।




ਅੰਬੇਰ ਨੂੰ ਇਕ ਦਿਨ ਲਾਹੌਰ ਕਾਲਜ ਤੋਂ ਚਿੱਠੀ ਆਉਂਦੀ ਹੈ। ਪ੍ਰਿੰਸੀਪਲ ਦੀ ਚਿੱਠੀ ਆ। ''ਪਰਸੋਂ ਤੱਕ ਕਾਲਜ ਹਾਜ਼ਰ ਹੋਣਾ ਨਹੀਂ ਤਾਂ..।'' ਕਾਲਜ ਤੋਂ ਗੈਰ ਹਾਜ਼ਰ ਹੋਣ ਕਰਕੇ ਕਾਲਜੋਂ ਖਾਰਜ। ਹੁਣ ਮਾਂ ਨੂੰ ਲਾਹੌਰ ਜਾਣ ਦਾ ਕਿਹੜਾ ਬਹਾਨਾ ਲਾਵੇ। ਅੰਬੇਰ ਦਾ ਚਾਚਾ ਹਾਮੀ ਭਰਦਾ ਹੈ। ਉਸ ਨੂੰ ਲਾਲਚ ਹੈ ਕਿ ਉਸਦੇ ਦੋ ਪੁੱਤਰਾਂ ਦਾ ਵੀ ਲਾਹੌਰ ਤੋਂ ਪਤਾ-ਸਤਾ ਕਰੇਗਾ। ਭਰੇ ਮਨ ਨਾਲ ਅੰਬੇਰ ਲਾਹੌਰ ਕਾਲਜ ਪਹੁੰਚ ਜਾਂਦਾ ਹੈ। ਹਰ ਰੋਜ਼ ਮੈਦਾਨ ਵਿਚ ਫੁੱਟਬਾਲ ਖੇਡਣ ਦਾ ਅਭਿਆਸ ਕਰਦਾ ਹੈ ਪਰ ਘਰ ਦੇ ਫਿਕਰ ਤੇ ਚਿੰਤਾਵਾਂ ਕਰਕੇ ਪੂਰਾ ਖੇਡ ਨਹੀਂ ਹੁੰਦਾ। ਅਖੀਰ ਘਰ ਦੇ ਸਾਰੇ ਫਿਕਰ ਛਿੱਕੇ ਟੰਗ ਕੇ ਪੂਰੇ ਜੋਸ਼ੋ ਖਰੋਸ਼ ਨਾਲ ਅਭਿਆਸ ਵਿਚ ਮਗਨ ਹੋ ਜਾਂਦਾ ਹੈ। ਅੰਬੇਰ ਮੈਦਾਨ ਵਿਚ ਆਪਣੇ ਅਹੁਦੇ ਕੈਪਟਨ ਦੀ ਭੂਮਿਕਾ ਨਿਭਾਉਣ ਲੱਗ ਪਿਆ।

ਲਾਹੌਰ ਯੂਨੀਵਰਸਿਟੀ ਨਾਲ ਸਬੰਧਤ ਕਾਲਜਾਂ ਦੀਆਂ ਗਰਾਊਂਡਾਂ ਵਿਚ ਮੈਚ ਸ਼ੁਰੂ ਹੋ ਜਾਂਦੇ ਹਨ। ਹਰ ਜਿੱਤੇ ਮੈਚ ਵਿਚ ਅੰਬੇਰ ਵੱਲੋਂ ਕੀਤੇ ਜਾਂਦੇ ਇਕ ਜਾਂ ਦੋ ਗੋਲ ਜ਼ਰੂਰ ਹੁੰਦੇ ਸਨ। ਲੇਖਕ ਲਿਖਦਾ ਹੈ ਕਿ ਮਾੜੇ ਦਿਨ ਵੀ ਇਨਸਾਨ ਤੇ ਦੱਬੇ ਪੈਰੀਂ ਆ ਹੀ ਜਾਂਦੇ ਹਨ। ਐਨ ਇਸੇ ਤਰ੍ਹਾਂ ਹੋਇਆ। ਇਕ ਦਿਨ ਅੰਬੇਰ 'ਸੈਮੀ ਫਾਈਨਲ' ਦਾ ਮੈਚ ਖੇਡ ਰਿਹਾ ਸੀ। ਉਹਨਾਂ ਦੀ ਟੀਮ ਦੋ ਇਕ ਦੇ ਮੁਕਾਬਲੇ 'ਤੇ ਜਿੱਤ ਰਹੀ ਸੀ ਕਿ ਵਿਰੋਧੀ ਟੀਮ ਦੇ ਫੁੱਲ ਬੈਕ ਨੇ ਅੰਬੇਰ ਦੇ ਸੱਜੇ ਗੋਡੇ ਉਪਰ ਸੱਟ ਮਾਰੀ, ਜਿਸ ਨਾਲ ਗੋਡੇ ਦੀ ਚੱਪਣੀ ਟੁੱਟ ਗਈ। ਅੰਬੇਰ ਲੋਰਾਂ ਮਾਰਨ ਲੱਗ ਪਿਆ। ਜ਼ਮੀਨ ਉਪਰ ਲਿਟ ਗਿਆ। ਖੇਡ ਬੰਦ ਹੋ ਗਈ। ਅੰਬੇਰ ਦੀ ਥਾਂ ਨਵਾਂ ਖਿਡਾਰੀ ਬਦਲਿਆ ਗਿਆ। ਅੰਬੇਰ ਦੀ ਟੀਮ ਮੈਚ ਜਿੱਤ ਗਈ। ਅੰਬੇਰ ਦੀ ਲੱਤ ਨੂੰ ਪਲਸਤਰ ਲੱਗ ਗਿਆ। ਦੋਸਤਾਂ ਦੇ ਕਹੇ ਕਹਾਏ ਸਮਾਗਮ ਵਿਚ ਤਾਂ ਗਿਆ। ਕੈਪਟਨ ਦਾ ਕੱਪ ਅੰਬੇਰ ਦੇ ਹੱਥਾਂ ਨੂੰ ਨਸੀਬ ਨਾ ਹੋਇਆ। ਕਾਲਜ ਦੀ ਮੈਨੇਜਮੈਂਟ ਨੇ ਅੰਬੇਰ ਦਾ ਧੇਲਾ ਮੁੱਲ ਨਾ ਪਾਇਆ। ਮਨ ਦੀਆਂ ਮਨ ਵਿਚ ਹੀ ਲੈ ਕੇ ਆਪਣੇ ਕਮਰੇ ਵਿਚ ਆ ਗਿਆ।

ਅੰਬੇਰ ਦੂਜੇ ਦਿਨ ਬਿਸਾਖੀਆਂ ਦੇ ਸਹਾਰੇ ਪ੍ਰਿੰਸੀਪਲ ਨੂੰ ਮਿਲਿਆ। ਅੰਬੇਰ ਨੂੰ ਇਕ ਤਾਰ ਦਿੱਤੀ। ਤਾਏ ਦੇ ਪੁੱਤ 'ਸ਼ੰਕਰ'ਦੀ ਮੌਤ ਦੀ ਤਾਰ ਸੀ। ਅੰਬੇਰ ਦਾ ਮਨ ਭਰ ਗਿਆ। ਗੋਡੇ ਦੀ ਚੱਪਣੀ ਟੁੱਟ ਗਈ। ਟਰਾਫੀ ਵੀ ਨਾ ਮਿਲੀ, ਉਤੋਂ ਤਾਰ ਆ ਗਈ। ਪੜ੍ਹਾਈ ਅੱਧਵਾਟੇ ਛੁਟ ਗਈ। ਵੱਡੀ ਪ੍ਰਾਪਤੀ ਦੇ ਮੋਹਰੇ ਛੋਟੀਆਂ ਪ੍ਰਾਪਤੀਆਂ ਖੰਭ ਲਾ ਕੇ ਉਡ ਜਾਂਦੀਆਂ ਹਨ, ਜਿਵੇਂ ਨਾਵਲਕਾਰ ਲਿਖਦਾ ਹੈ ਕਿ ਅੰਬੇਰ ਅੰਦਰੋਂ ਅੰਦਰੀਂ ਮਿਹਣਾ ਦੇਣਾ ਚਾਹੁੰਦਾ ਹੈ, ''ਹੁਣ (ਲੱਤ) ਠੀਕ ਹੋਣ ਜਾਂ ਨਾ ਹੋਣ ਨਾਲ ਕੀ ਫਰਕ ਪੈਂਦਾ ਹੈ ਪ੍ਰਿੰਸੀਪਲ ਸਾਹਿਬ ਚੈਂਪੀਅਨਸ਼ਿਪ ਜਿੱਤਣ 'ਤੇ ਤਾਂ ਟਰਾਫੀ ਲੈਣ ਦਾ ਹੁਕਮ ਵੀ ਨਾ ਹੋਇਆ।''

ਅੰਬੇਰ ਪਿੰਡ ਆ ਜਾਂਦਾ ਹੈ। ਸਿੱਧਾ ਤਾਈ ਨੰਦੀ ਦੇ ਘਰ ਪਹੁੰਚ ਜਾਂਦਾ ਹੈ। ਸੋਗ ਵਿਚ ਸ਼ਾਮਲ ਹੋ ਜਾਂਦਾ ਹੈ।

ਅੰਬੇਰ ਹੁਰੀਂ ਬਾਗ ਦੀ ਸਾਂਭ ਸੰਭਾਲ ਤੇ ਜ਼ਮੀਨ ਦੀ ਦੇਖਭਾਲ ਕਰਨ ਲਈ ਫੱਤਾ ਤੇ ਉਸ ਦਾ ਪਰਿਵਾਰ ਮੁਜ਼ਾਹਰੇ ਵਜੋਂ ਰੱਖੇ ਹੋਏ ਹਨ।

ਖੇਤਾਂ ਵਿਚ ਤੇ ਬਾਗ ਵਿਚ ਨਿੱਤ ਜਾਂਦੇ ਅੰਬੇਰ ਨੇ ਇਕ ਦਿਨ ਫੱਤੇ ਦੀ ਧੀ ਅਨਾਰਾ ਵੇਖ ਲਈ। ਅਨਾਰਾ ਤੋਤਿਆਂ ਨੂੰ ਉਡਾਣ ਲਈ ਗੋਪੀਆ ਚਲਾਉਣ ਲੱਗਦੀ ਹੈ ਤਾਂ ਦੱਬੇ ਪੈਰੀਂ ਆ ਕੇ ਅੰਬੇਰ ਉਸਦਾ ਪਿੱਛੋਂ ਕਲਾਵਾ ਭਰਦਾ ਹੈ। ਉਸ ਨਾਲ ਜਬਰ-ਜਿਨਾਹ ਕਰਦਾ ਹੈ। ਉਹ ਦਰਦ ਦੀ ਮਾਰੀ ਚੀਕਾ ਮਾਰਦੀ ਹੈ, ਚਿਲਾਉਂਦੀ ਹੈ। ਪਰ ਮਦਦ ਤੇ ਸਾਰ ਲੈਣ ਲਈ ਕੋਈ ਨਹੀਂ ਬਹੁੜਦਾ, ਬਹੁੜਦਾ ਵੀ ਕੌਣ? ਕੌਣ ਸੀ ਉਥੇ? ਰੱਬ? ਜੋ ਆਪ ਅੰਨ੍ਹਾ ਬੋਲੇ ਤੇ ਗੂੰਗਾ ਹੈ।''

ਅਨਾਰਾ ਦੀ ਮਾਂ ਬਰਕਤੇ ਆ ਜਾਂਦੀ ਹੈ। ਅੱਧਮੋਈ ਧੀ ਦੀ ਹਾਲਤ ਵੇਖਦੀ ਹੈ। ਸਾਰੀ ਗੱਲ ਸਮਝ ਜਾਂਦੀ ਹੈ। ਬਰਕਤੇ ਨੂੰ ਆਪਣਾ ਵੀ ਚੇਤੇ ਆ ਜਾਂਦਾ ਹੈ। ਉਸ ਨੂੰ ਕਈ ਸਵਾਲਾਂ ਨੇ ਆ ਘੇਰਿਆ। ''ਕੀ ਮੇਰੇ ਨਾਲ ਵੀ ਇਹੋ ਕੁਝ ਹੋਇਆ।''

''ਕੀ ਅਸੀਂ ਜਾਗੀਰਦਾਰਾਂ ਦੀਆਂ ਨਜਾਇਜ਼ ਔਲਾਦਾਂ ਹਾਂ?'' ''ਕੀ ਉਹ ਆਪਣੀਆਂ ਹੀ ਧੀਆਂ ਨਾਂਲ ਜਬਰ-ਜਨਾਹ ਕਰਦੇ ਆ ਰਹੇ ਨੇ।''

ਨਾਵਲ ਵਿਚ ਕਈ ਨਵੇਂ ਤੇ ਲੂੰਈ ਕੰਡੇ ਖੜ੍ਹੇ ਕਰਨ ਵਾਲੇ ਸਵਾਲ ਖੜ੍ਹੇ ਹੋ ਜਾਂਦੇ ਹਨ।

ਫੱਤੇ ਦੇ ਘਰ ਮੁਰਗੀ ਦੇ ਚੂਚੇ ਹਨ। ਸ਼ਿਕਰਾ ਇਕ ਚੂਚਾ ਦਬੋਚ ਲੈਂਦਾ ਹੈ। ਦੂਜਾ ਸ਼ਿਕਰਾ ਦਿਲ ਦੀ ਬੋਟੀ ਧੀ ਨੂੰ ਦਬੋਚ ਲੈਂਦਾ ਹੈ। ਥਾਂ ਪੁਰ ਥਾਂ ਸ਼ਿਕਰੇ ਹਨ।

ਨਾਵਲ ਵਿਚ ਵਿਚਾਰ ਤੱਤ ਭਾਰੂ ਹੈ। ਸਮਾਜ ਵਿਚ ਫਿਰਕੇ ਬੇਲਗਾਮ ਸ਼ਿਕਰਿਆਂ ਦੀਆਂ ਕਰਤੂਤਾਂ ਸਮਾਜ ਦੇ ਮੱਥੇ 'ਤੇ ਕਾਲਾ ਧੱਬਾ ਹਨ। ਇਹਨਾਂ ਸ਼ਿਕਰਿਆਂ ਨੂੰ ਨਕੇਲ ਪਾਉਣਾ ਹੀ ਅਜੋਕੇ ਸਮੇਂ ਦੀ ਮੰਗ ਹੈ।

ਬਰਕਤੇ, ਅੰਬੇਰ ਦੀ ਮਾਂ ਈਸਰੋ ਨੂੰ ਉਲ੍ਹਮਾ ਦੇਣ ਜਾਂਦੀ ਹੈ। ਉਹ ਅੱਗਿਉਂ ਠੁਕਰਾਇਣ ਬਣ ਕੇ ਟੱਕਰਦੀ ਹੈ। ਖਚਰੀ ਰਾਜਨੀਤੀ ਦੀ ਖੇਡ ਖੇਡਦੀ ਹੈ। ਆਰਥਿਕ ਮਦਦ ਪੜਦੇ ਨਾਲ ਕਰ ਦੇਂਦੀ ਹੈ। ਅਨਾਰਾ ਦਾ ਮੁਕਲਾਵਾ ਧੱਕੇ ਨਾਲ ਹੀ ਤੋਰ ਦਿੱਤਾ ਜਾਂਦਾ ਹੈ। ਪੁੱਤ ਦੀ ਕਰਤੂਤ 'ਤੇ ਵੀ ਪਰਦਾ ਪਾਉਂਦੀ ਹੈ। ਨਾ ਰਹੇਗਾ ਬਾਂਸ, ਨਾ ਵੱਜੇਗੀ ਬਾਂਸਰੀ।

ਭਰਾਵਾਂ ਦੀ ਖਹਿਬਾਜ਼ੀ ਦਾ ਨਤੀਜਾ ਵੀ ਨਾਵਲ ਵਿਚ ਭਲੀ-ਭਾਂਤ ਦਿਸਦਾ ਹੈ। ਅੰਬੇਰ ਦੇ ਭਰਾ ਪਾਸਪੋਰਟ ਅਤੇ ਕੈਨੇਡਾ ਦਾ ਕਿਰਾਇਆ ਦੇਣ ਤੋਂ ਅਨਾਕਾਨੀ ਕਰਦੇ ਦਿਖਾਉਂਦੇ ਹਨ। ਉਧਰ ਅੰਬੇਰ ਦੀ ਮੰਗੇਤਰ ਦਾ ਬਾਪ ਧੀ ਦਾ ਵਿਆਹ ਜਲਦੀ ਕਰਨਾ ਚਾਹੁੰਦਾ ਹੈ। ਦੇਸ਼ ਵਿਚ ਫੈਲੀ ਗੜਬੜੀ ਕਾਰਨ ਅੰਬੇਰ ਲੇਟ ਹੋ ਜਾਂਦਾ ਹੈ। ਜੀ ਡੀ ਦਾ ਵਿਆਹ ਕਰ ਦਿੱਤਾ ਜਾਂਦਾ ਹੈ। ਅੰਬੇਰ ਦਾ ਪਾਇਲਟ ਨਾ ਬਣਨ ਅਤੇ ਟਰਾਫੀ ਨਾ ਮਿਲਣ ਵਾਂਗ ਕੈਨੇਡਾ ਜਾਣ ਦਾ ਸੁਪਨਾ ਵੀ ਤਾਰ ਤਾਰ ਹੋ ਜਾਂਦਾ ਹੈ।

ਮਾਂ ਦੇ ਕਹੇ ਕਹਾਏ ਅੰਬੇਰ ਦਾ ਵਿਆਹ ਹੋ ਜਾਂਦਾ ਹੈ। ਪਰ ਉਹ ਵੀ ਸਿਰੇ ਨਹੀਂ ਚੜ੍ਹਦਾ। ਅੰਬੇਰ ਦੀ ਵਹੁਟੀ ਗਹਿਣਾ ਗੱਟਾ ਲੈ ਕੇ ਰਫੂ ਚੱਕਰ ਹੋ ਜਾਂਦੀ ਹੈ। ਜਦੋਂ ਅੰਬੇਰ ਸ੍ਰੀਨਗਰ ਵਿਚ ਹੁੰਦਾ ਹੈ।

ਅੰਬੇਰ ਦਿੱਲੀ ਸਪੇਅਰ ਪਾਰਟਸ ਦੀ ਦੁਕਾਨ ਪਾਉਂਦਾ ਹੈ। ਚੰਗੀ ਖੱਟੀ ਹੋਣ ਲੱਗਦੀ ਹੈ। ਜ਼ਿਆਦਾ ਸ਼ਰਾਬ ਪੀਣ ਲੱਗ ਪੈਂਦਾ ਹੈ। ਸ਼ੂਗਰ ਵੱਧ ਜਾਂਦੀ ਹੈ। ਅਖੀਰ ਸਿਵਲ ਹਸਪਤਾਲ ਫਗਵਾੜਾ ਵਿਚ ਭਤੀਜਾ ਦਾਖਲ ਕਰਾ ਦਿੰਦਾ ਹੈ। ਇਕ ਵੱਡੇ ਆਕਾਰ ਦੇ ਪਿੱਪਲ ਦੇ ਰੁੱਖ ਵਰਗੇ ਵੱਡੇ ਵੱਡੇ ਖੁਆਬ ਲੈ ਕੇ ਵੀ ਜੜ੍ਹਾਂ ਖੋਖਲੀਆਂ ਹੋ ਜਾਂਦੀਆਂ ਹਨ ਤੇ ਪੱਤਿਆਂ ਰਹਿਤ ਭਾਵ ਨਿਪੱਤਾ ਰੁੱਖ ਬਣ ਜਾਂਦਾ ਹੈ।

ਅਪ੍ਰੈਲ 1945 ਦੀ ਦੂਜੀ ਸੰਸਾਰ ਜੰਗ। 15 ਅਗਸਤ 1945 ਵਿਚ ਭਾਰਤ ਨੂੰ ਆਜ਼ਾਦੀ। ਚੀਨ ਤੇ ਭਾਰਤ ਵਿਚਕਾਰ 1962 ਦੀ ਜੰਗ। 1965 ਦੀ ਭਾਰਤ ਪਾਕਿਸਤਾਨ ਵਿਚਕਾਰ ਲੜਾਈ। ਮਸਕਰੀ ਚੜ੍ਹਦਾ ਪਾਕਿਸਤਾਨ, ਮਗਰਬੀ (ਲਹਿੰਦਾ) ਪਾਕਿਸਤਾਨ ਨਾਲੋਂ ਟੁੱਟ ਕੇ ਇਕ ਅਲੱਗ ਸੁਤੰਤਰ ਦੇਸ਼ ''ਬੰਗਲਾ ਦੇਸ਼'' ਦਾ ਹੋਂਦ ਵਿਚ ਆਉਣਾ ਆਦਿ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਵੀ ਨਾਵਲ ਵਿਚ ਬਰੀਕੀ ਨਾਲ ਕੀਤਾ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਲੇਖਕ ਨੂੰ ਇਤਿਹਾਸ ਬਾਰੇ ਵੀ ਡੂੰਘਾ ਗਿਆਨ ਹੈ।

ਨਾਵਲਕਾਰ ਦੀ ਵਿਸ਼ੇ ਉਪਰ ਪਕੜ ਮਜ਼ਬੂਤ ਹੋਣੀ ਚਾਹੀਦੀ ਹੈ। ਹਾਲੇ ਨਿਪੱਤਾ ਰੁੱਖ ਨਾਵਲ ਵਿਚ ਵੀ ਨਾਵਲਕਾਰ ਨੇ ਜੋ ਵਾਪਰਦੀਆਂ ਘਟਨਾਵਾਂ ਦਾ ਜ਼ਿਕਰ ਕੀਤਾ ਹੈ, ਭਾਵ ਦਰਸਾਈਆਂ ਘਟਨਾਵਾਂ ਦੀ ਗੋਂਦ ਗੁੰਦੀ ਹੈ। ਇਕ ਵੱਡੇ ਘਰਾਣੇ ਰੂਪੀ ਸਮਾਜ ਦੀ ਖੇਰੂੰ ਖੇਰੂੰ ਹੁੰਦੀ ਦਸ਼ਾ ਨੂੰ ਲੜੀਵਾਰ ਬਾਖੂਬੀ ਨਿਭਾਇਆ ਹੈ।

ਨਾਵਲ ਵਿਚ ਕਲਪਨਾ ਤੱਤ ਵੀ ਅਸੀਂ ਭਲੀ ਭਾਂਤ ਵੇਖ ਸਕਦੇ ਹਾਂ, ਜਿਵੇਂ ''ਅੰਬੇਰ ਨੂੰ ਸੁਪਨਾ ਆਉਂਦਾ ਹੈ, ਇਕ ਚਿੱਟਾ ਘੋੜਾ ਕਿਤਿਉਂ ਆਉਂਦਾ ਹੈ, ਇਕ ਬੜੇ ਆਕਾਰ ਦਾ ਇਕ 'ਨਿਪੱਤਾ ਰੁੱਖ' ਦੇਖਦਿਆਂ ਦੇਖਦਿਆਂ ਸੁੱਕਣ ਲੱਗ ਪੈਂਦਾ ਹੈ, ਧੜੰਮ ਕਰਕੇ ਡਿੱਗ ਪੈਂਦਾ ਹੈ।

ਰੁੱਖ ਦੇ ਚੌਗਿਰਦੇ ਵਿਚ ਉਸਦੇ ਆਪਣੇ ਹੀ ਡਿੱਗੇ ਬੀਜਾਂ ਵਿਚੋਂ ਬੂਟੇ ਉੱਗਣ ਲੱਗਦੇ ਹਨ। ਉਹਨਾਂ ਦੀਆਂ ਜੜ੍ਹਾਂ ਉਸ ਦੇ ਤਣੇ ਨੂੰ ਭੁੱਖੇ ਸ਼ੇਰਾਂ ਵਾਂਗ ਖਾਣ ਲੱਗ ਪੈਂਦੀਆਂ ਹਨ ਤੇ ਨਿਪੱਤੇ ਰੁੱਖ ਦਾ ਨਾਮੋ-ਨਿਸ਼ਾਨ ਮਿਟਾ ਦਿੰਦੀਆਂ ਹਨ।'' ਨਿਪੱਤਾ ਰੁੱਖ ਦੇ ਆਪਣੇ ਹੀ ਬੀਜ ਬਖਤਾਵਰ, ਬਿਸ਼ੰਭਰ ਅਤੇ ਮਨਬੀਰ ਆਦਿ ਨੇ ਰੁੱਖ ਰੁੰਡਾ-ਮੁੰਡ ਕਰਕੇ ਨਿਗਲ ਲਿਆ।

ਨਾਵਲ ਦੇ ਪਾਤਰ ਜੋ ਹਾਲਾਤ ਵੇਖਦੇ ਹਨ, ਉਹ ਸੱਚਮੁਚ ਬਿਆਨ ਨਹੀਂ ਕਰ ਸਕਦੇ। ਪਰ ਕਹਿਣਾ ਜ਼ਰੂਰ ਚਾਹੁੰਦੇ ਹਨ ਕੇਵਲ ਮਨ ਵਿਚ ''ਅੰਬੇਰ ਦਾ ਜੀ ਕੀਤਾ ਕਿ ਉਹ ਪ੍ਰਿੰਸੀਪਲ ਨੂੰ ਪੁੱਛੇ ''ਜਿਹੜੇ ਪ੍ਰੋਫੈਸਰ ਕੁੜੀਆਂ ਨਾਲ ਕਾਲਜ ਵਿਚ ਘੰਟੇ ਬੱਧੀ ਗੱਲਾਂ ਕਰਦੇਂ ਉਹਨਾਂ ਨੂੰ ਤਾਂ ਤੁਸੀਂ ਕੁਝ ਨਹੀਂ ਕਹਿੰਦੇ?'' ਕਿਸੇ ਵੀ ਨਾਵਲ ਵਿਚ ਬੁੱਧੀ ਤੱਤ ਦਾ ਹੋਣਾ ਵੀ ਜ਼ਰੂਰੀ ਹੈ। ਇਸ ਨਾਵਲ ਵਿਚ ਵੀ ਇਹ ਤੱਤ ਅਸੀਂ ਵੇਖ ਸਕਦੇ ਹਾਂ-

"ਮਾੜਾ ਸਮਾਂ ਦੱਬੇ ਪੈਰੀਂ ਬਿਨਾਂ ਬਿੜਕ ਕੀਤਿਆਂ ਚਲਿਆ ਅਉਂਦਾ'' ''ਮਾਂ ਚਾਹੇ ਕਿੰਨੀ ਵੀ ਭੈੜੀ ਕਿਉਂ ਨਾ ਹੋਵੇ ਸਦਾ ਹੀ ਪੂਜਨੀਕ ਹੁੰਦੀ ਹੈ। ਜੋ ਉਸ ਨੂੰ ਧਿਤਕਾਰਦਾ ਹੈ, ਖੁਦ ਧਿਤਕਾਰ ਦਾ ਭਾਗੀ ਹੁੰਦਾ ਹੈ।''

ਨਾਵਲ ਵਿਚ ਵਿਚਾਰ ਤੱਤ ਵੀ ਅਸੀਂ ਭਲੀ-ਭਾਂਤ ਵੇਖ ਸਕਦੇ ਹਾਂ- ''ਬੰਦੇ ਦਾ ਅਤੀਤ ਕਦੀ ਉਸ ਦਾ ਪਿੱਛਾ ਨਹੀਂ ਛੱਡਦਾ। ਉਹ ਜਿੰਨਾ ਉਸ ਤੋਂ ਦੂਰ ਭੱਜਦਾ ਹੈ, ਉਹ ਉਨਾ ਹੀ ਉਸਦਾ ਪਿੱਛਾ ਕਰਦਾ ਹੈ।''

''ਕੁਝ ਗਲਤੀਆਂ ਤੁਹਾਡੇ ਜੀਵਨ ਨੂੰ ਸਦਾ ਲਈ ਬਦਲ ਕੇ ਰੱਖ ਦਿੰਦੀਆਂ ਹਨ। ਤੇ ਤੁਸੀਂ ਉਹਨਾਂ ਦਾ ਖਮਿਆਜ਼ਾ ਸਾਰੀ ਉਮਰ ਪਛਤਾਵੇ ਵਜੋਂ ਭੁਗਤਦੇ ਰਹਿੰਦੇ ਹੋ।''

ਕਿਸੇ ਵੀ ਲਿਖਤ ਦਾ ਸਿਰਲੇਖ ਉਸ ਦੀ ਜਿੰਦਾ ਜਾਨ ਹੁੰਦਾ ਹੈ। ਲਿਖਤ (ਰਚਨਾ) ਦਾ ਸਿਰਲੇਖ ਪੜ੍ਹ ਕੇ ਹੀ ਪਾਠਕ ਪਹਿਲੀ ਨਜ਼ਰੇ ਹੀ ਕੁਝ ਹੱਦ ਤੱਕ ਪ੍ਰਭਾਵਿਤ ਹੋ ਜਾਂਦੇ ਹਨ। ਇਸ ਨਾਵਲ ਦਾ ਸਿਰਲੇਖ 'ਨਿਪੱਤਾ ਰੁੱਖ' ਬਹੁਤ ਹੱਦ ਤੱਕ ਢੁਕਵਾਂ ਹੈ। ਨਾਵਲ ਵਿਚਲੇ ਨਾਇਕ ਅੰਬੇਰ ਸਿੰਘ ਦੇ ਸੁਪਨਿਆਂ ਦਾ ਲਖਾਇਕ ਹੈ। ਲੜੀਵਾਰ ਸੁਪਨੇ ਤਾਰ ਤਾਰ ਹੁੰਦੇ ਹਨ ਤੇ ਨਾਵਲ ਦੇ ਨਾਇਕ ਦੇ ਵੀ ਅਦਿੱਖ ਪੱਤੇ ਨਾਇਕ ਰੂਪੀ ਵੱਡ ਆਕਾਰੀ ਰੁੱਖ ਨੂੰ ਨਿਗਲ ਨਿਗਲ ਕੇ ਇਕ 'ਨਿਪੱਤਾ ਰੁੱਖ' ਕਰ ਦਿੰਦੇ ਹਨ। ਰੁੱਖ ਰੁੰਡ ਮੁੰਡ ਹੋ ਜਾਂਦਾ ਹੈ। ਰੁੱਖ ਲੁੱਟ ਪੁੱਟ ਹੋ ਗਿਆ ਹੈ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ 'ਨਿਪੱਤਾ ਰੁੱਖ' ਨਾਵਲ ਇਕ ਛੋਟੇ ਸਮਾਜ ਰੂਪੀ ਘਰਾਣੇ ਦੀ ਟੁੱਟ-ਭੱਜ ਨੂੰ ਦਰਸਾਉਂਦਾ ਹੈ। ਸਮੁੱਚੇ ਨਾਵਲ ਵਿਚ ਸਮਾਜ ਦੀਆਂ ਪਰਤ-ਦਰ-ਪਰਤ ਖੁੱਲ੍ਹਦੀਆਂ ਤੰਦਾਂ ਨੂੰ ਅਸੀਂ ਭਲੀ-ਭਾਂਤ ਵੇਖ ਸਕਦੇ ਹਾਂ। ਅੰਤ ਵਿਚ ਸੌ ਹੱਥ ਰੱਸਾ ਸਿਰੇ ਤੇ ਗੰਢ ਅਸੀਂ ਇਹੋ ਆਖਾਂਗੇ ਕਿ ਲੇਖਕ ਦੇ ਬਾਕੀ ਨਾਵਲਾਂ ਵਾਂਗ ਇਸ ਨਾਵਲ ਦੇ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਕਰਨ ਨਾਲ ਲੇਖਕ ਦੇ ਪਾਠਕਾਂ ਦਾ ਘੇਰਾ ਹੋਰ ਵਿਸ਼ਾਲ ਹੋਵੇਗਾ। ਅਸੀਂ ਇਸ ਨਾਵਲ (ਨਿਪੱਤਾ ਰੁੱਖ' ਨੂੰ ਵੀ ਜੀ ਆਇਆਂ ਕਹਿੰਦੇ ਹਾਂ।

## ਧਾਰਮਿਕ ਆਜ਼ਾਦੀ ਬਾਰੇ ਮੋਦੀ ਦੇ ਬਿਆਨ ਦਾ ਅਮਰੀਕੀ ਹਿੰਦੂਆਂ ਨੇ ਕੀਤਾ ਸਵਾਗਤ

ਪਹਿਲੇ ਸਫੇ ਦੀ ਬਾਕੀ)

ਮੁਹਿੰਮ ਨੇ ਸਾਰੇ ਮੀਡੀਆ ਦਾ ਧਿਆਨ ਖਿੱਚਿਆ ਪਰ ਅਮਰੀਕਾ, ਆਸਟਰੇਲੀਆ ਅਤੇ ਯੂਰਪ 'ਚ ਮਿਸ਼ਨਰੀਆਂ ਵੱਲੋਂ ਕੀਤੀਆਂ ਜਾਂਦੀਆਂ ਕੋਸ਼ਿਸ਼ਾਂ ਦੇ ਮੁਕਾਬਲੇ ਇਹ ਬਹੁਤ ਘੱਟ ਹਨ। ਉੱਧਰ ਸ੍ਰੀ ਮੋਦੀ ਦੇ ਬਿਆਨ ਤੋਂ ਬਾਅਦ ਅਮਰੀਕੀ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਉਹ ਭਾਰਤ ਸਮੇਤ ਪੂਰੀ ਦੁਨੀਆਂ 'ਚ ਧਾਰਮਿਕ ਸਹਿਣਸ਼ੀਲਤਾ ਅਤੇ ਆਜ਼ਾਦੀ ਦੀ ਹਮਾਇਤ ਕਰਦਾ ਹੈ।

## ਆਮ ਆਦਮੀ ਪਾਰਟੀ ਦਾ ਪੰਜਾਬ ਫਤਹਿ ਮਿਸ਼ਨ ਆਰੰਭ

(ਸਫਾ 1 ਦੀ ਬਾਕੀ)

ਕਾਂਗਰਸ ਦਾ ਤਕਰੀਬਨ ਸਫਾਇਆ ਹੋ ਚੁੱਕਾ ਹੈ। ਕਾਂਗਰਸ ਦੇ ਕਈ ਵੱਡੇ ਆਗੂ 'ਆਪ' ਵਿੱਚ ਸ਼ਾਮਲ ਹੋਣ ਲਈ ਉਨ੍ਹਾਂ ਕੋਲ ਪਹੁੰਚ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰ ਲੋਕਾਂ ਨੂੰ ਮੁੱਢਲੀਆਂ ਸਹੂਲਤਾਂ ਦੇਣ 'ਚ ਨਾਕਾਮ ਰਹੀ ਹੈ। ਮੁਲਾਜ਼ਮਾਂ ਦੀਆਂ ਤਨਖਾਹਾਂ, ਪੈਨਸ਼ਨਾਂ ਸਮੇਤ ਬੁਢਾਪਾ ਪੈਨਸ਼ਨ ਤੇ ਸ਼ਗਨ ਸਕੀਮ ਦੀਆਂ ਅਦਾਇਗੀਆਂ ਦੇਣ ਤੋਂ ਵੀ ਸਰਕਾਰ ਹੱਥ ਖੜ੍ਹੇ ਕਰ ਰਹੀ ਹੈ। ਨਸ਼ਿਆਂ ਨੇ ਰਾਜ ਦਾ ਸੱਤਿਆਨਾਸ਼ ਕਰ ਦਿੱਤਾ ਹੈ ਅਤੇ ਸਰਕਾਰ ਵਿੱਚ ਪਰਿਵਾਰਵਾਦ ਅਤੇ ਧਨਾਢ ਲਾਬੀ ਕਾਬਜ਼ ਹੋ ਚੁੱਕੀ ਹੈ।

ਉਨ੍ਹਾਂ ਦੱਸਿਆ ਕਿ ਜਤਿੰਦਰ ਮੋਦਗਿਲ ਬਾਦਲਾਂ ਵੱਲੋਂ ਨਿੱਜੀ ਹਿਤਾਂ ਲਈ ਰਾਜ ਦੇ ਸਰਮਾਏ ਦੀ ਕੀਤੀ ਜਾ ਰਹੀ ਕਥਿਤ ਲੁੱਟ ਦੇ ਅੰਕੜੇ ਇਕੱਠੇ ਕਰਨਗੇ ਅਤੇ ਉਸ ਤੋਂ ਬਾਅਦ ਸਰਕਾਰ ਦਾ ਅਸਲ ਚਿਹਰਾ ਬੇਨਕਾਬ ਕੀਤਾ ਜਾਵੇਗਾ। ਸੰਗਤ ਦਰਸ਼ਨਾਂ ਨੂੰ ਧੋਖਾਧੜੀ ਕਰਾਰ ਦਿੰਦਿਆਂ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਇਸ ਰਾਹੀਂ ਆਪਣੇ ਸਿਆਸੀ ਚਹੇਤਿਆਂ ਨੂੰ ਸਰਕਾਰੀ ਬਜਟ ਲੁਟਾ ਰਹੇ ਹਨ। ਸ਼ਹਿਰੀ ਚੋਣਾਂ ਦਾ ਬਾਈਕਾਟ ਨਾ ਕਰਨ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਵਰਕਰਾਂ ਨੂੰ ਸਾਫ਼ ਅਕਸ ਵਾਲੇ ਉਮੀਦਵਾਰਾਂ ਨੂੰ ਵੋਟਾਂ ਪਾਉਣ ਲਈ ਕਿਹਾ ਗਿਆ ਹੈ। 'ਆਪ' ਕਨਵੀਨਰ ਨੇ ਸਪਸ਼ਟ ਕੀਤਾ ਕਿ ਸੰਸਦ ਮੈਂਬਰ ਭਗਵੰਤ ਮਾਨ ਵੱਲੋਂ ਧੂਰੀ ਦੀ ਜ਼ਿਮਨੀ ਚੋਣ ਲੜਨ ਦਾ ਐਲਾਨ ਨਿੱਜੀ ਪੱਧਰ 'ਤੇ ਕੀਤਾ ਗਿਆ ਹੈ ਅਤੇ ਪਾਰਟੀ ਨੇ ਇਸ ਬਾਰੇ ਕੋਈ ਫ਼ੈਸਲਾ ਨਹੀਂ ਕੀਤਾ ਹੈ। ਸ੍ਰੀ ਛੋਟੇਪੁਰ ਨੇ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਿਸੇ ਨੂੰ ਮੁੱਖ ਮੰਤਰੀ ਵਜੋਂ ਉਭਾਰ ਕੇ ਚੋਣ ਨਹੀਂ ਲੜੀ ਜਾਵੇਗੀ ਸਗੋਂ ਚੋਣਾਂ ਤੋਂ ਬਾਅਦ ਲੋਕਤੰਤਰ ਢੰਗ ਨਾਲ ਆਗੂ ਦੀ ਚੋਣ ਕੀਤੀ ਜਾਏਗੀ।

ਐਸੀ ਲਾਲ ਤੁਝ ਬਿਨ ਕਉਨ ਕਰੈ॥ ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤ੍ਰ ਧਰੈ॥ ਰਹਾਉ॥

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ 22 ਫਰਵਰੀ ਦਿਨ ਐਤਵਾਰ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਕਸ਼ਮੀਰ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ (510-538-1138)

Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵੀਡੀ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



BRIDAL
BOUTIQUE
JEWELRY



ਕਸ਼ਮੀਰ ਸਿਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

KASH FABRICS
ONE STOP SHOPPING CENTER
29576 Mission Blvd, Hayward, CA 94544
Visit us on the Web at www.kashfabrics.com

Phone: 510-538-1138

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਵੱਲੋਂ 22 ਫਰਵਰੀ ਦਿਨ ਐਤਵਾਰ ਨੂੰ ਬੇ-ਏਰੀਆ ਵਿਖੇ ਮਨਾਏ ਜਾ ਰਹੇ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ

Siddhartha INTERNATIONAL

ਲੱਖ ਲੱਖ ਵਧਾਈਆਂ



ਸ੍ਰੀ ਗੁਰੂ ਰਵਿਦਾਸ ਜੀ

FRESH VEGETABLES
EVERY DAY



- Groceries
- Large Selection of Music
- Video & DVD Rental
- Video Conversion
- Pal and NTSC

10% Discount for Gurudwara or Mandir Grocery



36464 Fremont Blvd.
Fremont , CA 94536

Tel 510-792-8500,
Fax: 510-792-0103

ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਅਤੇ ਸਮੂਹ ਗੁਰੂ ਪਿਆਰੀ ਸਾਧ ਸੰਗਤ ਨੂੰ 22 ਫਰਵਰੀ ਨੂੰ ਸਾਹਿਬ ਸ੍ਰੀ ਗੁਰੂ ਰਵਿਦਾਸ ਜੀ ਦੇ ਮਨਾਏ ਜਾ ਰਹੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸਾਧ ਸੰਗਤ ਨੂੰ

## ਲੱਖ ਲੱਖ ਵਧਾਈਆਂ






ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ


# Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

## ਬਹੁਤ ਜਨਮ ਬਿਛੁਰੇ ਥੇ ਮਾਧਉ ਇਹੁ ਜਨਮ ਤੁਮ੍ਹਾਰੇ ਲੇਖੇ।

## ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ॥





# 15ਵਾਂ ਮਹਾਨ ਸਾਲਾਨਾ ਨਗਰ ਕੀਰਤਨ

ਧੰਨ ਧੰਨ ਸ੍ਰੀ ਗੁਰੂ ਰਵਿਦਾਸ ਜੀ ਦੇ 638ਵੇਂ ਪ੍ਰਕਾਸ਼ ਦਿਹਾੜੇ ਦੀਆਂ ਸਮੂਹ ਸੰਗਤਾਂ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਵੱਲੋਂ ਲੱਖ-ਲੱਖ ਵਧਾਈਆਂ।
15ਵਾਂ ਮਹਾਨ ਸਾਲਾਨਾ ਨਗਰ ਕੀਰਤਨ **8 ਮਾਰਚ 2015** ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋਂ ਲੈ ਕੇ ਸ਼ਾਮ 5 ਵਜੇ ਤੱਕ ਮਨਾਇਆ ਜਾ ਰਿਹਾ ਹੈ।
ਸਮੂਹ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਇਸ ਮਹਾਨ ਸਾਲਾਨਾ ਨਗਰ ਕੀਰਤਨ ਵਿਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ

## ਮਹਾਨ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਪੂਰਨ ਗੁਰੂ ਮਰਿਆਦਾ ਹੇਠ ਮਨਾਇਆ ਜਾ ਰਿਹਾ ਹੈ।

ਨਗਰ ਕੀਰਤਨ ਦੀ ਖੁਸ਼ੀ ਵਿਚ ਆਰੰਭ ਸ੍ਰੀ ਅਖੰਡ ਪਾਠ ਸਾਹਿਬ
6 ਮਾਰਚ 2015, ਸਵੇਰੇ 8 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ 8 ਮਾਰਚ, ਐਤਵਾਰ ਸਵੇਰੇ 8 ਵਜੇ
ਨਿਸ਼ਾਨ ਸਾਹਿਬ: 7 ਮਾਰਚ ਦਿਨ ਸ਼ਨੀਵਾਰ ਨੂੰ ਸ਼ਾਮੀ 3 ਵਜੇ ਚੜ੍ਹਾਏ ਜਾਣਗੇ
ਅਤੇ ਸ਼ਾਮ ਨੂੰ ਕੀਰਤਨ ਦਰਬਾਰ 6 ਵਜੇ ਤੋਂ 12 ਵਜੇ ਤੱਕ ਹੋਵੇਗਾ।

### ਨਗਰ ਕੀਰਤਨ ਵਿਚ ਜਾਂ ਗੁਰੂ ਘਰ ਵਿਖੇ ਕਿਸੇ ਵੀ ਤਰ੍ਹਾਂ ਦੀ ਸੇਵਾ ਲਈ ਸੰਪਰਕ ਕਰੋ ਜੀ:

ਗੁਰੂ ਘਰ- 916-992-1710
ਜੱਸੀ ਬੰਗਾ 916-796-5003
ਜੋਗਿੰਦਰ ਚੁੰਬਰ 916-582-1611
ਦਰਸ਼ਨ ਵਿਰਕ 916-228-0540
ਬਲਵਿੰਦਰ ਰੱਲ੍ਹ 916-425-2707
ਸਤਨਾਮ ਮੰਢਾਲੀ 916-803-0108
ਜੱਸੀ ਸ਼ੀਮਾਰ (ਪੀ. ਆਰ. ਓ.) 916-293-6030

### ਕਮੇਟੀ ਮੈਂਬਰ

ਚੇਅਰਮੈਨ- ਜਸਵਿੰਦਰ ਬੰਗਾ 916-796-5003
ਵਾਈਸ ਚੇਅਰਮੈਨ- ਦਰਸ਼ਨ ਵਿਰਕ 916-228-0540
ਪ੍ਰਧਾਨ- ਜੋਗਿੰਦਰ ਚੁੰਬਰ 916-582-1611
ਵਾਈਸ ਪ੍ਰਧਾਨ- ਸਤਨਾਮ ਮੰਢਾਲੀ 916-803-0108
ਵਾਈਸ ਪ੍ਰਧਾਨ- ਬਲਵਿੰਦਰ ਰੱਲ੍ਹ 916-425-2707
ਸਟੇਜ ਸੈਕਟਰੀ- ਜੀਵਨ ਰੱਤੂ 916-256-9393
ਸਟੇਜ ਸੈਕਟਰੀ- ਰਾਜ ਕੁਮਾਰ ਸੂਦ 916-698-3806
ਆਫਿਸ ਸੈਕਟਰੀ- ਰਾਜ ਬੱਧਣ 916-601-3842
ਕੈਸ਼ੀਅਰ- ਇੰਦਰਜੀਤ ਪਡਵੱਗਾ 916-276-2538
ਕੈਸ਼ੀਅਰ- ਸੁਰਿੰਦਰ ਮੱਲ 916-849-8530
ਕੈਸ਼ੀਅਰ- ਮਨਜੀਤ ਭਾਰਦਵਾਜ 916-743-5012
ਪੀ. ਆਰ. ਓ. ਮੀਡੀਆ- ਜਸਵਿੰਦਰ ਸ਼ੀਮਾਰ 916-293-6030
ਮੇਨਟੀਨੈਂਸ- ਕਰਨੈਲ ਵਿਰਕ 916-267-8774
ਮਨਜੀਤ ਪਾਲ 916-834-9371
ਕਿਚਨ ਮੈਨੇਜਰ- ਮਹਿੰਦਰ ਧਾਮੀ 916-470-9163

### ਲੰਗਰ ਵਰਤਾਉਣ ਅਤੇ ਹੋਰ ਸੇਵਾ ਦੇ ਲਈ ਗੁਰੂ ਘਰ ਨਾਲ ਸੰਪਰਕ ਕਰੋ ਜੀ।

### ਲੜੀਵਾਰ ਅਖੰਡ ਪਾਠ ਸਾਹਿਬ ਪ੍ਰੋਗਰਾਮਾਂ ਦਾ ਵੇਰਵਾ
### ਆਰੰਭ ਸ੍ਰੀ ਅਖੰਡ ਪਾਠ ਸਾਹਿਬ - ਭੋਗ ਸ੍ਰੀ ਅਖੰਡ ਪਾਠ ਸਾਹਿਬ

1. 19 ਫਰਵਰੀ 2015 ਤੋਂ 21 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਸ: ਲਸ਼ਕਰ ਸਿੰਘ ਬੱਧਣ ਅਤੇ ਸਮੂਹ ਪਰਿਵਾਰ ਵੱਲੋਂ
2. 20 ਫਰਵਰੀ 2015 ਤੋਂ 22 ਫਰਵਰੀ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਸੈਕਰਾਮੈਂਟੋ ਦੀਆਂ ਬੀਬੀਆਂ ਵੱਲੋਂ
3. 27 ਫਰਵਰੀ 2015 ਤੋਂ 1 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਗੁਰੂ ਰਵਿਦਾਸ ਨੌਜਵਾਨ ਸਭਾ ਆਫ ਸੈਕਰਾਮੈਂਟੋ ਵੱਲੋਂ
4. 2 ਮਾਰਚ 2015 ਤੋਂ 4 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਜੱਸੀ ਬੰਗਾ ਅਤੇ ਸਮੂਹ ਬੰਗਾ ਪਰਿਵਾਰ ਵੱਲੋਂ
5. 4 ਮਾਰਚ 2015 ਤੋਂ 6 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ ਸੰਗਤ: ਸ੍ਰੀ 108 ਸੰਤ ਬਾਬਾ ਦਰਸ਼ਨ ਦਾਸ ਜੀ ਨਗਰ ਬਰਸੀ ਸਮਾਗਮ
6. 6 ਮਾਰਚ 2015 ਤੋਂ 8 ਮਾਰਚ 2015 ਤੱਕ ਅਖੰਡ ਪਾਠ ਸਾਹਿਬ ਦੀ ਸੇਵਾ 15ਵੇਂ ਵਿਸਾਲ ਨਗਰ ਕੀਰਤਨ ਸਮੂਹ ਸੈਕਰਾਮੈਂਟੋ ਸੰਗਤ ਵੱਲੋਂ ਕੀਤੀ ਜਾਵੇਗੀ

**ਨੋਟ- ਨਗਰ ਕੀਰਤਨ ਵਾਲੇ ਦਿਨ ਅਮਰੀਕਾ ਵਿਚ ਘੜੀ ਦੀਆਂ ਸੂਈਆਂ ਇਕ ਘੰਟਾ ਪਿੱਛੇ ਹੋ ਜਾਣਗੀਆਂ**

ਹੋਰ ਜਾਣਕਾਰੀ ਲਈ ਪ੍ਰਬੰਧਕ ਕਮੇਟੀ ਜਾਂ ਭਾਈ ਨਿਰਮਲ ਸਿੰਘ ਅਤੇ ਭਾਈ ਜਸਪਾਲ ਸਿੰਘ ਨਾਲ 916-992-1710 (ਗੁਰੂ ਘਰ) ਤੇ ਸੰਪਰਕ ਕੀਤਾ ਜਾ ਸਕਦਾ ਹੈ। ਕਿਸੇ ਵੀ ਕਿਸਮ ਦੀ ਸੇਵਾ ਅਤੇ ਅਖੰਡ ਪਾਠ ਸਾਹਿਬ ਦੀ ਸੇਵਾ ਲਈ ਲਈ ਜੱਸੀ ਬੰਗਾ ਨਾਲ 916-796-5003 ਜਾਂ ਜੋਗਿੰਦਰ ਚੁੰਬਰ ਨਾਲ 916-582-1611 ਤੇ ਸੰਪਰਕ ਕਰੋ ਜੀ।

ਜਾਰੀ ਕਰਤਾ- ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਤੇ ਸਮੂਹ ਸੰਗਤ

## ਸ੍ਰੀ ਗੁਰੂ ਰਵਿਦਾਸ ਟੈਂਪਲ

6221-16th Street Rio Linda (Sacramento)
California- 95673 (Ph) 916-992-1710